"ਮਿੱਤਰਾ ਤੂੰ ਬਹੁਤ ਕੁਝ ਤਾਂ ਲੈ ਕੇ ਜਾ ਰਿਹਾ ਹੈ ਪਰ ਜ਼ਰਾ ਇਹ ਵੀ ਦੱਸੀਂ ਕਿ ਆਪਣੇ ਬਜ਼ੁਰਗਾਂ, ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਰੁਲਣ ਲਈ ਕਿਉਂ ਛੱਡ ਕੇ ਜਾ ਰਿਹਾ ਏਂ? ਕੌਣ ਬਣੇਗਾ ਉਨ੍ਹਾਂ ਦੀ ਡੰਗੋਰੀ ਜਿਨ੍ਹਾਂ ਦੇ ਆਪਣੇ ਪ੍ਰਦੇਸੀਂ ਉਡਾਰੀ ਮਾਰਨ ਲਈ ਕਾਹਲੇ ਨੇ? ਕਿਸ ਨੇ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਪਾਣੀ ਦੀ ਘੁੱਟ ਪਿਆਣੀ ਏ? ਕਿਸ ਨੇ ਭਰਨਾ ਏ ਹੁੰਗਰ ਦਾ ਹੁੰਗਾਰਾ? ਕੌਣ ਲਵੇਗਾ ਉਨ੍ਹਾਂ ਦੀ ਸਾਰ? ਕੌਣ ਉਨ੍ਹਾਂ ਦੀ ਉਡੀਕ ਨੂੰ ਆਸ ਦੇ ਪਰ ਲਾਵੇਗਾ? ਕੌਣ ਸੁੰਨੇ ਘਰ ਵਿੱਚ ਰੌਣਕ ਬਣ ਕੇ ਇਸ ਨੂੰ ਚਹਿਕਣ ਦਾ ਵਰਦਾਨ ਦੇਵੇਗਾ? ਕੌਣ ਰੋਂਦੇ ਖੇਤਾਂ ਨੂੰ ਪਲੋਸੇਗਾ ਜੋ ਬਜ਼ੁਰਗੀ ਛੋਹ ਤੋਂ ਵਿਰਵੇ ਹੋ ਰੋਣ ਹਾਕੇ ਹੋ ਜਾਣਗੇ? ਕਿਸ ਨੇ ਬੁਝੇ ਚੁੱਲ੍ਹੇ ਵਿੱਚ ਅੱਗ ਬਾਲਣੀ ਅਤੇ ਘਰ ਨੂੰ ਘਰ ਬਣਾਉਣਾ ਹੈ? ਬਹੁਤ ਕੁਝ ਛੱਡ ਕੇ ਜਾ ਰਿਹਾ ਏਂ। ਇਸ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ ਤਾਂ ਚੰਗਾ ਹੋਣਾ ਸੀ।"

"ਦੋਸਤ ਤੂੰ ਤਾਂ ਆਪਣੀਆਂ ਪੈੜਾਂ ਦੇ ਨਿਸ਼ਾਨ ਵੀ ਛੱਡ ਕੇ ਜਾ ਰਿਹਾ ਏਂ। ਖੇਤਾਂ ਵਿੱਚ ਚੋਏ ਮੁੜ੍ਹਕੇ ਤੇ ਰਾਤਾਂ ਦੀ ਹੰਘਾਲੀ ਨੀਂਦ ਦੀਆਂ ਮਿੱਠੀਆਂ ਯਾਦਾਂ ਅਤੇ ਨੰਗੇ ਪੈਰੀਂ ਗਾਹੀਆਂ ਰਾਹਾਂ-ਥਾਵਾਂ ਦੇ ਨਿਸ਼ਾਨ ਛੱਡ ਕੇ ਜਾ ਰਿਹਾ ਏਂ। ਤੂੰ ਕਦ ਪਰਤ ਕੇ ਉਨ੍ਹਾਂ ਨਾਲ ਬੀਤੇ ਦੀਆਂ ਬਾਤਾਂ ਪਾਵੇਂਗਾ?

"ਦੋਸਤ ਸ਼ਾਇਦ ਤੂੰ ਜਾਣਦਾ ਹੀ ਨਹੀਂ ਕਿ ਇੱਕ ਹੋਰ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਵਸਤ ਤੂੰ ਆਪਣੇ ਨਾਲ ਕਦੇ ਨਹੀਂ ਲਿਜਾ ਸਕੇਂਗਾ। ਉਹ ਹੈ ਗੁਰੂਆਂ ਪੀਰਾਂ ਦੀ ਛੋਹ ਮਾਣਨ ਵਾਲੀ ਮਿੱਟੀ ਦੀ ਮਹਿਕ, ਉਨ੍ਹਾਂ ਨਾਲ ਵਰਸੋਏ ਅਸਥਾਨ, ਅਕੀਦਤੀ ਵਿਰਾਸਤ। ਤੂੰ ਨਹੀਂ ਲੈ ਕੇ ਜਾ ਸਕਦਾ ਜਲ੍ਹਿਆਂਵਾਲਾ ਬਾਗ਼, ਭਗਤ ਸਿੰਘ ਦੀ ਸਮਾਧ, ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹਰਿਮੰਦਰ ਸਾਹਿਬ ਅਤੇ ਖਾਲਸਾ ਸਿਰਜਣ ਵਾਲੀ ਭੂਮੀ ਆਨੰਦਪੁਰ ਸਾਹਿਬ ਆਦਿ। ਤੂੰ ਆਪਣੇ ਬਜ਼ੁਰਗਾਂ ਦੀਆਂ ਨਿਸ਼ਾਨੀਆਂ, ਸਮਾਧਾਂ ਜਾਂ ਸਿਵਿਆਂ, ਪੀਰਾਂ ਦੀਆਂ ਥਾਵਾਂ ਨੂੰ ਕਿੰਝ ਲੈ ਕੇ ਜਾਵੇਂਗਾ?"

"ਮੇਰੇ ਪਿਆਰੇ ਤੂੰ ਚਾਹੁੰਦਾ ਹੋਇਆ ਵੀ ਆਪਣੇ ਪੁਰਾਣੇ ਮਿੱਤਰਾਂ, ਅਧਿਆਪਕਾਂ, ਰਾਹ-ਦਸੇਰਿਆਂ ਜਾਂ ਜਿਨ੍ਹਾਂ ਨਾਲ ਤੇਰੀ ਰੂਹ ਜੁੜੀ ਹੋਈ ਏ, ਉਨ੍ਹਾਂ ਨੂੰ ਨਾਲ ਨਹੀਂ ਲਿਜਾ ਸਕਦਾ। ਇਨ੍ਹਾਂ ਦੀ ਯਾਦ ਹੀ ਤੇਰੇ ਜੀਵਨ ਦਾ ਸਰਮਾਇਆ ਬਣ ਜਾਵੇਗੀ।"

"ਪ੍ਰਦੇਸੀ ਹੋਣ ਵਾਲਿਆ! ਪ੍ਰਦੇਸ ਵਿੱਚ ਤੈਨੂੰ ਬਹੁਤ ਕੁਝ ਮਿਲੇਗਾ ਜਿਸਦੀ ਚਾਹਨਾ ਤੂੰ ਮਨ ਵਿੱਚ ਪਾਲੀ ਏ। ਸਮੂਹ ਸੁੱਖ-ਸਹੂਲਤਾਂ ਅਤੇ ਜੀਵਨ ਪ੍ਰਾਪਤੀਆਂ ਤੇਰਾ ਹਾਸਲ ਹੋਣਗੀਆਂ ਪਰ ਤੇਰੇ ਮਨ ਵਿੱਚ ਇੱਕ ਚਸਕ ਜ਼ਰੂਰ ਰਹੇਗੀ।"

"ਮਿੱਤਰ, ਤੂੰ ਸਿਰਫ਼ ਅੱਧਾ-ਪਚੱਧਾ ਹੀ ਜਾ ਰਿਹਾ ਏਂ, ਪੂਰਨ ਨਹੀਂ। ਤੂੰ ਚਾਹੁੰਦਾ ਹੋਇਆ ਵੀ ਆਪਣੇ ਵਿੱਚੋਂ ਆਪਣਾ ਪਿੰਡ, ਘਰ, ਖੇਤ ਅਤੇ ਮਾਣੀਆਂ ਨਿਆਮਤਾਂ ਨੂੰ ਨਹੀਂ ਕੱਢ ਸਕਦਾ। ਫਿਰ ਕਿਵੇਂ ਕਹਿਨਾ ਏਂ ਕੁਝ ਨਹੀਂ ਲੈ ਕੇ ਜਾ ਰਿਹਾ?"

"ਮੈਨੂੰ ਤਾਂ ਇਹ ਵੀ ਪਤਾ ਹੈ ਕਿ ਤੇਰੇ ਦਿਲ ਦੇ ਕਿਸੇ ਕੋਨੇ ਵਿੱਚ ਉਨ੍ਹਾਂ ਯਾਦਾਂ ਦਾ ਸਰਮਾਇਆ ਵੀ ਪਿਆ ਹੈ ਜਿਹੜੀਆਂ ਤੇਰੇ ਦਿਲ ਦੇ ਬਹੁਤ ਕਰੀਬ ਨੇ। ਜਿਨ੍ਹਾਂ ਵਿੱਚੋਂ ਤੂੰ ਆਪਣੇ ਨਕਸ਼ ਨਿਹਾਰੇ ਸਨ। ਖ਼ੁਦ ਨੂੰ ਆਪਣੇ ਨੈਣਾਂ ਵਿੱਚ ਦੇਖਿਆ ਸੀ। ਆਪਣੇ ਰਾਹਾਂ ਨੂੰ ਮੁੜ ਤੋਂ ਨਿਹਾਰਿਆ ਸੀ। ਯਾਦ-ਜੂਹ ਵਿੱਚੋਂ ਬਹੁਤ ਕੁਝ ਤੇਰਾ ਨਸੀਬ ਬਣ ਕੇ ਤੇਰੀ ਵਿਰਾਸਤ ਦਾ ਮਾਣ ਏ।"

"ਤੂੰ ਦੱਸ ਤੇ ਭਾਵੇਂ ਨਾ ਦੱਸ, ਬਹੁਤ ਕੁਝ ਤੇਰੇ ਮਨ ਵਿੱਚ ਮਚਲਦਾ ਤੂਫ਼ਾਨ ਬਣ ਕੇ ਨਾਲ ਜਾਣ ਲਈ ਕਾਹਲਾ ਏ ਕਿਉਂਕਿ ਸੋਚਾਂ ਦੀਆਂ ਘੁੰਮਣਘੇਰੀਆਂ ਕਦੋਂ ਬੰਦੇ ਵਿੱਚੋਂ ਮਨਫ਼ੀ ਹੁੰਦੀਆਂ ਨੇ? ਮਨ ਵਿੱਚ ਕਦੋਂ ਮਿਟਦੀ ਹੈ ਤਿੜਕੇ ਸੁਫ਼ਨਿਆਂ ਦੀ ਟੀਸ? ਕਦੋਂ ਨਿਕਲਦੀ ਹੈ ਉਨ੍ਹਾਂ ਪਲਾਂ ਦੀ ਰਹਿਨੁਮਾਈ ਜਿਨ੍ਹਾਂ ਵਿੱਚ ਜੀਵਨ ਨੂੰ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਮਿਲੀ ਸੀ। ਉਹ ਵੀ ਤਾਂ ਨਾਲ ਹੀ ਲੈ ਕੇ ਜਾ ਰਿਹਾ ਏਂ।"

"ਮਿੱਤਰ ਤੂੰ ਮੁਨਕਰ ਨਾ ਹੋ ਅਤੇ ਜੋ ਚਾਹੁੰਨਾ ਏਂ ਲੈ ਜਾ ਪਰ ਆਪਣਾ ਕੁਝ ਕੁ ਅਜਿਹਾ ਛੱਡ ਜਾਵੀਂ ਕਿ ਤੇਰਾ ਆਉਣਾ-ਜਾਣਾ ਬਣਿਆ ਰਹੇ। ਤੂੰ ਕਦੇ ਕਦਾਈਂ ਆਪਣੀ ਮਾਂ ਦੇ ਸਿਵੇ ਦੀ ਪਰਿਕਰਮਾ ਕਰਨ, ਖੇਤਾਂ ਵਿੱਚ ਉੱਗਦੀ ਖਾਮੋਸ਼ੀ ਨੂੰ ਮੁਖ਼ਾਤਬ ਹੋਣ ਜਾਂ ਰਿਸ਼ਤਿਆਂ ਵਿੱਚ ਪਸਰ ਰਹੀ ਮਾਤਮੀ ਚੁੱਪ ਦਾ ਹੁੰਗਾਰਾ ਭਾਲਣ ਲਈ ਆਪਣੀ ਮਿੱਟੀ ਵੰਨੀਂ ਪਰਤਦਾ ਰਹੀਂ। ਬਹੁਤ ਕਠਿਨ ਹੁੰਦਾ ਏ ਆਪਣੇ ਆਪ ਤੋਂ ਦੂਰ ਹੋਣਾ। ਉਨ੍ਹਾਂ ਨਿਸ਼ਾਨੀਆਂ ਅਤੇ ਵਸਤਾਂ ਤੋਂ ਦੂਰੀ ਬਣਾਉਣਾ ਜਿਨ੍ਹਾਂ ਨੇ ਤੁਹਾਡੇ ਜੀਵਨ ਨੂੰ ਜਿਉਣ-ਜੋਗਾ ਕੀਤਾ ਹੋਵੇ। ਜਿਸ 'ਚੋਂ ਤੁਸੀਂ ਸੁਪਨਕਾਰੀ ਕੀਤੀ ਅਤੇ ਅੰਬਰ ਦਾ ਤਾਰਾ ਬਣਨ ਦੀ ਤਮੰਨਾ ਨੂੰ ਪੂਰਾ ਕੀਤਾ।"

"ਮਿੱਤਰ ਪ੍ਰਦੇਸ ਵਿੱਚ ਜਾ ਅਤੇ ਸੁਖੀ ਵੱਸੀਂ। ਬਹੁਤ ਕੁਝ ਖੁੱਸ ਰਿਹਾ ਏ। ਮੇਰੇ ਮਨ ਵਿੱਚ ਬਹੁਤ ਵਿਗੋਚਾ ਹੈ ਤੇਰੇ ਜਾਣ ਦਾ ਪਰ ਮੈਂ ਕੁਝ ਨਹੀਂ ਕਰ ਸਕਦਾ। ਪਰਵਾਸ ਦੀ ਹਨੇਰੀ ਵਿੱਚ ਗਵਾਚ ਰਹੀ ਇਨਸਾਨੀਅਤ, ਜੀਵਨ ਸਾਰਥਿਕਤਾ ਅਤੇ ਟੁੱਟੇ ਰਿਸ਼ਤਿਆਂ ਦੀ ਸਾਰ ਲੈਣ ਦਾ ਹੀਆ ਕੌਣ ਕਰੇਗਾ? ਵਕਤ ਹੀ ਭਲੀ ਕਰੇ!"

ਤੇ ਮੇਰਾ ਸੁਫ਼ਨਾ ਟੁੱਟ ਜਾਂਦਾ ਏ। ਤ੍ਰਭਕ ਕੇ ਅੱਭੜਵਾਹੇ ਉੱਠਦਾ ਹਾਂ ਤੇ ਸੋਚਦਾ ਹਾਂ ਕਿ ਇਹ ਸੁਫ਼ਨਾ ਹੀ ਨਹੀਂ ਸਗੋਂ ਇਹੀ ਤਾਂ ਸੱਚ ਏ ਜੋ ਅਜੋਕੇ ਸਮੇਂ ਵਿੱਚ ਵਾਪਰ ਰਿਹਾ ਏ। ਸੋਚਦਾ ਹਾਂ ਕਿ ਜੇ ਇਸ ਸੰਵੇਦਨਸ਼ੀਲ ਅਫ਼ਸਰ ਨੂੰ ਸਭ ਪਤਾ ਹੈ ਤਾਂ ਕੀ ਇਹ ਸਭ ਕੁਝ ਸਮਾਜਿਕ, ਰਾਜਨੀਤਕ ਜਾਂ ਧਾਰਮਿਕ ਰਹਿਨੁਮਾਵਾਂ ਨੂੰ ਨਹੀਂ ਪਤਾ? ਕੀ ਉਹ ਜਾਣਬੁੱਝ ਕੇ ਇਹ ਸਭ ਕੁਝ ਵਾਪਰਨ ਵਿੱਚ ਭਿਆਲ ਨੇ?

ਤੇ ਕਈ ਦਿਨ ਇਸ ਸੁਫ਼ਨੇ ਨੇ ਮੈਨੂੰ ਸੌਣ ਹੀ ਨਹੀਂ ਦਿੱਤਾ। ਸ਼ਾਇਦ ਸਾਰਿਆਂ ਨਾਲ ਅਕਸਰ ਅਜਿਹਾ ਹੀ ਵਾਪਰਦਾ ਹੋਵੇ। ਕੀ ਤੁਹਾਡੇ ਨਾਲ ਵੀ ਕਦੇ ਅਜਿਹਾ ਵਾਪਰਿਆ ਏ? ਦੱਸਣਾ ਜ਼ਰੂਰ।

# ਪੁਲੀਸ ਨੇ ਜੌਰਜ ਵਾਸ਼ਿੰਗਟਨ 'ਵਰਸਿਟੀ 'ਚ ਫਲਸਤੀਨ ਪੱਖੀਆਂ ਦੇ ਟੈਂਟ ਉਖਾੜੇ

### 33 ਵਿਦਿਆਰਥੀਆਂ ਨੂੰ ਕੀਤਾ ਗ੍ਰਿਫ਼ਤਾਰ, 'ਵਰਸਿਟੀ 'ਚ ਕੈਂਪ ਲਾਉਣ ਨੂੰ ਗ਼ੈਰਕਾਨੂੰਨੀ ਸਰਗਰਮੀ ਦੱਸਿਆ




ਸ਼ਿਕਾਗੋ : ਪੁਲੀਸ ਨੇ ਫਲਸਤੀਨ ਪੱਖੀ ਵਿਦਿਆਰਥੀਆਂ ਵੱਲੋਂ ਵਾਸ਼ਿੰਗਟਨ ਡੀਸੀ 'ਚ ਜੌਰਜ ਵਾਸ਼ਿੰਗਟਨ ਯੂਨੀਵਰਸਿਟੀ ਅੰਦਰ ਲਾਏ ਕੈਂਪਾਂ ਨੂੰ ਅੱਜ ਤੜਕੇ ਉਦੋਂ ਉਖਾੜ ਦਿੱਤਾ ਜਦੋਂ ਦਰਜਨਾਂ ਪ੍ਰਦਰਸ਼ਨਕਾਰੀਆਂ ਨੇ ਯੂਨੀਵਰਸਿਟੀ ਮੁਖੀ ਏਲੇਨ ਗਰੈਨਬਰਗ ਦੀ ਰਿਹਾਇਸ਼ ਵੱਲ ਮਾਰਚ ਕੀਤਾ। ਪੁਲੀਸ ਨੇ 33 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਪਲਾਜ਼ਾ ਦੇ ਅੱਗੇ ਐੱਚ ਸਟਰੀਟ ਅਤੇ ਯੂਨੀਵਰਸਿਟੀ ਯਾਰਡ ਖਾਲੀ ਨਾ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਯੂਨੀਵਰਸਿਟੀ ਅਧਿਕਾਰੀਆਂ ਨੇ ਵੀ ਚਿਤਾਵਨੀ ਦਿੱਤੀ ਸੀ ਕਿ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ। ਯੂਨੀਵਰਸਿਟੀ ਨੇ ਇਕ ਬਿਆਨ 'ਚ ਕਿਹਾ ਕਿ ਉਹ ਵਿਦਿਆਰਥੀਆਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰੱਖਿਆ ਲਈ ਵਚਨਬੱਧ ਹੈ ਪਰ ਕੈਂਪ ਲਾਉਣਾ ਗ਼ੈਰਕਾਨੂੰਨੀ ਸਰਗਰਮੀ ਹੈ ਜਿਸ ਨਾਲ ਯੂਨੀਵਰਸਿਟੀ ਦੀਆਂ ਨੀਤੀਆਂ ਅਤੇ ਸ਼ਹਿਰ ਦੇ ਨੇਮਾਂ ਦੀ ਸਿੱਧੀ ਉਲੰਘਣਾ ਹੁੰਦੀ ਹੈ। ਸਥਾਨਕ ਮੀਡੀਆ ਮੁਤਾਬਕ ਕੁਝ ਪ੍ਰਦਰਸ਼ਨਕਾਰੀਆਂ ਨੂੰ ਕੈਂਪ 'ਚ ਦਾਖ਼ਲ ਹੋਣ ਤੋਂ ਰੋਕਣ ਲਈ ਮਿਰਚਾਂ ਦਾ ਸਪਰੇਅ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਯੂਨੀਵਰਸਿਟੀ ਆਫ਼ ਸ਼ਿਕਾਗੋ 'ਚ ਫਲਸਤੀਨ ਪੱਖੀਆਂ ਦੇ ਕੈਂਪ ਹਟਾ ਦਿੱਤੇ ਗਏ ਸਨ। ਕਰੀਬ ਤਿੰਨ ਹਫ਼ਤੇ ਪਹਿਲਾਂ ਕੋਲੰਬੀਆ ਯੂਨੀਵਰਸਿਟੀ 'ਚ ਸ਼ੁਰੂ ਕੀਤੇ ਗਏ ਪ੍ਰਦਰਸ਼ਨਾਂ ਦਾ ਭਾਂਬੜ ਅਮਰੀਕਾ ਦੀਆਂ ਹੋਰ ਯੂਨੀਵਰਸਿਟੀਆਂ ਅਤੇ ਯੂਰੋਪ ਤੱਕ ਫੈਲ ਗਿਆ ਹੈ। ਕੁਝ ਕਾਲਜਾਂ ਨੇ ਫੌਰੀ ਪ੍ਰਦਰਸ਼ਨਾਂ 'ਤੇ ਨੱਥ ਪਾ ਲਈ ਸੀ ਪਰ ਕੁਝ ਨੂੰ ਪੁਲੀਸ ਸੱਦਣੀ ਗਈ। ਜਾਣਕਾਰੀ ਮੁਤਾਬਕ 18 ਅਪਰੈਲ ਤੋਂ ਲੈ ਕੇ ਹੁਣ ਤੱਕ 50 ਕੈਂਪਸਾਂ 'ਚ 2600 ਤੋਂ ਵਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਕਨੈਕਟੀਕਟ ਦੀ ਵੇਸਲੇਯਾਨ ਯੂਨੀਵਰਸਿਟੀ 'ਚ ਫਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਦੇ ਕੈਂਪਾਂ ਦੀ ਗਿਣਤੀ 100 ਤੋਂ ਵਧ ਹੋ ਗਈ ਹੈ। ਯੂਨੀਵਰਸਿਟੀ ਦੇ ਮੁਖੀ ਮਾਈਕਲ ਰੋਥ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਦੀ ਭਾਵਨਾ ਅਹਿਮ ਹੈ ਕਿਉਂਕਿ ਉਹ ਬੇਕਸੂਰ ਲੋਕਾਂ ਦੀਆਂ ਹੱਤਿਆਵਾਂ ਵੱਲ ਧਿਆਨ ਖਿੱਚ ਰਹੇ ਹਨ।

# ਪਰਵਾਸੀ ਭਾਰਤੀਆਂ ਨੇ 2022 ਵਿੱਚ 111 ਅਰਬ ਡਾਲਰ ਤੋਂ ਵੱਧ ਰਕਮ ਭਾਰਤ ਭੇਜੀ

ਯੁਕਤ ਰਾਸ਼ਟਰ, ਸੰਯੁਕਤ ਰਾਸ਼ਟਰ ਮਾਈਗਰੇਸ਼ਨ ਏਜੰਸੀ ਨੇ ਕਿਹਾ ਹੈ ਕਿ ਭਾਰਤ 'ਚ ਸਾਲ 2022 ਦੌਰਾਨ 111 ਅਰਬ ਡਾਲਰ ਦੀ ਰਕਮ ਭੇਜੀ ਗਈ ਜੋ ਦੁਨੀਆ 'ਚ ਸਭ ਤੋਂ ਵੱਧ ਹੈ। ਇਸ ਦੇ ਨਾਲ ਭਾਰਤ 100 ਅਰਬ ਡਾਲਰ ਦੇ ਅੰਕੜੇ ਤੱਕ ਪੁੱਜਣ ਅਤੇ ਇਸ ਨੂੰ ਪਾਰ ਕਰਨ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ ਨੇ ਜਾਰੀ ਆਪਣੀ ਆਲਮੀ ਮਾਈਗਰੇਸ਼ਨ ਰਿਪੋਰਟ 'ਚ ਕਿਹਾ ਕਿ 2022 'ਚ ਬਾਹਰੋਂ ਆਈ ਰਕਮ ਹਾਸਲ ਕਰਨ ਵਾਲੇ ਸਿਖਰਲੇ ਪੰਜ ਮੁਲਕਾਂ 'ਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਸ਼ਾਮਲ ਹਨ। ਪਰਵਾਸੀਆਂ ਵੱਲੋਂ ਆਪਣੇ ਮੂਲ ਮੁਲਕ 'ਚ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਭੇਜੀ ਗਈ ਰਕਮ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ ਮੁਤਾਬਕ ਮੈਕਸਿਕੋ ਦੂਜਾ ਸਭ ਤੋਂ ਵਧ ਰਕਮ ਹਾਸਲ ਕਰਨ ਵਾਲਾ ਮੁਲਕ ਰਿਹਾ। ਇਹ ਸਥਾਨ ਉਸ ਨੇ 2021 ਵਿੱਚ ਚੀਨ ਨੂੰ ਪਿੱਛੇ ਛੱਡ ਦੇ ਹਾਸਲ ਕੀਤਾ ਸੀ। ਇਸ ਤੋਂ ਪਹਿਲਾਂ ਤੱਕ ਭਾਰਤ ਤੋਂ ਬਾਅਦ ਚੀਨ ਦੂਜੇ ਨੰਬਰ 'ਤੇ ਸੀ। ਰਿਪੋਰਟ ਦੇ ਅੰਕੜਿਆਂ ਮੁਤਾਬਕ ਭਾਰਤ 2010 (53.48 ਅਰਬ ਡਾਲਰ), 2015 (68.91 ਅਰਬ ਡਾਲਰ) ਤੇ 2020 (83.15 ਅਰਬ ਡਾਲਰ) 'ਚ ਵੀ ਸਿਖਰ 'ਤੇ ਰਿਹਾ ਸੀ। ਦੱਖਣੀ ਏਸ਼ੀਆ ਵਿੱਚ ਤਿੰਨ ਮੁਲਕ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦੁਨੀਆ ਵਿੱਚ ਕੌਮਾਂਤਰੀ ਤੌਰ 'ਤੇ ਬਾਹਰੋਂ ਮਿਲਣ ਵਾਲੀ ਰਕਮ ਵਾਲੇ 10 ਸਿਖਰਲੇ ਮੁਲਕਾਂ 'ਚ ਸ਼ਾਮਲ ਰਹੇ।

# ਪੁਲਾੜ ਰਾਕੇਟ 'ਚ ਸੁਨੀਤਾ ਵਿਲੀਅਮਜ਼ ਦੇ ਬੈਠ ਤੋਂ ਬਾਅਦ ਪੁਲਾੜ ਮਿਸ਼ਨ ਹੋਇਆ ਮੁਲਤਵੀ



ਵਾਸ਼ਿੰਗਟਨ : ਭਾਰਤੀ ਮੂਲ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਲਿਜਾਣ ਲਈ ਬੋਇੰਗ ਦੇ ਸਟਾਰਲਾਈਨਰ ਮਿਸ਼ਨ ਨੂੰ ਮੁਲਤਵੀ ਕਰ ਦਿੱਤਾ ਗਿਆ। ਇਸ ਨੂੰ ਅੱਜ ਸਵੇਰੇ 8.04 ਵਜੇ ਫਲੋਰੀਡਾ ਦੇ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਤੋਂ ਯੂਐੱਲਏ ਦੇ ਐਟਲਸ ਵੀ ਰਾਕੇਟ ਤੋਂ ਲਾਂਚ ਕੀਤਾ ਜਾਣਾ ਸੀ। ਰਾਕੇਟ ਦੇ ਆਕਸੀਜਨ ਰਿਲੀਫ ਵਾਲਵ 'ਚ ਖਰਾਬੀ ਕਾਰਨ ਮਿਸ਼ਨ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਪੁਲਾੜ ਵਾਹਨ ਵਿੱਚ ਬੈਠ ਚੁੱਕੇ ਸਨ ਪਰ ਜਾਂਚ ਦੌਰਾਨ ਇੰਜਨੀਅਰਾਂ ਨੂੰ ਰਾਕੇਟ ਦੇ ਦੂਜੇ ਪੜਾਅ ਵਿੱਚ ਆਕਸੀਜਨ ਰਿਲੀਫ ਵਾਲਵ ਵਿੱਚ ਸਮੱਸਿਆ ਨਜ਼ਰ ਆਈ। ਇਸ ਹਾਲਤ 'ਚ ਟੀਮ ਨੇ ਲਾਂਚ ਤੋਂ 2 ਘੰਟੇ 1 ਮਿੰਟ ਪਹਿਲਾਂ ਮਿਸ਼ਨ ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ। ਬੋਇੰਗ ਨੇ ਕਿਹਾ ਕਿ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੁਣ ਅਗਲਾ ਲਾਂਚ 10 ਮਈ ਨੂੰ ਹੋ ਸਕਦਾ ਹੈ।


Passport Photos
Family Partrait
Graduation
Fashion | Glamour
Photo Restoration
Photography
for all occasions

ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600



KNOWLEDGE TEST
PREPRATION ON COMPUTER
For Class 1,2,3,4,5,6,7 & 8
in PUNJABI & ENGLISH
AIR BRAKE COURSE EVERY WEEK
Frontline DRIVING SCHOOL
Regular Lesson Price $55(60mins)
Male/Female Trainers Available
ਘਰ ਵਰਗਾ ਮਾਹੌਲ ਭੈਣਾਂ ਲਈ ਲੇਡੀਜ਼ ਟੀਚਰ
ਅਤੇ ਵੱਖਰਾ ਕਲਾਸ ਰੂਮ

GOLDEN PACKAGE: ~~$950~~ 899
15 Lessons (60min each)
+ Road Test Car rental with
1 Warmup Lesson
Savings: $51

SILVER PACKAGE: ~~$675~~ - 625
10 Lessons (60min each)
+ Road Test Car rental with
1 Warmup Lesson
Savings: $50

ICBC CERTIFIED TRAINERS
Call Now to book:
Gurpreet/Ranbir Sidhu
778.779.5888

ICBC, ਸੀਡਰ ਪਾਰਕ ਪਲੇਸ ਅਤੇ ਸ਼ਹਿਰ ਦੇ ਤਿੰਨੋਂ ਗੁਰਦੁਆਰਾ ਸਾਹਿਬਾਨ ਤੋਂ ਰਾਈਡ ਦਾ ਖਾਸ ਪ੍ਰਬੰਧ ਹੈ।



# 7-2345 Windsor Street Abbotsford
Safety Inspected
2022 Toyota Corolla
778-779-5888



Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm



# ਖੇਤਾਂ ਤੋਂ ਲੈ ਕੇ ਚੋਣ ਬੂਥਾਂ ਤੱਕ ਭਾਜਪਾ ਨੇ ਕਿਸਾਨਾਂ ਦਾ ਭਰੋਸਾ ਗੁਆਇਆ

ਜਵੇਂ-ਜਿਵੇਂ ਉੱਤਰੀ ਖੇਤਰ ਦੇ ਹੋਰ ਰਾਜਾਂ ਵਿੱਚ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਰਾਜਸਥਾਨ, ਯੂਪੀ, ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਕਿਸਾਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ।

ਅਪ੍ਰੈਲ 2024 ਵਿੱਚ, ਹੰਸ ਰਾਜ ਹੰਸ, ਜੋ ਕਿ ਪੰਜਾਬ ਦੇ ਛੋਟੇ ਜਿਹੇ ਕਸਬੇ ਅਰਾਈਆਂਵਾਲਾ ਵਿੱਚ ਭਾਜਪਾ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਆਇਆ ਸੀ, ਨੂੰ ਕਿਸਾਨ ਮਰਦਾਂ ਅਤੇ ਔਰਤਾਂ ਦੀ ਭੀੜ ਨੇ ਘੇਰ ਲਿਆ। ਫਰੀਦਕੋਟ ਤੋਂ ਆਗਾਮੀ ਚੋਣਾਂ ਵਿੱਚ ਮੁਕਾਬਲਾ ਕਰਨ ਵਾਲੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਦਾਅਵਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਦੇ ਰੋਸ ਦਾ ਨਿਸ਼ਾਨਾ ਬਣੇ। ਰਿਪੋਰਟਾਂ ਮੁਤਾਬਕ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਹ ਉੱਥੇ ਮੋਦੀ ਸਰਕਾਰ ਦੇ ਪ੍ਰਤੀਨਿਧ ਤੋਂ ਜਵਾਬ ਮੰਗਣ ਲਈ ਆਏ ਸਨ।

ਇਹ ਇਕੱਲੀ ਘਟਨਾ ਨਹੀਂ ਹੈ। ਜਿਵੇਂ-ਜਿਵੇਂ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਕਿਸਾਨ ਵੱਖ-ਵੱਖ ਰਾਜਾਂ ਵਿੱਚ ਪ੍ਰਦਰਸ਼ਨ ਕਰ ਰਹੇ ਹਨ, ਜਨਤਕ ਮੀਟਿੰਗਾਂ ਕਰ ਰਹੇ ਹਨ ਅਤੇ ਮੌਜੂਦਾ ਸਰਕਾਰ ਪ੍ਰਤੀ ਆਪਣੀ ਅਸੰਤੁਸ਼ਟੀ ਜ਼ਾਹਰ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਨਾਲ ਜੁੜੀਆਂ ਕਈ ਜਥੇਬੰਦੀਆਂ ਨੇ ਪੰਜਾਬ ਵਿੱਚ ਚੋਣ ਪ੍ਰਚਾਰ ਦੌਰਾਨ ਭਾਜਪਾ ਉਮੀਦਵਾਰਾਂ ਖ਼ਿਲਾਫ਼ ਰੋਸ ਪ੍ਰਗਟਾਇਆ ਹੈ। ਇਸੇ ਤਰ੍ਹਾਂ ਦੇ ਕਿਸਾਨਾਂ ਵਲੋਂ ਰੋਸ ਪ੍ਰਦਰਸ਼ਨ ਤੇ ਘਿਰਾਓ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਦੇਖਣ ਨੂੰ ਮਿਲੇ ਹਨ।ਕਿਸਾਨ ਆਗੂ ਬ.ਲਬੀਰ ਸਿੰਘ ਰਾਜੇਵਾਲ ਅਨੁਸਾਰ ਇਸ ਵਾਰ ਦੇ ਚੋਣ ਨਤੀਜੇ ਕਿਸਾਨਾਂ ਦੇ ਵਿਰੋਧ ਰੋਸ,ਗੁਸੇ ਅਤੇ ਨਿਰਾਸ਼ਾ ਦੀ ਹੱਦ ਨੂੰ ਦਰਸਾਉਣਗੇ। 2024 ਦੇ ਨਤੀਜਿਆਂ ਦੀ ਉਡੀਕ ਕਰੋ।"

ਯਾਦ ਰਹੇ ਕਿ 2024 ਦੇ 'ਦਿੱਲੀ ਚਲੋ' ਕਿਸਾਨ ਪ੍ਰਦਰਸ਼ਨ ਵਿੱਚ 10 ਕਿਸਾਨਾਂ ਦੀ ਮੌਤ ਹੋ ਗਈ ਸੀ। ਸੰਯੁਕਤ ਕਿਸਾਨ ਮੋਰਚਾ ਦੇ ਅਨੁਸਾਰ, 2020-2021 ਵਿੱਚ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ 700 ਤੋਂ ਵੱਧ ਕਿਸਾਨਾਂ ਦੀ ਮੌਤ ਹੋਈ ਸੀ । ਇਸ ਤੋਂ ਇਲਾਵਾ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ, ਭਾਰਤ ਵਿੱਚ ਹਰ ਘੰਟੇ ਇੱਕ ਕਿਸਾਨ ਜਾਂ ਖੇਤ ਮਜ਼ਦੂਰ ਖੁਦਕੁਸ਼ੀ ਕਰਕੇ ਮਰਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਭ ਕੁਝ ਠੀਕ ਨਹੀਂ ਹੈ।

ਭਾਰਤ ਇੱਕ ਖੇਤੀ ਪ੍ਰਧਾਨ ਰਾਜ ਹੈ। ਪ੍ਰੈਸ ਸੂਚਨਾ ਬਿਊਰੋ (ਪੀਆਈਬੀ) ਦੇ ਅੰਕੜਿਆਂ ਅਨੁਸਾਰ, ਭਾਰਤ ਦੀ 65% ਆਬਾਦੀ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ, ਜਿਸ ਵਿੱਚੋਂ 47% ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਹਨ। ਇਸ ਤੋਂ ਇਲਾਵਾ, ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੁਆਰਾ ਇੱਕ ਤਾਜ਼ਾ ਸਰਵੇਖਣ ਦਿਖਾਇਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕਰਜ਼ਿਆਂ ਕਾਰਣ ਵਧੇਰੇ ਕਿਸਾਨ ਖੇਤ ਮਜ਼ਦੂਰ ਬਣੇ ਹਨ ।

ਲੋਕ ਸਭਾ ਚੋਣਾਂ ਦੌਰਾਨ ਸਿਆਸੀ ਦ੍ਰਿਸ਼ ਨੂੰ ਰੂਪ ਦੇਣ ਵਾਲਾ ਕਿਸਾਨੀ ਮਾਮਲਾ ਤੇ ਸੰਘਰਸ਼ ਇੱਕ ਮਹੱਤਵਪੂਰਨ ਕਾਰਕ ਹੈ ਜਿਵੇਂ ਇਹ ਅਸੰਤੁਸ਼ਟੀ ਪੇਂਡੂ ਖੇਤਰਾਂ ਵਿੱਚ ਡੂੰਘਾਈ ਨਾਲ ਗੂੰਜ ਰਹੀ ਹੈ, ਜਿੱਥੇ ਖੇਤੀਬਾੜੀ ਰੋਜ਼ੀ-ਰੋਟੀ ਅਤੇ ਭਾਈਚਾਰਿਆਂ ਦੀ ਰੀੜ੍ਹ ਦੀ ਹੱਡੀ ਹੈ। ਇਸ ਨਾਲ ਵੋਟਰਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ ਅਤੇ ਭਾਜਪਾ ਦੀਆਂ ਚੋਣ ਸੰਭਾਵਨਾਵਾਂ ਲਈ ਇੱਕ ਵੱਡੀ ਚੁਣੌਤੀ ਹੈ।

ਯਾਦ ਰਹੇ ਕਿ ਭਾਰਤ ਦੇ ਕਿਸਾਨਾਂ ਨੇ ਫਰਵਰੀ 2024 ਤੋਂ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਮੁੜ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਸੀ। ਉਹ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਗਾਰੰਟੀ ਵਾਲੇ ਕਾਨੂੰਨ ਦੀ ਆਪਣੀ ਪੁਰਾਣੀ ਮੰਗ ਨੂੰ ਲੈ ਕੇ ਪ੍ਰਦਰਸ਼ਨਾਂ 'ਤੇ ਪਰਤ ਆਏ ਸਨ। ਭਾਵੇਂ ਕਿ 2020-2021 ਦੇ ਕਿਸਾਨ ਪ੍ਰਦਰਸ਼ਨਾਂ ਦੌਰਾਨ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਦੁਆਰਾ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਦੀ ਮੰਗ ਮੰਨਣ ਦਾ ਵਾਅਦਾ ਕੀਤਾ ਗਿਆ ਸੀ, ਇਸ ਕਾਰਨ ਕਿਸਾਨਾਂ ਨੂੰ ਆਪਣਾ ਸਾਲ ਭਰ ਚੱਲਿਆ ਵਿਰੋਧ ਬੰਦ ਕਰਨਾ ਪਿਆ ਸੀ। ਹਾਲਾਂਕਿ, ਕਿਸਾਨਾਂ ਨਾਲ ਮੋਦੀ ਸਰਕਾਰ ਵਲੋਂ ਵਾਅਦਾ ਪੂਰਾ ਨਹੀਂ ਕੀਤਾ ਗਿਆ। ਇਸ ਕਾਰਨ ਇਸ ਸਾਲ ਵਿਰੋਧ ਪ੍ਰਦਰਸ਼ਨਾਂ ਫਿਰ ਸ਼ੁਰੂ ਹੋ ਗਏ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਸਾਨੀ ਮਾਮਲਾ ਵੋਟਿੰਗ ਦੇ ਨਤੀਜਿਆਂ ਨੂੰ ਪ੍ਰਭਾਵਤ ਕਰੇਗਾ?

ਭਾਰਤ ਦੀਆਂ 18ਵੀਂ ਲੋਕ ਸਭਾ ਚੋਣਾਂ ਲਈ ਫੇਜ਼ 1 ਅਤੇ 2 ਦੀ ਵੋਟਿੰਗ ਪੂਰੀ ਹੋ ਚੁੱਕੀ ਹੈ। ਮਹਾਰਾਸ਼ਟਰ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿੱਚ ਵੋਟਿੰਗ ਦੇ ਦੋ ਗੇੜ ਸ਼ੁਰੂ ਹੋ ਗਏ ਹਨ। ਹਾਲਾਂਕਿ, ਹਰਿਆਣਾ ਅਤੇ ਪੰਜਾਬ ਦੋਵੇਂ ਕ੍ਰਮਵਾਰ 25 ਮਈ ਅਤੇ 1 ਜੂਨ ਨੂੰ ਇੱਕ ਸਿੰਗਲ ਗੇੜ (6ਵੇਂ ਅਤੇ 7ਵੇਂ ਗੇੜ) ਵਿੱਚ ਵੋਟ ਪਾਉਣਗੇ।

2020-2021 ਦੇ ਕਿਸਾਨ ਪ੍ਰਦਰਸ਼ਨਾਂ ਤੋਂ ਬਾਅਦ ਪੰਜਾਬ ਦੀ ਸਿਆਸਤ ਉਪਰ ਡੂੰਘਾ ਅਸਰ ਪਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪੰਜਾਬ ਵਿਚ ਸਿਰਫ 2 ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ ਨੇ ਕਰੀਬ 92 ਸੀਟਾਂ ਜਿੱਤ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣੇ ਸਨ।

ਹਾਲਾਂਕਿ, ਮਿੰਟ ਮੀਡੀਆ ਦੇ ਵਿਸ਼ਲੇਸ਼ਣ ਦੇ ਅਨੁਸਾਰ, ਕਿਸਾਨਾਂ ਦੀ ਅਸੰਤੁਸ਼ਟੀ 2022 ਦੌਰਾਨ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਸੀਟਾਂ ਦੌਰਾਨ ਭਾਜਪਾ ਦੇ ਨਤੀਜਿਆਂ ਉਪਰ ਕੋਈ ਪ੍ਰਭਾਵ ਨਹੀਂ ਦਿਖਾਈ ਦਿੱਤਾ। ਯੂਪੀ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ ਕਿ ਜਾਟਾਂ ਦੀ ਵੱਡੀ ਆਬਾਦੀ ਵਾਲੇ ਜ਼ਿਲ੍ਹਿਆਂ ਨੇ ਭਾਜਪਾ ਨੂੰ ਚੁਣਿਆ, ਜਿਸ ਕਾਰਨ ਭਾਜਪਾ ਦੀ ਜਿੱਤ ਹੋਈ। ਮੁਜ਼ੱਫਰਨਗਰ ਦੀਆਂ ਛੇ ਵਿੱਚੋਂ ਚਾਰ ਸੀਟਾਂ ਜਿੱਤੀਆਂ। ਹਾਲਾਂਕਿ, 2022 ਦੀਆਂ ਉਸੇ ਰਾਜ ਚੋਣਾਂ ਵਿੱਚ, ਭਾਜਪਾ ਨੂੰ ਯੂਪੀ ਦੇ ਚਾਰ ਜ਼ਿਲ੍ਹਿਆਂ, ਮੁਜ਼ੱਫਰਨਗਰ, ਮੇਰਠ, ਸ਼ਾਮਲੀ ਅਤੇ ਬਾਗਪਤ ਸਮੇਤ 19 ਵਿਧਾਨ ਸਭਾ ਸੀਟਾਂ ਵਿੱਚੋਂ 13 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

**ਹੁਣ ਵੀ ਸੱਤਾਧਾਰੀ ਪਾਰਟੀ ਦੇ ਪ੍ਰਤੀ ਕਿਸਾਨ ਭਾਈਚਾਰਾ ਅਸੰਤੁਸ਼ਟ ਹੈ।**

ਰਾਜਸਥਾਨ ਵਿੱਚ ਵੀ ਜਾਟ ਭਾਈਚਾਰੇ ਵਿੱਚ ਅਜਿਹੀ ਹੀ ਭਾਜਪਾ ਵਿਰੋਧੀ ਭਾਵਨਾ ਦੇਖਣ ਨੂੰ ਮਿਲ ਰਹੀ ਹੈ। ਇੰਡੀਅਨ ਐਕਸਪ੍ਰੈਸ ਦੇ ਇਸ ਲੇਖ ਦੇ ਅਨੁਸਾਰ, ਰਾਜ ਦੇ ਸ਼ੇਖਾਵਤੀ ਖੇਤਰ ਵਿੱਚ ਮੋਦੀ ਲਹਿਰ ਫਿੱਕੀ ਪੈ ਗਈ ਹੈ, ਜਿੱਥੇ ਜਾਟ ਵੱਡੀ ਗਿਣਤੀ ਵਿੱਚ ਹਨ, ਅਤੇ ਇਸ ਦੀ ਬਜਾਏ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦੀਆਂ ਚਾਰ ਸੀਟਾਂ 'ਤੇ ਜਾਟ ਭਾਈਚਾਰੇ ਦਾ ਪ੍ਰਭਾਵ ਹੈ। ਇਸੇ ਤਰ੍ਹਾਂ ਸੂਬੇ ਦੇ ਗੰਗਾਨਗਰ ਵਿਚ ਵੀ ਜਾਟ ਭਾਈਚਾਰੇ ਦਾ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਨਤੀਜਾ ਰਾਜ ਦੀਆਂ 2023 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਪੱਸ਼ਟ ਸੀ, ਜਿੱਥੇ ਭਾਜਪਾ ਨੇ ਗੰਗਾਨਗਰ ਵਿੱਚ ਕਾਫ਼ੀ ਮਾੜਾ ਪ੍ਰਦਰਸ਼ਨ ਕੀਤਾ। ਇਥੇ ਹਜ਼ਾਰਾਂ ਲੋਕ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ ਸਨ।

ਆਲ ਇੰਡੀਆ ਜਾਟ ਆਰਕਸ਼ਣ ਸੰਘਰਸ਼ ਸਮਿਤੀ ਦੇ ਪ੍ਰਧਾਨ ਯਸ਼ਪਾਲ ਮਲਿਕ ਦਾ ਕਹਿਣਾ ਹੈ ਕਿ ਇਹ ਗੁੱਸਾ ਸਿਰਫ਼ ਰਾਜਸਥਾਨ ਵਿੱਚ ਹੀ ਨਹੀਂ, ਸਗੋਂ ਪੰਜਾਬ, ਹਰਿਆਣਾ ਅਤੇ ਯੂਪੀ ਦੇ ਜਾਟ ਕੇਂਦਰਿਤ ਖੇਤਰਾਂ ਵਿੱਚ ਵੀ ਹੈ। ਵਿਰੋਧ ਪ੍ਰਦਰਸ਼ਨਾਂ ਦੌਰਾਨ (2020-21 ਅਤੇ ਇਸ ਸਾਲ ਦੇ ਸ਼ੁਰੂ ਵਿੱਚ) ਕਿਸਾਨਾਂ ਨਾਲ ਪਾਰਟੀ ਦਾ ਵਤੀਰਾ ਹੈ। ਭਾਜਪਾ ਨੇ (ਆਪਣੇ ਚੋਣ ਮਨੋਰਥ ਪੱਤਰ ਵਿੱਚ) ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਜਦੋਂ ਕਿਸਾਨਾਂ ਨੇ ਇਸ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ ਤਾਂ ਭਾਜਪਾ ਨੇ ਉਨ੍ਹਾਂ ਨੂੰ ਦਬਾਉਣ ਲਈ ਬੇਰਹਿਮ ਹੱਥਕੰਡੇ ਵਰਤੇ। 2019 ਦੀਆਂ ਚੋਣਾਂ ਵਿੱਚ ਜਾਟ ਭਾਈਚਾਰੇ ਨੇ ਕਾਂਗਰਸ ਨਾਲੋਂ ਥੋੜੇ ਜਿਹੇ ਫਰਕ ਨਾਲ ਭਾਜਪਾ ਦਾ ਸਮਰਥਨ ਕੀਤਾ, ਜਿੱਥੇ ਕਾਂਗਰਸ ਨੂੰ ਭਾਈਚਾਰੇ ਦੀਆਂ 39% ਵੋਟਾਂ ਮਿਲੀਆਂ, ਜਦਕਿ ਭਾਜਪਾ ਨੂੰ 42% ਵੋਟਾਂ ਮਿਲੀਆਂ।

ਇਸ ਤਰ੍ਹਾਂ ਖੇਤੀ ਸੰਕਟ ਨੇ ਭਾਜਪਾ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਮਹਾਰਾਸ਼ਟਰ ਦੇ ਵਿਦਰਭ ਅਤੇ ਮਰਾਠਵਾੜਾ ਖੇਤਰਾਂ ਵਿੱਚ ਬੁਲਢਾਨਾ, ਅਕੋਲਾ, ਅਮਰਾਵਤੀ, ਵਰਧਾ, ਯਵਤਮਾਲ-ਵਾਸ਼ਿਮ, ਹਿੰਗੋਲੀ, ਨਾਂਦੇੜ ਸੋਕੇ ਅਤੇ ਬੇਮੌਸਮੀ ਬਾਰਸ਼ ਦੇ ਗੰਭੀਰ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਖੇਤੀਬਾੜੀ ਸੰਕਟ ਗੰਭੀਰ ਹੈ। ਫੇਜ਼ 1 ਅਤੇ 2 ਦੇ ਵੋਟਿੰਗ ਦੀਆਂ ਸ਼ੁਰੂਆਤੀ ਰਿਪੋਰਟਾਂ ਨੇ ਇਸ ਸੰਭਾਵਨਾ ਵੱਲ ਇਸ਼ਾਰਾ ਕੀਤਾ ਹੈ ਕਿ ਭਾਜਪਾ ਨੂੰ ਇਨ੍ਹਾਂ ਖੇਤਰਾਂ ਵਿਚ ਸਖਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਦੇ ਕੁਝ ਹਿੱਸਿਆਂ ਵਿੱਚ ਅਸੰਤੋਸ਼ ਜਾਰੀ ਹੈ। ਦੇਖਣਾ ਇਹ ਹੋਵੇਗਾ ਕਿ ਇਸ ਦਾ ਨਤੀਜਾ ਭਾਜਪਾ ਲਈ ਕਿੰਨਾ ਕੁ ਵੱਡਾ ਹਾਰ ਚੈਲਿੰਜ ਬਣਦਾ ਹੈ।

# ਅਮਰੀਕਾ ਵਿੱਚ ਜਸਦੀਪ ਸਿੰਘ ਜੱਸੀ 'ਡਾਕਟਰੇਟ ਇਨ ਹਿਉਮੇਨ ਲੈਟਰਸ' ਦੀ ਡਿਗਰੀ ਨਾਲ ਸਨਮਾਨਿਤ

ਵਾਸ਼ਿੰਗਟਨ : ਅਮਰੀਕੀ ਮੀਡੀਆ ਵਿੱਚ ਸਿੱਖ ਭਾਈਚਾਰੇ ਲਈ ਇਕ ਬਹੁਤ ਹੀ ਮਾਣ ਅਤੇ ਖ਼ੁਸ਼ੀ ਵਾਲੀ ਖ਼ਬਰ ਪ੍ਰਕਾਸ਼ਿਤ ਹੋ ਰਹੀ ਹੈ। ਜਿਸ ਵਿਚ ਉੱਘੇ ਸਮਾਜਸੇਵੀ ਅਤੇ ਸਿੱਖੀ ਦਾ ਝੰਡਾ ਸਮੁੱਚੀ ਦੁਨੀਆ ਵਿੱਚ ਬੁਲੰਦ ਕਰਨ ਲਈ ਕਾਰਜਸ਼ੀਲ ਰਹਿਣ ਵਾਲੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੂੰ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਨੇ 'ਡਾਕਟਰੇਟ ਇਨਹਿਊਮੈਨ ਲੈਟਰਸ' ਦੀ ਡਿਗਰੀ ਪ੍ਰਦਾਨ ਕੀਤੀ ਹੈ। ਇੱਥੇ ਦੱਸਣਯੋਗ ਹੈ ਕਿ ਸ. ਜਸਦੀਪ ਸਿੰਘ ਜੱਸੀ ਮੈਰੀਲੈਂਡ ਗਵਰਨਰਸ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰਿਕਨ ਅਫੇਅਰਸ ਦੇ ਚੈਅਰਮੈਨ ਵਜੋਂ ਵੀ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਦੁਨੀਆ ਵਿਚ ਕਿਤੇ ਵੀ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਸ. ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖਸ ਆਫ਼ ਅਮੇਰਿਕਾ ਵਲੋਂ ਮੈਡੀਕਲ ਕੈਂਪ ਲਗਾਏ ਜਾਂਦੇ ਹਨ ਅਤੇ ਲੋੜੀਂਦੀਆਂ ਵਸਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਲੋੜਵੰਦ ਸਕੂਲੀ ਬੱਚਿਆਂ ਨੂੰ ਸਕੂਲੀ ਬੈਗ ਅਤੇ ਬੂਟ ਜੁਰਾਬਾਂ ਵੀ ਦਿੱਤੇ ਜਾਂਦੇ ਹਨ। ਹਾਲ ਹੀ ਵਿੱਚ ਸ. ਜਸਦੀਪ ਸਿੰਘ ਜੱਸੀ ਨੇ ਸਿੱਖਸ ਆਫ ਅਮੈਰਿਕਾ ਵਲੋਂ ਅੰਮ੍ਰਿਤਸਰ ਵਿਚ 100 ਬੱਚਿਆਂ ਨੂੰ ਵਜ਼ੀਫੇ ਦੇਣ ਦਾ ਐਲਾਨ ਵੀ ਕੀਤਾ ਹੈ। ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਦੀਆਂ ਦੋ ਗਲੀਆਂ ਦੀ ਸਫ਼ਾਈ ਦੀ ਜ਼ਿੰਮੇਵਾਰੀ ਵੀ ਪੱਕੇ ਤੌਰ 'ਤੇ ਲਈ ਗਈ ਹੈ। ਭਾਈਚਾਰਕ, ਸਿਆਸੀ ਅਤੇ ਸਮਾਜ ਸੇਵੀ ਆਗੂਆਂ ਵਲੋਂ ਸ. ਜਸਦੀਪ ਸਿੰਘ ਜੱਸੀ ਨੂੰ ਵਧਾਈਆ ਭੇਟ ਕੀਤੀਆਂ ਗਈਆਂ। ਸਿੱਖਸ ਆਫ਼ ਅਮੇਰਿਕਾ ਦੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਅਤੇ ਉਪ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸ. ਜਸਦੀਪ ਸਿੰਘ ਜੱਸੀ ਨੂੰ ਮਿਲੇ ਮਾਣ ਨੇ ਸਿੱਖਸ ਆਫ ਅਮੇਰਿਕਾ ਦਾ ਰੁਤਬਾ ਦੁਨੀਆ 'ਚ ਵੱਡਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਹੋਰ ਵੀ ਸਮਾਜ ਸੇਵੀ ਕਾਰਜਾਂ ਨੂੰ ਵੱਡੇ ਪੱਧਰ 'ਤੇ ਅਮਲ 'ਚ ਲਿਆਉਣ ਲਈ ਉਤਸ਼ਾਹਿਤ ਹੋਈ ਹੈ। ਇਸ ਮੌਕੇ ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਇਹ ਮਾਣ ਉਨ੍ਹਾਂ ਦਾ ਹੀ ਨਹੀਂ ਸਗੋਂ ਸਮੁੱਚੇ ਏਸ਼ੀਅਨ ਅਤੇ ਸਮੁੱਚੀ ਦੁਨੀਆ 'ਚ ਵਸਦੇ ਸਿੱਖ ਭਾਈਚਾਰੇ ਦਾ ਮਾਣ ਹੈ। ਉਹ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਮਿਹਰ ਨਾਲ ਉਹ ਸਮਾਜ ਸੇਵੀ ਕਾਰਜ ਕਰ ਰਹੇ ਹਨ ਅਤੇ ਅਜਿਹੇ ਮਾਣ ਹਾਸਲ ਹੋ ਰਹੇ ਹਨ। ਉਨ੍ਹਾਂ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਦੀ ਫੈਕਿਲਟੀ ਅਤੇ ਬੋਰਡ ਦਾ ਵੀ ਧੰਨਵਾਦ ਕੀਤਾ, ਜਿੰਨ੍ਹਾਂ ਨੇ ਉਨ੍ਹਾਂ ਨੂੰ ਇਸ ਸਨਮਾਨ ਲਈ ਚੁਣਿਆ।




SINCE : 2007

ਕੈਨੇਡੀਅਨ ਪੰਜਾਬ ਟਾਈਮਜ਼ — ਸੱਚ ਅਤੇ ਨਿਰਪੱਖ ਸੋਚ — CANADIAN PUNJAB TIMES

ਪਾਠਕਾਂ ਦੇ ਵਿਸ਼ਵਾਸ਼ ਦਾ 18ਵਾਂ ਸਾਲ

24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ — ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਤੇ ਖਾਲੜਾ ਗਰੁਪ ਦੇ ਵੱਟਸਐਪ ਗਰੁੱਪ ਕੀਤੇ ਬਲਾਕ

**• ਚੋਣ ਕਮਿਸ਼ਨ ਇਨਸਾਫ ਕਰੇ ,ਨਿਰਪੱਖ ਭੂਮਿਕਾ ਨਿਭਾਵੇ-ਬੀਬੀ ਖਾਲੜਾ • ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਨੇ ਵਿਰੋਧੀ ਧਿਰਾਂ ਨੂੰ ਪਾਈਆਂ ਭਾਜੜਾਂ**

ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਪਾਲ ਸਿੰਘ ਵਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜਨ ਦੇ ਐਲਾਨ ਤੋਂ ਬਾਅਦ ਇਹ ਸੀਟ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿਚ 'ਹਾਟ ਸੀਟ' ਬਣ ਗਈ ਹੈ ।ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਰਹਿੰਦੇ ਖ਼ਾਸ ਕਰਕੇ ਪੰਜਾਬੀਆਂ ਦੀ ਨਜ਼ਰਾਂ ਖਡੂਰ ਸਾਹਿਬ ਸੀਟ 'ਤੇ ਟਿਕ ਗਈਆਂ ਹਨ ।ਖਡੂਰ ਸਾਹਿਬ ਤੋਂ ਸ਼ੋ੍ਮਣੀ ਅਕਾਲੀ ਦਲ ਨੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਕਾਂਗਰਸ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ, ਆਪ ਪਾਰਟੀ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਭਾਜਪਾ ਨੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ, ਜਦਕਿ ਸ਼ੋ੍ਮਣੀ ਅਕਾਲੀ ਦਲ (ਮਾਨ) ਵਲੋਂ ਭਾਈ ਅੰਮ੍ਰਿਪਾਲ ਸਿੰਘ ਦੇ ਹੱਕ ਵਿਚ ਆਪਣੇ ਐਲਾਨੇ ਉਮੀਦਵਾਰ ਹਰਪਾਲ ਸਿੰਘ ਬਲ੍ਹੇਰ ਨੂੰ ਬਿਠਾ ਕੇ ਉਨ੍ਹਾਂ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਹੈ । ਮੀਡੀਆ ਅਦਾਰੇ ਤੇ ਸਿਆਸੀ ਮਾਹਿਰ ਆਖ ਰਹੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਕਾਰਣ ਪੰਜਾਬ ਦਾ ਚੋਣ ਦ੍ਰਿਸ਼ ਬਦਲ ਗਿਆ ਹੈ।ਇਸ ਨਾਲ ਸਭ ਸਿਆਸੀ ਪਾਰਟੀਆਂ ਖਾਸ ਕਰਕੇ ਅਕਾਲੀ ਦਲ ਨੂੰ ਵਡਾ ਸਿਆਸੀ ਨੁਕਸਾਨ ਹੋ ਸਕਦਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਤੇ ਭਾਈ ਅੰਮ੍ਰਿਪਾਲ ਸਿੰਘ ਦਾ ਪਰਿਵਾਰ ਹਾਲਾਂਕਿ ਨਸ਼ਾ ਵਿਰੋਧੀ ,ਜਾਬਰ ਕਨੂੰਨਾਂ ,ਮਨੁੱਖੀ ਅਧਿਕਾਰਾਂ ਅਤੇ ਅੰਮ੍ਰਿ ਪ੍ਰਚਾਰ ਮੁਹਿੰਮ ਦਾ ਹੀ ਜ਼ਿਕਰ ਕਰ ਰਹੇ ਹਨ, ਲੇਕਿਨ ਭਾਜਪਾ ਸਮੇਤ ਕੁਝ ਸਿਆਸੀ ਧਿਰਾਂ ਇਸ ਘਟਨਾਕ੍ਰਮ ਨੂੰ ਲੈ ਕੇ ਵੋਟਰਾਂ ਵਿਚ ਡਰ ਤੇ ਸਹਿਮ ਦਾ ਮਾਹੌਲ ਦੁਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਸ ਦਾ ਸਿਆਸੀ ਲਾਹਾ ਮਿਲ ਸਕੇ । ਬੀਤੇ ਸਮੇਂ ਦੌਰਾਨ ਪੰਜਾਬ ਵਿਚ ਸਿਖ ਅਵਾਮ ਅਕਾਲੀ ਦਲ ਤੋਂ ਨਿਰਾਸ਼ ਹੋਕੇ ਆਪ ਪਾਰਟੀ ਜਾਂ ਕੁਝ ਹੋਰ ਪਾਰਟੀਆਂ ਨੂੰ ਵੋਟ ਵੀ ਪਾਉਂਦਾ ਰਿਹਾ ਹੁਣ ਸਮਝਿਆ ਜਾ ਰਿਹਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਮੈਦਾਨ ਵਿਚ ਨਿਤਰਨ ਕਾਰਣ ਪੰਥਕ ਵੋਟਰ ਆਪ ਪਾਰਟੀ ,ਕਾਂਗਰਸ ਨਾਲੋਂ ਟੁੱਟ ਸਕਦਾ ਹੈ ।ਭਾਈ ਅੰਮ੍ਰਿਪਾਲ ਸਿੰਘ ਤੇ ਸਾਥੀਆਂ ਵਿਰੁੱਧ ਮੌਜੂਦਾ ਭਗਵੰਤ ਮਾਨ ਸਰਕਾਰ ਵਲੋਂ ਦੋ ਸਾਲਾਂ ਦੀ ਨਜ਼ਰਬੰਦੀ ਨੂੰ ਲੈ ਕੇ ਐਨ.ਐਸ.ਏ. ਲਗਾਏ ਜਾਣ ਅਤੇ ਉਨ੍ਹਾਂ ਨੂੰ ਸਥਾਪਤ ਕਾਨੂੰਨਾਂ ਦੇ ਵਿਰੁੱਧ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਨਜ਼ਰਬੰਦ ਕਰਨ ਦੀ ਤੁਲਨਾ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਨਾਲ ਕੀਤੀ ਜਾ ਰਹੀ ਹੈ ਅਤੇ ਇਹ ਆਉਂਦੇ ਦਿਨਾਂ ਦੌਰਾਨ ਮੁੱਦਾ ਵੀ ਬਣ ਸਕਦਾ ਹੈ । ਇਸ ਕਾਰਣ ਲੋਕਾਂ ਦੀ ਭਾਈ ਅੰਮ੍ਰਿਤਪਾਲ ਸਿੰਘ ਨਾਲ ਹਮਦਰਦੀ ਵੀ ਹੈ।ਚਰਚਾ ਇਹ ਵੀ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਕੁਝ ਹੋਰ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ ।ਭਾਈ ਅੰਮ੍ਰਿਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਆਪਣੇ ਲੜਕੇ ਦੀ ਚੋਣ ਦੀ ਕਮਾਨ ਸੰਭਾਲੀ ਹੋਈ ਹੈ ਅਤੇ ਖਾੜਕੂਵਾਦ ਦੌਰਾਨ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਅਤੇ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੇ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਇਸ ਚੋਣ ਦੀ ਕਮਾਨ ਸੰਭਾਲ ਲਈ ਹੈ । ਭਾਵੇਂ ਭਾਈ ਅੰਮ੍ਰਿਪਾਲ ਸਿੰਘ ਦੀ ਚੋਣ ਪ੍ਰਚਾਰ ਬਹੁਤ ਹੀ ਤੇਜ਼ ਤਰਾਰ ਤਰੀਕੇ ਨਾਲ ਸ਼ੁਰੂ ਹੋਈ ਹੈ, ਪਰ ਹੁਣ ਇਹ ਵੀ ਦੇਖਣਾ ਹੋਵੇਗਾ ਕਿ ਚੋਣ ਕਮਿਸ਼ਨ ਉਨ੍ਹਾਂ ਦੀ ਨਾਮਜ਼ਦਗੀ ਸਵੀਕਾਰ ਕਰਦਾ ਹੈ ਜਾਂ ਉਸ ਨੂੰ ਰੱਦ ਕਰ ਦਿੰਦਾ ਹੈ । ਇਸ ਉਪਰ ਵੀ ਸਾਰੀਆਂ ਪਾਰਟੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ ।ਇਥੋਂ ਤੱਕ ਕਿ ਅਕਾਲੀ ਦਲ ਦੇ ਕੁਝ ਵੱਡੇ ਆਗੂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਹਿੱਤਾਂ ਲਈ ਭਾਈ ਅੰਮ੍ਰਿਪਾਲ ਸਿੰਘ ਖ਼ਾਲਸਾ ਦਾ ਸਾਥ ਦੇਣ ਬਾਰੇ ਕਹਿ ਰਹੇ ਹਨ । ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ,ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਨੇ ਵੀ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰ ਦਿਤੀ ਹੈ।ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਅੰਮ੍ਰਿਤ ਪਾਲ ਸਿੰਘ ਵੱਲੋਂ ਚੋਣ ਲੜਨ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਨੇ ਆਖਿਆ ਕਿ ਭਾਰਤ ਦੇ ਸੰਵਿਧਾਨ ਮੁਤਾਬਕ ਹਰ ਇੱਕ ਵਿਅਕਤੀ ਨੂੰ ਚੋਣ ਲੜਨ ਦਾ ਹੱਕ ਹੈ।



ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਖਡੂਰ ਸਾਹਿਬ ਤੋਂ ਉਮੀਦਵਾਰ ਬਣਨ ਕਾਰਣ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਤੇ ਅਕਾਲੀ ਦਲ ਦੇ ਮਾਝਾ ਜਰਨੈਲ ਬਿਕਰਮਜੀਤ ਸਿੰਘ ਮਜੀਠੀਆ ਨੇ ਖਡੂਰ ਸਾਹਿਬ ਤੋਂ ਚੋਣ ਲੜਨ ਦਾ ਵਿਚਾਰ ਛਡ ਦਿਤਾ ਸੀ।ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 2019 ਲੋਕ ਸਭਾ ਚੋਣ ਦੌਰਾਨ ਖਡੂਰ ਸਾਹਿਬ ਹਲਕੇ ਤੋਂ ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਨੂੰ 214489 ਵੋਟਾਂ ਮਿਲੀਆਂ। ਬੀਬੀ ਖਾਲੜਾ ਦੀ ਵੋਟ ਹੁਣ ਭਾਈ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿਚ ਭੁਗਤ ਸਕਦੀ ਹੈ।

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵਲੋਂ ਸਰਕਾਰ ਉਪਰ ਦੋਸ਼

ਖਡੂਰ ਸਾਹਿਬ ਸੀਟ ਤੋਂ ਚੋਣ ਲੜ ਰਹੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਹੁਣੇ ਜਿਹੇ ਇਲਜ਼ਾਮ ਲਾਇਆ ਕਿ ਕੇਂਦਰ ਅਤੇ ਸੂਬਾ ਸਰਕਾਰ ਉਨ੍ਹਾਂ ਦੀ ਚੋਣ ਮੁਹਿੰਮ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਖਡੂਰ ਸਾਹਿਬ ਦੇ ਨੌਂ ਹਿੱਸਿਆਂ ਵਾਲੇ ਵਟਸਐਪ ਗਰੁੱਪਾਂ ਨੂੰ ਪ੍ਰਚਾਰ ਲਈ ਬਲਾਕ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਕਾਊਂਟ ਨੂੰ ਬਲਾਕ ਕਰਨ ਤੋਂ ਇਲਾਵਾ ਅਧਿਕਾਰੀ ਅੰਮ੍ਰਿਤਪਾਲ ਦੀ ਨਾਮਜ਼ਦਗੀ ਭਰਨ ਵਿੱਚ ਵੀ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਇੰਚਾਰਜ ਪਰਮਜੀਤ ਕੌਰ ਖਾਲੜਾ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਾਰਣ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਦੋ ਪੇਜ ਵੀ ਬਲਾਕ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡਾ 'ਐਕਸ' ਖਾਤਾ ਰੋਕ ਲਿਆ ਗਿਆ ਹੈ। ਇੱਥੋਂ ਤੱਕ ਕਿ ਫੇਸਬੁੱਕ ਪੇਜ ਨੂੰ 'ਰੀਡਾਇਰੈਕਟ' ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣ ਲਈ ਅਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ।ਇਹ ਜਮਹੂਰੀਅਤ ਦੀ ਨਿਸ਼ਾਨੀ ਨਹੀਂ।ਹਿਟਲਰਸ਼ਾਹੀ ਹੈ।ਇਸ ਦੇ ਨਤੀਜੇ ਸਹੀ ਨਹੀਂ ਨਿਕਲਣਗੇ।ਚੋਣ ਕਮਿਸ਼ਨ ਇਸ ਬਾਰੇ ਸੰਵਿਧਾਨਕ ਪਹੁੰਚ ਅਪਨਾਵੇ।

## ਅੰਮ੍ਰਿਤਪਾਲ ਸਿੰਘ ਵੱਲੋਂ ਖਡੂਰ ਸਾਹਿਬ ਤੋਂ ਚੋਣ ਲੜਣ ਬਾਰੇ ਕੀ ਕਹਿੰਦਾ ਹੈ ਕਾਨੂੰਨ

ਹੁਣ ਸੁਆਲ ਇਹ ਉਠ ਰਿਹਾ ਹੈ ਕਿ ਕਨੂੰਨ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜ ਸਕਣਗੇ।ਲੋਕ ਪ੍ਰਤੀਨਿਧਤਾ ਐਕਟ, 1951 ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਅਤੇ ਦੋ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਕੱਟ ਰਹੇ ਵਿਅਕਤੀਆਂ ਨੂੰ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀ ਮੈਂਬਰਸ਼ਿਪ ਤੋਂ ਦੇ ਅਯੋਗ ਕਰਾਰ ਦਿੰਦਾ ਹੈ। ਐਕਟ ਦੀ ਧਾਰਾ 8 (3) ਕਹਿੰਦੀ ਹੈ: "ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਸ ਨੂੰ ਦੋ ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਦਿੱਤੀ ਗਈ ਹੈ... ਉਸ ਨੂੰ ਦੋਸ਼ੀ ਠਹਿਰਾਏ ਜਾਣ ਦੀ ਮਿਤੀ ਤੋਂ ਅਯੋਗ ਠਹਿਰਾਇਆ ਜਾਵੇਗਾ ਅਤੇ ਉਸ ਦੀ ਰਿਹਾਈ ਤੋਂ ਬਾਅਦ ਛੇ ਸਾਲਾਂ ਦੀ ਹੋਰ ਮਿਆਦ ਲਈ ਅਯੋਗ ਠਹਿਰਾਇਆ ਜਾਵੇਗਾ।" ਪਰ ਇਹ ਐਕਟ ਅੰਡਰ ਟਰਾਇਲਾਂ ਨੂੰ ਚੋਣ ਲੜਨ ਤੋਂ ਨਹੀਂ ਰੋਕਦਾ। ਅੰਮ੍ਰਿਤਪਾਲ ਸਿੰਘ ਨੂੰ ਅਜੇ ਤੱਕ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸ ਲਈ ਉਹ ਲੋਕ ਸਭਾ ਚੋਣਾਂ ਲੜ ਸਕਦੇ ਹਨ।

ਨਿਯਮਾਂ ਮੁਤਾਬਕ, ਨਾਮਜ਼ਦਗੀ ਦਾਖ਼ਲ ਕਰਨ ਲਈ, ਉਮੀਦਵਾਰ ਜਾਂ ਪ੍ਰਸਤਾਵਕ, ਜੋ ਕਿ ਸਬੰਧਤ ਹਲਕੇ ਦਾ ਵੋਟਰ ਹੈ, ਨੂੰ ਪੂਰੇ ਨਾਮਜ਼ਦਗੀ ਫਾਰਮ ਦੇ ਨਾਲ ਰਿਟਰਨਿੰਗ ਅਫਸਰ (ਆਰ.ਓ.) ਦੇ ਸਾਹਮਣੇ ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਭਰਨ ਲਈ ਹਾਜ਼ਰ ਹੋਣਾ ਲਾਜ਼ਮੀ ਨਹੀਂ ਹੈ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANARY

ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

ਫੋਨ : 604-594-0616, ਫੈਕਸ : 604 594 0611

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ

ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।

ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ

ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।



ਸੰਪਰਕ ਕਰੋ : 604-594-0616

# ਜੇ ਮੋਦੀ ਦੀ ਗਾਰੰਟੀ ਸੀ , ਫਿਰ 1 ਲੱਖ 74 ਹਜ਼ਾਰ ਕਿਸਾਨਾਂ ਨੇ ਕਿਉਂ ਕੀਤੀ ਖ਼ੁਦਕੁਸ਼ੀ?

**ਲੇਖਕ : ਰਜਿੰਦਰ ਸਿੰਘ ਪੁਰੇਵਾਲ**

ਸਰਕਾਰੀ ਅੰਕੜੇ ਦੱਸਦੇ ਹਨ ਕਿ ਪਿਛਲੇ ਦਸ ਸਾਲਾਂ ਵਿੱਚ ਭਾਰਤ ਵਿੱਚ 1,74,000 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਸੀ।

ਇਸ ਦਾ ਮਤਲਬ ਹੈ ਕਿ ਭਾਰਤ ਵਿੱਚ ਹਰ ਰੋਜ਼ ਔਸਤਨ 30 ਕਿਸਾਨ ਖ਼ੁਦਕੁਸ਼ੀ ਕਰ ਰਹੇ ਹਨ।ਜਦੋਂ ਕਿ ਭਾਜਪਾ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਇਸ ਗੱਲ ਦੀ ਗਾਰੰਟੀ 'ਤੇ ਆਈ ਸੀ ਕਿ ਉਹ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਿਸਾਨਾਂ ਨੂੰ ਖੇਤੀ ਉਪਜ ਦੀ ਪੈਦਾਵਾਰ ਦੀ ਲਾਗਤ ਦਾ ਘੱਟ ਤੋਂ ਘੱਟ ਡੇਢ ਗੁਣਾ ਮੁੱਲ ਦੇਵੇਗੀ। 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਵੇਗੀ। ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇਗਾ। ਹਰੇਕ ਕਿਸਾਨ ਪਰਿਵਾਰ ਨੂੰ 1 ਲੱਖ ਰੁਪਏ ਤੱਕ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਅਫ਼ਸੋਸ ਦੀ ਗੱਲ ਹੈ ਕਿ ਪ੍ਰਧਾਨ ਮੰਤਰੀਆਂ ਮੋਦੀ ਨੇ ਇਨ੍ਹਾਂ ਵਿੱਚੋਂ ਇੱਕ ਵੀ ਗਾਰੰਟੀ ਪੂਰੀ ਨਹੀਂ ਕੀਤੀ।

ਹਾਲਾਤ ਇਹ ਹਨ ਕਿ ਕਾਰਪੋਰੇਟ ਹਿੱਤਾਂ ਦੀ ਰਾਖੀ ਲਈ ਕਿਸਾਨਾਂ ਦੀ ਬਲੀ ਮੰਗੀ ਜਾ ਰਹੀ ਹੈ। ਸੱਤਾ ਵਿੱਚ ਵਾਪਸੀ ਦੇ ਛੇ ਮਹੀਨੇ ਬਾਅਦ ਹੀ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ।ਮੋਦੀ ਸਰਕਾਰ ਨੇ ਸਾਲਾਨਾ ਖੇਤੀ ਬਜਟ ਵਿੱਚ 30 ਫੀਸਦੀ ਦੀ ਕਟੌਤੀ ਕੀਤੀ ਹੈ। ਕੇਂਦਰ ਸਰਕਾਰ ਵੱਲੋਂ ਖੇਤੀ ਸਬਸਿਡੀਆਂ ਵਿੱਚ ਕਟੌਤੀ ਕਾਰਨ ਬੀਜਾਂ, ਖਾਦਾਂ, ਕੀਟਨਾਸ਼ਕਾਂ ਅਤੇ ਡੀਜ਼ਲ ਵਰਗੇ ਹੋਰ ਖੇਤੀ ਲਾਗਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ।

ਇਹ ਸਰਕਾਰ ਰੋਜ਼ਗਾਰ ਗਾਰੰਟੀ ਸਕੀਮ ਨੂੰ ਹੌਲੀ-ਹੌਲੀ ਕਮਜ਼ੋਰ ਕਰ ਰਹੀ ਹੈ। ਪ੍ਰਾਜੈਕਟ ਲਈ ਜ਼ਰੂਰੀ ਸਾਲਾਨਾ ਖਰਚੇ 2.72 ਲੱਖ ਕਰੋੜ ਰੁਪਏ ਦੀ ਲੋੜ ਹੈ, ਪਰ 2023-24 ਦੇ ਬਜਟ ਵਿੱਚ ਸਿਰਫ਼ 73 ਹਜ਼ਾਰ ਕਰੋੜ ਰੁਪਏ ਹੀ ਰੱਖੇ ਗਏ ਹਨ। ਇਹ ਅਸਲ ਲਾਗਤ ਦਾ ਸਿਰਫ਼ ਇੱਕ ਅੰਸ਼ ਹੈ।

ਕਿਸਾਨਾਂ ਦੇ ਕਰਜ਼ੇ ਮੁਆਫ਼ ਨਹੀਂ ਕੀਤੇ ਗਏ। ਦੇਸ਼ ਦੇ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਕੁੱਲ 5 ਲੱਖ ਕਰੋੜ ਰੁਪਏ ਦੀ ਲੋੜ ਹੈ। ਪਰ, ਸਰਕਾਰ ਦਾ ਦਾਅਵਾ ਹੈ ਕਿ ਫੰਡਾਂ ਦੀ ਘਾਟ ਕਾਰਨ ਇਹ ਸੰਭਵ ਨਹੀਂ ਹੈ। ਇਸ ਦੇ ਨਾਲ ਹੀ ਇਸ ਸਮੇਂ ਦੌਰਾਨ ਕਾਰਪੋਰੇਟ ਕੰਪਨੀਆਂ ਦੇ ਕਰੀਬ 30 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਗਏ ਹਨ। ਖੇਤੀ ਦੀ ਹਾਲਤ ਅਜਿਹੀ ਹੈ ਕਿ ਕਿਸਾਨ ਪਰਿਵਾਰਾਂ ਦਾ ਕਰਜ਼ਾ ਵੀ 30 ਫੀਸਦੀ ਵਧ ਗਿਆ ਹੈ। ਉਹ ਕਰਜ਼ੇ ਦੇ ਚੱਕਰ ਵਿੱਚ ਫਸੇ ਹੋਏ ਹਨ।




ਕੇਂਦਰ ਸਰਕਾਰ ਨੇ 'ਰਾਸ਼ਟਰੀ ਰਾਹਤ ਫੰਡ' ਦੀ ਵੀ ਦੁਰਵਰਤੋਂ ਕੀਤੀ ਹੈ। ਹੜ੍ਹਾਂ, ਸੋਕੇ ਜਾਂ ਇਸ ਤਰ੍ਹਾਂ ਦੀਆਂ ਆਫ਼ਤਾਂ ਕਾਰਨ ਫ਼ਸਲਾਂ ਦਾ ਨੁਕਸਾਨ ਕਰਨ ਵਾਲੇ ਕਿਸਾਨਾਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਗਈ ਹੈ।

ਦੂਜੇ ਪਾਸੇ ਕਿਸਾਨਾਂ ਨੂੰ ਫਸਲੀ ਬੀਮੇ ਵੱਲ ਧੱਕਿਆ ਜਾ ਰਿਹਾ ਹੈ। ਖੇਤੀ ਫ਼ਸਲੀ ਬੀਮਾ ਪੂਰੀ ਤਰ੍ਹਾਂ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਹੈ। ਇਸ ਕਾਰਨ ਕਿਸਾਨਾਂ ਦਾ ਹੋਰ ਸ਼ੋਸ਼ਣ ਹੋ ਰਿਹਾ ਹੈ।

ਖੇਤੀ ਫ਼ਸਲਾਂ ਦੇ ਬਹੁਤ ਘੱਟ ਭਾਅ, ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਅਤੇ ਕਰਜ਼ੇ ਮੋੜਨ ਲਈ ਹੋਰ ਸਾਧਨਾਂ ਦੀ ਘਾਟ ਕਾਰਨ ਕਿਸਾਨਾਂ ਦਾ ਪਿੰਡਾਂ ਤੋਂ ਸ਼ਹਿਰਾਂ ਵੱਲ ਪਰਵਾਸ ਤੇਜ਼ ਹੋ ਰਿਹਾ ਹੈ। 2016-2023 ਦੀ ਛੇ ਸਾਲਾਂ ਦੀ ਮਿਆਦ ਵਿੱਚ ਚਾਰ ਕਰੋੜ ਲੋਕ ਪੇਂਡੂ ਖੇਤਰਾਂ ਤੋਂ ਸ਼ਹਿਰੀ ਖੇਤਰਾਂ ਵਿੱਚ ਚਲੇ ਗਏ ਹਨ।

ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀ ਮਦਦ ਲਈ ਬਣਾਈਆਂ ਗਈਆਂ ਐਗਰੀਕਲਚਰਲ ਪ੍ਰੋਡਿਊਸ ਮਾਰਕੀਟਿੰਗ ਕਮੇਟੀਆਂ ਨੂੰ ਅਨੈਤਿਕ ਸੋਧ ਕਾਨੂੰਨਾਂ ਰਾਹੀਂ ਬੰਦ ਕੀਤਾ ਜਾ ਰਿਹਾ ਹੈ।ਮੋਦੀ ਸਰਕਾਰ ਲੈਂਡ ਐਕਟ ਵਿੱਚ ਸੋਧ ਰਾਹੀਂ ਕੰਪਨੀਆਂ ਲਈ ਕਿਸਾਨਾਂ ਦੀਆਂ ਜ਼ਮੀਨਾਂ ਉਪਰ ਆਸਾਨੀ ਨਾਲ ਕਬਜ਼ਾ ਕਰਨ ਦੇ ਮੌਕੇ ਪੈਦਾ ਕਰ ਰਹੀ ਹੈ।

ਸਰਕਾਰ ਦੇ ਸਖ਼ਤ ਵਿਰੋਧ ਦੇ ਬਾਵਜੂਦ ਕਿਸਾਨਾਂ ਨੇ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਲਗਾਤਾਰ ਦਿੱਲੀ ਦੀਆਂ ਸੜਕਾਂ 'ਤੇ ਪ੍ਰਦਰਸ਼ਨ ਕੀਤਾ ਸੀ। ਇਹ ਤਿੱਖੇ ਅਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਵਿਰੋਧ ਪ੍ਰਦਰਸ਼ਨ ਸਨ।

ਦੁੱਖ ਦੀ ਗੱਲ ਇਹ ਹੈ ਕਿ ਇਸ ਸੰਘਰਸ਼ ਦੌਰਾਨ ਮਹਿਲਾ ਕਿਸਾਨਾਂ ਸਮੇਤ 752 ਕਿਸਾਨ ਆਪਣੀ ਜਾਨ ਗੁਆ ਚੁੱਕੇ ਹਨ।ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਵਿੱਚ ਭਾਜਪਾ ਦੇ ਸੰਸਦ ਮੈਂਬਰ ਅਜੈ ਮਿਸ਼ਰਾ ਦੇ ਪੁੱਤਰ ਵੱਲੋਂ ਜਾਣਬੁੱਝ ਕੇ ਇੱਕ ਸ਼ਾਂਤਮਈ ਪ੍ਰਦਰਸ਼ਨ ਵਿੱਚ ਥਾਰ ਜੀਪ ਚੜ੍ਹਾਉਣ ਕਾਰਨ ਅੱਠ ਕਿਸਾਨਾਂ ਦੀ ਮੌਤ ਹੋ ਗਈ। ਇਹ ਯੋਜਨਾਬੱਧ ਕਾਰਾ ਸਭ ਦੀਆਂ ਅੱਖਾਂ ਦੇ ਸਾਹਮਣੇ ਹੋਇਆ ਸੀ, ਪਰ ਅਜੇ ਮਿਸ਼ਰਾ ਨੂੰ ਨਾ ਤਾਂ ਮੰਤਰੀ ਮੰਡਲ ਤੋਂ ਹਟਾਇਆ ਗਿਆ ਅਤੇ ਨਾ ਹੀ ਉਸ ਵਿਰੁੱਧ ਕੋਈ ਸਖ਼ਤ ਕਾਰਵਾਈ ਕੀਤੀ ਗਈ।

ਕਿਸਾਨਾਂ ਨੂੰ ਡਰਾਉਣ ਅਤੇ ਖਿੰਡਾਉਣ ਲਈ ਹੋਰ ਵੀ ਕਈ ਹੱਥਕੰਡੇ ਵਰਤੇ ਗਏ, ਪਰ ਉਹ ਡਟੇ ਰਹੇ। ਬਾਅਦ ਵਿੱਚ ਜਦੋਂ ਉੱਤਰ ਪ੍ਰਦੇਸ਼ ਵਿੱਚ ਚੋਣਾਂ ਨੇੜੇ ਆਈਆਂ ਤਾਂ ਸਤਿਗੁਰੂ ਨਾਨਕ ਜੀ ਦੇ ਪ੍ਰਕਾਸ਼ ਉਤਸਵ ਉਪਰ ਮੋਦੀ ਨੇ ਅਚਾਨਕ ਟੀਵੀ ਸਕਰੀਨ ਉੱਤੇ ਆ ਕੇ ਕਿਸਾਨਾਂ ਤੋਂ ਮੁਆਫ਼ੀ ਮੰਗੀ। ਉਨ੍ਹਾਂ ਤਿੰਨੋਂ ਕਾਨੂੰਨ ਵਾਪਸ ਲੈਣ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਵੀ ਕੀਤਾ।ਕੇਂਦਰ ਸਰਕਾਰ ਵੱਲੋਂ ਲਿਖਤੀ ਭਰੋਸਾ ਦਿੱਤੇ ਜਾਣ ਤੋਂ ਬਾਅਦ ਕਿਸਾਨ ਆਪਣੇ ਘਰਾਂ ਨੂੰ ਪਰਤ ਗਏ।

ਇੱਕ ਸਾਲ ਬੀਤ ਗਿਆ ਹੈ, ਪਰ ਮੋਦੀ ਸਰਕਾਰ ਨੇ ਅਜੇ ਤੱਕ ਆਪਣੇ ਵਾਅਦੇ ਪੂਰੇ ਕਰਨ ਲਈ ਕੋਈ ਕਦਮ ਨਹੀਂ ਚੁਕਿਆ।

ਭਾਰਤ' ਦੀ ਕਾਰਪੋਰੇਟ ਪੱਖੀ ਨੀਤੀ ਕਿਸਾਨਾਂ ਨੂੰ ਲਾਹੇਵੰਦ ਭਾਅ ਅਤੇ ਖੇਤ ਮਜ਼ਦੂਰਾਂ ਦੀ ਘੱਟੋ-ਘੱਟ ਕੀਮਤ ਅਤੇ ਕਰਜ਼ੇ ਤੋਂ ਮੁਕਤੀ ਦਵਾਏ ਬਿਨਾਂ ਖੇਤੀ ਸੰਕਟ ਨੂੰ ਖਤਮ ਨਹੀਂ ਕਰ ਸਕੇਗੀ। ਇਹ ਨੀਤੀ ਸਿਰਫ ਕਾਰਪੋਰੇਟਾਂ ਪੱਖੀ ਹੋਵੇਗੀ ਅਤ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਬਣੇਗੀ।

# ਪੰਜਾਬ ਵਿੱਚ ਕਿਹੜੇ ਹੁਣ ਕਿਹੜੇ ਗੈਂਗਸਟਰ ਸਰਗਰਮ ?

**ਖਾਸ ਰਿਪੋਰਟ**

ਆਪ ਸਰਕਾਰ ਦਾਅਵਾ ਕਰਦੀ ਹੈ ਕਿ ਉਹ ਗੈਂਗਸਟਰ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਕਾਮਯਾਬ ਰਹੀ ਹੈ।

ਉਨ੍ਹਾਂ ਵਿੱਚੋਂ ਬਹੁਤੇ ਜਾਂ ਤਾਂ ਮਾਰੇ ਗਏ ਜਾਂ ਗ੍ਰਿਫਤਾਰ ਕੀਤੇ ਗਏ ਹਨ ਜਾਂ ਫਿਰ ਉਹ ਦੂਜੇ ਸੂਬਿਆਂ ਵਿੱਚ ਭੱਜ ਗਏ ਹਨ।ਪਰ ਤਾਜ਼ਾ ਘਟਨਾਵਾਂ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਗੈਂਗਸਟਰ ਕਾਫ਼ੀ ਸਰਗਰਮ ਹਨ।ਸਿੱਧੂ ਮੂਸੇਵਾਲਾ ਪੰਜਾਬੀ ਦੇ ਕੌਮਾਂਤਰੀ ਪੱਧਰ ਦੇ ਪੌਪ ਸਟਾਰ ਸਨ। 29 ਮਈ 2022 ਨੂੰ ਉਨ੍ਹਾਂ ਦਾ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿੱਚ ਕੁਝ ਹਮਲਾਵਰਾਂ ਵੱਲੋਂ ਆਧੁਨਿਕ ਹਥਿਆਰਾਂ ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਪਰ ਉਸ ਦੇ ਪ੍ਰਮੁੱਖ ਕਾਤਲ ਅਜੇ ਤੱਕ ਗ੍ਰਿਫਤਾਰ ਨਹੀਂ ਹੋਏ।ਬੀਤੇ ਸਮੇਂ ਦੌਰਾਨ ਕਬੱਡੀ ਖਿਡਾਰੀ ਨੰਗਲ ਅੰਬੀਆਂ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਘਟਨਾਵਾਂ ਨੇ ਪੰਜਾਬ ਦੇ ਸਮੁੱਚੇ ਮਾਹੌਲ ਨੂੰ ਗਮਗੀਨ ਕੀਤਾ ਸੀ।

ਪੁਲਿਸ ਅਧਿਕਾਰੀਆਂ ਮੁਤਾਬਕ ਪੰਜਾਬ ਵਿੱਚ ਕੁੱਲ 40 ਦੇ ਕਰੀਬ ਗਿਰੋਹ ਹਨ, ਜਿਨ੍ਹਾਂ ਵਿੱਚੋਂ 7-8 ਗਿਰੋਹ ਕਾਫੀ ਸਰਗਰਮ ਹਨ ਅਤੇ 3-4 ਅਜਿਹੇ ਹਨ ਜੋ ਸਭ ਤੋਂ ਵੱਧ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਹਨ।

ਇਹ ਸਭ ਤੋਂ ਵੱਧ ਸਰਗਰਮ ਗਿਰੋਹਾਂ ਵਿੱਚੋਂ ਇੱਕ ਹੈ।ਪੁਲਿਸ ਅਨੁਸਾਰ ਗੋਲਡੀ ਬਰਾੜ ਕੈਨੇਡਾ ਵਿੱਚ ਰਹਿੰਦਾ ਹੈ ਅਤੇ ਉਹ ਉੱਥੋਂ ਗੈਂਗ ਚਲਾ ਰਿਹਾ ਹੈ ਜਦਕਿ ਲਾਰੈਂਸ ਜੇਲ੍ਹ ਵਿੱਚ ਹੈ।ਪੁਲਿਸ ਨੂੰ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ 'ਤੇ ਸ਼ੱਕ ਹੈ। ਬਿਸ਼ਨੋਈ ਗੈਂਗ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਕੰਮ ਕਰਦਾ ਹੈ।"

ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਸਾਥੀ ਗੋਲਡੀ ਬਰਾੜ ਨੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਦੋ ਪੁਰਾਣੇ ਮਾਮਲਿਆਂ ਵਿੱਚ ਇੰਟਰਪੋਲ ਵੱਲੋਂ ਗੋਲਡੀ ਬਰਾੜ ਦੇ ਖਿਲਾਫ਼ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਜਾ ਚੁਕਾ ਹੈ।ਲਾਰੈਂਸ ਅਤੇ ਗੋਲਡੀ ਦੋਵੇਂ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਨਾਲ ਜੁੜੇ ਹੋਏ ਹਨ।ਲਾਰੈਂਸ ਅਬੋਹਰ ਦਾ ਰਹਿਣ ਵਾਲਾ ਹੈ ਅਤੇ ਡੀਏਵੀ ਕਾਲਜ ਵਿੱਚ ਪੜ੍ਹਦਾ ਰਿਹਾ ਹੈ।ਪੁਲਿਸ ਅਧਿਕਾਰੀਆਂ ਦਾ ਇਲਜ਼ਾਮ ਹੈ ਕਿ 2015 ਤੋਂ ਜੇਲ੍ਹ ਵਿੱਚ ਹੋਣ ਦੇ ਬਾਵਜੂਦ, ਉਹ ਫ਼ੋਨ ਅਤੇ ਸੋਸ਼ਲ ਮੀਡੀਆ 'ਤੇ ਆਪਣੇ ਸਾਥੀਆਂ ਨਾਲ ਸੰਪਰਕ ਕਾਇਮ ਰੱਖਦਾ ਰਿਹਾ ਹੈ।ਹਾਲਾਂਕਿ, ਉਹ ਇਸ ਤੋਂ ਇਨਕਾਰ ਕਰਦਾ ਰਿਹਾ ਹੈ ਤੇ ਉਹ ਦਾਅਵਾ ਕਰਦਾ ਹੈ




ਬੰਬੀਹਾ ਗੈਂਗ ਦੀ ਅਗਵਾਈ ਗੌਰਵ (ਉਰਫ਼ ਲੱਕੀ) ਪਟਿਆਲ ਕਰ ਰਿਹਾ ਹੈ।ਬੰਬੀਹਾ ਗੈਂਗ ਦਾ ਨਾਂ ਮ੍ਰਿਤਕ ਗੈਂਗਸਟਰ ਦਵਿੰਦਰ ਬੰਬੀਹਾ ਦੇ ਨਾਂ 'ਤੇ ਰੱਖਿਆ ਗਿਆ ਸੀ ਜੋ 2016 ਵਿਚ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ।ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗਿਰੋਹ ਲਾਰੈਂਸ ਬਿਸ਼ਨੋਈ ਗੈਂਗ ਦਾ ਵਿਰੋਧੀ ਹੈ।ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਇਸ ਗਿਰੋਹ ਦੀ ਅਗਵਾਈ ਇਸ ਸਮੇਂ ਲੱਕੀ ਪਟਿਆਲ ਕਰ ਰਿਹਾ ਹੈ ਅਤੇ "ਜਦੋਂ ਅਸੀਂ ਆਖ਼ਰੀ ਵਾਰ ਸੁਣਿਆ ਸੀ ਕਿ ਉਹ ਅਰਮੇਨੀਆ ਵਿੱਚ ਸੀ।"ਉਸ ਦੇ ਸਹਿਯੋਗੀ ਸੁਖਪ੍ਰੀਤ ਸਿੰਘ ਬੁੱਢਾ ਨੂੰ ਅਰਮੇਨੀਆ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ ਅਤੇ ਨਵੰਬਰ 2019 ਵਿੱਚ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ।

ਪੁਲਿਸ ਦਾ ਇਲਜ਼ਾਮ ਹੈ ਕਿ ਸੁਖਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਪੰਜਾਬੀ ਸੰਗੀਤ ਅਤੇ ਫ਼ਿਲਮ ਇੰਡਸਟਰੀ ਵਿੱਚ ਡਰ ਅਤੇ ਦਹਿਸ਼ਤ ਫੈਲਾਈ ਸੀ।ਗਾਇਕ ਪਰਮੀਸ਼ ਵਰਮਾ 'ਤੇ ਹਮਲੇ ਤੋਂ ਬਾਅਦ ਅਪ੍ਰੈਲ 2018 ਦੌਰਾਨ ਬੁੱਢਾ ਪੰਜਾਬ ਤੋਂ ਭੱਜ ਗਿਆ ਸੀ। ਉਸ ਨੂੰ ਇੰਟਰਪੋਲ ਵੱਲੋਂ ਜਾਰੀ ਰੈੱਡ ਕਾਰਨਰ ਨੋਟਿਸ ਦੇ ਆਧਾਰ 'ਤੇ ਹਿਰਾਸਤ ਵਿਚ ਲਿਆ ਗਿਆ ਸੀ।ਬੁੱਢਾ ਫ਼ਰੀਦਕੋਟ ਜੇਲ੍ਹ ਵਿੱਚ ਸੀ ਪਰ ਪੈਰੋਲ ਮਿਲਣ ਤੋਂ ਬਾਅਦ ਉਹ ਵਾਪਸ ਨਹੀਂ ਆਇਆ।ਪੁਲਿਸ ਨੇ ਦਾਅਵਾ ਕੀਤਾ ਕਿ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜਨਵਰੀ 2017 ਵਿੱਚ ਹਰਿਆਣਾ ਦੇ ਪਿੰਡ ਚੌਟਾਲਾ ਵਿੱਚ ਦੋ ਵਿਅਕਤੀਆਂ ਦਾ ਕਤਲ ਕਰ ਦਿੱਤਾ ਸੀ।14 ਅਪ੍ਰੈਲ, 2018 ਨੂੰ, ਉਸ ਨੇ ਗਾਇਕ ਪਰਮੀਸ਼ ਵਰਮਾ 'ਤੇ ਕਥਿਤ ਤੌਰ 'ਤੇ ਗੋਲੀ ਚਲਾ ਦਿੱਤੀ ਕਿਉਂਕਿ ਉਸ ਨੇ 20 ਲੱਖ ਰੁਪਏ ਦੀ ਜਬਰੀ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਪੰਜਾਬ ਪੁਲਿਸ ਅਨੁਸਾਰ ਇਕ ਹੋਰ ਪ੍ਰਮੁੱਖ ਗੈਂਗਸਟਰ ਲਖਬੀਰ ਸਿੰਘ ਲੰਡਾ ਕੈਨੇਡਾ ਵਿੱਚ ਵਸਿਆ ਪੰਜਾਬ ਦਾ ਗੈਂਗਸਟਰ ਹੈ ਜਿਸਦੇ ਸਿਖ ਖਾੜਕੂਆਂ ਨਾਲ ਸੰਬੰਧ ਹਨ।ਪੁਲਿਸ ਅਨੁਸਾਰ ਉਸ ਨੇ 9 ਮਈ 2022 ਨੂੰ ਮੋਹਾਲੀ ਸਥਿਤ ਇੰਟੈਲੀਜੈਂਸ ਵਿੰਗ ਦੇ ਹੈੱਡ ਕੁਆਰਟਰ 'ਤੇ ਹਮਲੇ ਦੀ ਯੋਜਨਾ ਬਣਾਈ ਸੀ।9 ਮਈ ਦੀ ਰਾਤ ਪੰਜਾਬ ਪੁਲਿਸ ਇੰਟੈਲੀਜੈਂਸ ਹੈੱਡਕੁਆਰਟਰ ਵਿੱਚ ਧਮਾਕਾ ਹੋਇਆ ਸੀਇਸ ਹਮਲੇ ਵਿੱਚ ਰਾਕੇਟ ਪ੍ਰੋਪੇਲਡ ਗ੍ਰੇਨੇਡ ਦੀ ਵਰਤੋਂ ਨੇ ਪੁਲਿਸ ਨੂੰ ਹੋਰ ਵੀ ਹੈਰਾਨ ਕਰ ਦਿੱਤਾ ਕਿਉਂਕਿ ਪਿਛਲੇ ਸਮੇਂ ਵਿੱਚ ਇਸ ਖੇਤਰ ਵਿੱਚ ਅਜਿਹਾ ਨਹੀਂ ਹੋਇਆ ਹੈ।ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਇਸ ਤਰ੍ਹਾਂ ਦੇ ਆਧੁਨਿਕ ਹਥਿਆਰਾਂ ਤੱਕ ਪਹੁੰਚ ਹੈ।

ਗੈਂਗਸਟਰ ਅਰਸ਼ ਡੱਲਾ ਮੋਗਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਪੁਲਿਸ ਦਾ ਕਹਿਣਾ ਹੈ ਕਿ ਅਰਸ਼ ਡੱਲਾ ਹੁਣ ਕੈਨੇਡਾ ਵਿੱਚ ਹੈ।ਪੁਲਿਸ ਅਫ਼ਸਰਾਂ ਦਾ ਦਾਅਵਾ ਸੀ ਕਿ ਉਨ੍ਹਾਂ ਨੇ ਅਰਸ਼ ਡੱਲਾ ਦੇ ਕਰੀਬੀ ਸਹਿਯੋਗੀਆਂ ਦੀ ਗ੍ਰਿਫ਼ਤਾਰੀ ਅਤੇ ਆਈਈਡੀ, ਹੈਂਡ-ਗ੍ਰਨੇਡ ਅਤੇ ਹੋਰ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕਰ ਕੇ ਉਸ ਦੇ ਸਮਰਥਨ ਵਾਲੇ ਕਈ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਸੀ।

ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਗੈਂਗਸਟਰ ਕਤਲ, ਹਥਿਆਰਾਂ ਦੀ ਤਸਕਰੀ ਅਤੇ ਨਸ਼ਾ ਤਸਕਰੀ, ਆਦਿ ਵਿੱਚ ਵੀ ਸ਼ਾਮਲ ਰਹਿੰਦੇ ਹਨ।ਇਹ ਦੋ ਨੰਬਰ ਦੇ ਪੈਸੇ ਨੂੰ ਆਪਣੇ ਹਿਸਾਬ ਨਾਲ ਇੰਡਸਟਰੀ ਵਿੱਚ ਇਨਵੈਸਟ ਵੀ ਕਰਦੇ ਹਨ, ਭਾਵੇਂ ਉਹ ਫਿਲਮ ਹੋਵੇ ਜਾਂ ਕੋਈ ਕਾਰੋਬਾਰ ਹੋਵੇ।

# ਮਜ਼ਦੂਰ ਵਰਗ ਦੇ ਹਿੱਤਾਂ ਵਿੱਚ ਨਹੀਂ ਹੈ 'ਨਵਾਂ ਭਾਰਤ'

ਲੇਖਕ : ਡਾਕਟਰ ਕੇਸਰ ਸਿੰਘ ਭੰਗੂ
ਸੰਪਰਕ: 98154-27127

ਦੁਨੀਆ ਭਰ ਵਿੱਚ ਇੱਕ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮਈ 1886 ਵਿੱਚ ਸ਼ਿਕਾਗੋ ਤੋਂ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਸੰਘਰਸ਼ ਕਰਕੇ, ਸ਼ਹੀਦੀਆਂ ਦੇ ਕੇ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਸੋਸ਼ਣ ਤੋਂ ਨਿਜਾਤ ਪਾਉਣ ਲਈ ਪਹਿਲਾਂ ਰੋਜ਼ਾਨਾ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਾਉਣ ਅਤੇ ਬਾਅਦ ਵਿੱਚ ਹੋਰ ਕਾਨੂੰਨ ਬਣਾਉਣ ਲਈ ਸਰਕਾਰਾਂ ਨੂੰ ਮਜਬੂਰ ਕਰ ਦਿੱਤਾ ਸੀ। ਦੁਨੀਆ ਭਰ ਦੇ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਉਨ੍ਹੀਵੀਂ ਸਦੀ ਦੇ ਅਖੀਰਲੇ ਸਾਲਾਂ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਸੰਗਠਿਤ ਹੋ ਕੇ ਤਿੱਖੇ ਅਤੇ ਵੱਡੇ ਸੰਘਰਸ਼ ਕਰਕੇ ਆਪਣੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਲਈ ਕਾਨੂੰਨ ਅਤੇ ਕਿਰਤ ਕਾਨੂੰਨ ਬਣਾਉਣ ਤੇ ਲਾਗੂ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਸੀ। ਇਸ ਨਾਲ ਦੁਨੀਆ ਭਰ ਵਿੱਚ ਕਿਰਤ ਮਿਆਰਾਂ ਵਿੱਚ ਇਕਸਾਰਤਾ ਲਿਆਉਣ ਅਤੇ ਕਾਮਿਆਂ ਦੀ ਲੁੱਟ-ਖਸੁੱਟ ਅਤੇ ਸ਼ੋਸ਼ਣ ਬੰਦ ਕਰਵਾਉਣ ਦੇ ਮਕਸਦ ਨਾਲ 1919 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੀ ਹੋਂਦ ਸਭ ਤੋਂ ਵੱਧ ਜ਼ਿਕਰਯੋਗ ਘਟਨਾ ਹੈ। ਇਹ ਮਜ਼ਦੂਰਾਂ ਸਬੰਧੀ ਕਾਨੂੰਨਾਂ ਅਤੇ ਮਸਲਿਆਂ ਦੇ ਨਿਬੇੜੇ ਲਈ ਮੀਲ ਪੱਥਰ ਸਾਬਤ ਹੋਈ ਹੈ। ਇਸੇ ਮਕਸਦ ਨਾਲ ਭਾਰਤ ਵਿੱਚ ਵੀ ਮਜ਼ਦੂਰੀ ਦੀਆਂ ਦਰਾਂ, ਸਿਹਤ ਤੇ ਸੁਰੱਖਿਆ, ਕਲਿਆਣ, ਮਜ਼ਦੂਰ ਯੂਨੀਅਨਾਂ, ਸਨਅਤੀ ਝਗੜੇ ਸੁਲਝਾਉਣ, ਰੁਜ਼ਗਾਰ ਦੀ ਸੁਰੱਖਿਆ ਅਤੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੇ ਹੋਰ ਮਸਲਿਆਂ ਸਬੰਧੀ ਅਨੇਕਾਂ ਕਾਨੂੰਨ ਬਣੇ ਅਤੇ ਲਾਗੂ ਕੀਤੇ ਗਏ।

ਭਾਰਤ ਵਿੱਚ 2014 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਨੀਤੀਵਾਨਾਂ, ਮਾਹਿਰਾਂ, ਸਿਆਸਤਦਾਨਾਂ ਅਤੇ ਹੋਰਨਾਂ ਨੇ ਬੜੇ ਜ਼ੋਰ ਸ਼ੋਰ ਨਾਲ ਇਸ ਨੂੰ ਨਵੇਂ ਭਾਰਤ ਦੀ ਸ਼ੁਰੂਆਤ ਦੱਸਿਆ ਸੀ। ਪਰ ਕੀ ਨਵਾਂ ਭਾਰਤ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਵਿੱਚ ਹੈ ਕਿ ਨਹੀਂ? ਅੱਜਕੱਲ੍ਹ ਵੀ ਬੜੇ ਜ਼ੋਰ ਸ਼ੋਰ ਨਾਲ ਕਿਹਾ ਜਾ ਰਿਹਾ ਹੈ 'ਨਵਾਂ ਭਾਰਤ' ਸਿਰਜਿਆ ਜਾ ਰਿਹਾ ਅਤੇ ਦੇਸ਼ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਮਾਮਲੇ ਵਿੱਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਦੇਸ਼ ਬਣ ਜਾਵੇਗਾ। 2047 ਤੱਕ ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ। ਇਸ ਮਕਸਦ ਦੀ ਪੂਰਤੀ ਲਈ ਪਹਿਲਾਂ ਤੋਂ ਹੀ ਉਦਾਰਵਾਦੀ ਨੀਤੀਆਂ ਨੂੰ ਹੋਰ ਉਦਾਰਵਾਦੀ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਸਾਮਰਾਜੀ ਅਤੇ ਪੂੰਜੀਪਤੀ ਸ਼ਕਤੀਆਂ ਨੇ ਸਮੇਂ ਸਮੇਂ ਦੀਆਂ ਸਰਕਾਰਾਂ 'ਤੇ ਨਿਵੇਸ਼ ਵਧਾਉਣ ਅਤੇ ਆਰਥਿਕ ਤਰੱਕੀ ਦੀ ਦਰ ਉੱਚੀ ਕਰਨ ਦੇ ਬਹਾਨੇ ਇਹ ਦਬਾਅ ਬਣਾਇਆ ਕਿ ਮੌਜੂਦਾ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ, ਸਰਮਾਏਦਾਰਾਂ ਅਤੇ ਪੂੰਜੀਪਤੀਆਂ ਦੇ ਪੱਖ ਵਿੱਚ ਤਬਦੀਲੀਆਂ ਕੀਤੀਆਂ ਜਾਣ। ਦੁਨੀਆ ਭਰ ਵਿੱਚ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਨਾਲ ਗੰਢ-ਤੁੱਪ ਕਰਕੇ ਯੋਜਨਾਬੱਧ ਤਰੀਕੇ ਨਾਲ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਵਿਰੁੱਧ ਨਰਮ ਕੀਤਾ ਜਾਂ ਖ਼ਤਮ ਕੀਤਾ ਹੈ। ਭਾਰਤ ਵਿੱਚ ਵੀ 1980ਵਿਆਂ ਤੋਂ ਬਾਅਦ ਕਾਰਪੋਰੇਟ ਸਨਅਤਕਾਰਾਂ ਅਤੇ ਸਰਮਾਏਦਾਰਾਂ ਅਤੇ ਵੱਖ-ਵੱਖ ਕੇਂਦਰ ਸਰਕਾਰਾਂ ਦੀ ਯੋਜਨਾਬੱਧ ਮਿਲੀਭੁਗਤ ਨਾਲ ਮਜ਼ਦੂਰਾਂ ਦੇ ਹੱਕਾਂ ਅਤੇ ਅਧਿਕਾਰਾਂ ਖਿਲਾਫ਼ ਮਜ਼ਦੂਰਾਂ ਸਬੰਧੀ ਕਾਨੂੰਨਾਂ ਵਿੱਚ ਸੋਧਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਅੱਜ ਉਹ ਆਪਣੇ ਇਸ ਮਕਸਦ ਵਿੱਚ ਸਫਲ ਹੋਏ ਹਨ ਕਿਉਂਕਿ ਦੇਸ਼ ਵਿੱਚ ਲਾਗੂ ਸਾਰੇ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਹਿੱਤਾਂ ਦੇ ਵਿਰੁੱਧ ਚਾਰ ਕਿਰਤ ਕੋਡਾਂ ਵਿੱਚ ਬਦਲ ਦਿੱਤਾ ਗਿਆ ਹੈ। ਇਨ੍ਹਾਂ ਕੋਡਾਂ ਨੂੰ ਅਪਰੈਲ 2023 ਤੋਂ ਲਾਗੂ ਕਰਨਾ ਸੀ ਪਰ ਕੁਝ ਰਾਜਸੀ ਕਾਰਨਾਂ ਕਾਰਨ ਫਿਲਹਾਲ ਲਾਗੂ ਨਹੀਂ ਕੀਤੇ ਗਏ।



ਇਨ੍ਹਾਂ ਨੀਤੀਆਂ ਉੱਪਰ ਅਮਲ ਤੋਂ ਬਾਅਦ ਦੇਸ਼ ਵਿੱਚ ਲਘੂ ਅਤੇ ਘਰੇਲੂ ਉਦਯੋਗ ਦੇ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਅਤੇ ਪਤਲੀ ਪੈ ਗਈ ਹੈ। ਨਵੀਆਂ ਨੀਤੀਆਂ ਦੀ ਆੜ ਹੇਠ ਵਿਦੇਸ਼ੀ ਪੂੰਜੀਪਤੀਆਂ, ਕਾਰਪੋਰੇਟ ਘਰਾਣਿਆਂ, ਬਹੁ-ਕੌਮੀ ਕੰਪਨੀਆਂ ਅਤੇ ਭਾਰਤੀ ਪੂੰਜੀਪਤੀਆਂ ਨੂੰ ਵੱਧ ਸਹੂਲਤਾਂ ਦੇ ਕੇ ਲਘੂ ਉਦਯੋਗ ਦੀ ਕੀਮਤ 'ਤੇ ਵੱਡੇ ਉਦਯੋਗਾਂ ਨੂੰ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਇਸੇ ਤਰ੍ਹਾਂ ਬਰਾਮਦਾਂ ਨੂੰ ਵੀ ਕਸਟਮ ਡਿਊਟੀ ਘੱਟ ਕਰ ਕੇ ਅਤੇ ਹੋਰ ਸਹੂਲਤਾਂ ਦੇ ਕੇ ਉਤਸ਼ਾਹਿਤ ਕੀਤਾ ਗਿਆ ਜਿਸ ਨਾਲ ਦੇਸ਼ ਵਿੱਚ ਘਰੇਲੂ ਅਤੇ ਲਘੂ ਉਦਯੋਗ ਦੀਆਂ ਵਸਤਾਂ ਨਾਲੋਂ ਵਿਦੇਸ਼ੀ ਵਸਤਾਂ ਸਸਤੀਆਂ ਹੋ ਗਈਆਂ। ਇਸ ਨਾਲ ਭਾਰਤੀ ਉਦਯੋਗ ਖ਼ਾਸ ਕਰ ਕੇ ਲਘੂ ਉਦਯੋਗ ਨੂੰ ਜ਼ਬਰਦਸਤ ਧੱਕਾ ਲੱਗਿਆ। ਪਿਛਲੇ ਸਮੇਂ ਤੋਂ ਸਰਕਾਰ ਦੀ ਘਰੇਲੂ ਅਤੇ ਲਘੂ ਉਦਯੋਗ ਬਾਰੇ ਕੋਈ ਸਪੱਸ਼ਟ ਨੀਤੀ ਵੀ ਨਹੀਂ ਹੈ ਜਿਸ ਕਾਰਨ ਇਹ ਉਦਯੋਗ ਅਤੇ ਇਨ੍ਹਾਂ ਵਿੱਚ ਲੱਗੇ ਕਾਮੇ ਘੋਰ ਮੰਦੀ ਦਾ ਸ਼ਿਕਾਰ ਹੋ ਗਏ। ਇੱਥੇ ਇਹ ਵਰਨਣਯੋਗ ਹੈ ਕਿ ਇਨ੍ਹਾਂ ਉਦਯੋਗਾਂ ਦਾ ਰੁਜ਼ਗਾਰ ਮੁਹੱਈਆ ਕਰਵਾਉਣ ਵਿੱਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਨ੍ਹਾਂ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਵਾਧਾ ਦਰ ਵੱਡੇ ਉਦਯੋਗਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ ਪਰ ਸਰਕਾਰਾਂ ਨੇ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੀ ਕੋਈ ਸਾਰ ਨਹੀਂ ਲਈ ਅਤੇ ਮਜ਼ਦੂਰਾਂ ਦੀਆਂ ਔਕੜਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਭਾਵੇਂ ਭਾਰਤ ਸਰਕਾਰ ਨੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵੱਲੋਂ ਨਿਰਧਾਰਤ ਕਿਰਤ ਸ਼ਰਤਾਂ ਅਤੇ ਕਿਰਤ ਮਿਆਰਾਂ ਨੂੰ ਅਸੂਲਨ ਮੰਨਿਆ ਹੋਇਆ ਹੈ ਪਰ ਪੜਤਾਲ ਉਪਰੰਤ ਪਤਾ ਲੱਗਦਾ ਹੈ ਕਿ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਦੇਸ਼ ਵਿੱਚ ਇੰਨ-ਬਿੰਨ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੇ ਮੱਦੇਨਜ਼ਰ ਦੇਸ਼ ਵਿੱਚ ਵੱਖ ਵੱਖ ਵਿਸ਼ਿਆਂ ਲਈ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਗਏ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਫੈਕਟਰੀਜ਼ ਐਕਟ, ਘੱਟੋ ਘੱਟ ਉਜਰਤਾਂ ਐਕਟ, ਇੰਡਸਟਰੀਅਲ ਡਿਸਪਿਊਟਸ ਐਕਟ, ਟਰੇਡ ਯੂਨੀਅਨ ਐਕਟ, ਪੇਮੈਂਟ ਆਫ ਬੋਨਸ ਐਕਟ, ਇੰਡਸਟਰੀਅਲ ਸੇਫਟੀ ਐਕਟ, ਬੱਚਿਆਂ ਦੇ ਰੁਜ਼ਗਾਰ ਸਬੰਧੀ ਐਕਟ, ਔਰਤਾਂ ਦੇ ਰੁਜ਼ਗਾਰ ਸਬੰਧੀ ਐਕਟ ਆਦਿ। ਇਹ ਸ਼ਰਤਾਂ ਅਤੇ ਮਿਆਰ ਸਰਕਾਰੀ ਅਦਾਰਿਆਂ ਜਾਂ ਵੱਡੇ ਉਦਯੋਗਾਂ ਵਿੱਚ ਤਾਂ ਲਾਗੂ ਕੀਤੇ ਗਏ ਜਿੱਥੇ ਮਜ਼ਦੂਰ ਯੂਨੀਅਨਾਂ ਸੰਗਠਿਤ ਅਤੇ ਤਕੜੀਆਂ ਹਨ ਪਰ ਛੋਟੇ ਅਨਰਜਿਸਟਰਡ ਅਦਾਰਿਆਂ ਅਤੇ ਗ਼ੈਰ-ਸੰਗਠਿਤ ਖੇਤਰ ਦੇ ਅਦਾਰਿਆਂ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਨਵੀਆਂ ਆਰਥਿਕ ਨੀਤੀਆਂ ਦੇ ਸਮੇਂ ਦੌਰਾਨ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਸਰਕਾਰੀ ਅਦਾਰਿਆਂ ਅਤੇ ਵੱਡੇ ਉਦਯੋਗਾਂ ਵਿੱਚ ਲਾਗੂ ਕਰਨ ਵੇਲੇ ਢਿੱਲ ਮੱਠ ਅਤੇ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਅੰਤਰਰਾਸ਼ਟਰੀ ਕਿਰਤ ਸ਼ਰਤਾਂ ਅਤੇ ਮਿਆਰਾਂ ਅਨੁਸਾਰ ਕੰਮ ਦੇ ਘੰਟੇ, ਘੱਟੋ ਘੱਟ ਉਜਰਤਾਂ ਦੀ ਦਰ, ਛੁੱਟੀਆਂ, ਸਿਹਤ ਸਹੂਲਤਾਂ, ਕੰਮ ਦੀਆਂ ਹਾਲਤਾਂ, ਸਮਾਜਿਕ ਸੁਰੱਖਿਆ, ਮਹਿਲਾ ਮਜ਼ਦੂਰਾਂ ਲਈ ਸਹੂਲਤਾਂ ਆਦਿ ਨੂੰ ਹੁਣ ਲਾਗੂ ਕਰਨ ਲਈ ਸਰਕਾਰਾਂ ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ ਸੁਹਿਰਦ ਨਹੀਂ ਹਨ ਅਤੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਪੱਖੀ ਪਹੁੰਚ ਨਹੀਂ ਅਪਣਾ ਰਹੀਆਂ ਬਲਕਿ ਦੋਗਲੀ ਨੀਤੀ ਅਪਣਾ ਰਹੀਆਂ ਹਨ। ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਇਨ੍ਹਾਂ ਸ਼ਰਤਾਂ ਅਤੇ ਮਿਆਰਾਂ ਨੂੰ ਲਾਗੂ ਕਰਵਾਉਣ ਲਈ ਪਾਏ ਜਾਂਦੇ ਜ਼ੋਰ ਨੂੰ ਬੇਲੋੜਾ ਬਾਹਰੀ ਦਖਲ ਦੱਸ ਕੇ ਨਕਾਰਿਆ ਜਾ ਰਿਹਾ ਹੈ। ਇਨ੍ਹਾਂ ਰੁਝਾਨਾਂ ਅਤੇ ਵਰਤਾਰਿਆਂ ਤੋਂ ਸਾਫ਼ ਅਤੇ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਸਰਕਾਰਾਂ ਨੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਅਤੇ ਹੱਕਾਂ ਦੀ ਸੁਰੱਖਿਆ ਕਰਨ ਤੋਂ ਪਾਸਾ ਵੱਟ ਲਿਆ ਹੈ ਅਤੇ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਬੇਮੁਖ ਹੋ ਗਈਆਂ ਹਨ। ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਣ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਹਾਲਾਤ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਲਈ ਬੇਹੱਦ ਘਾਤਕ ਸਿੱਧ ਹੋ ਰਹੇ ਹਨ।

ਨਵੇਂ ਸਿਰਜੇ ਜਾ ਰਹੇ ਭਾਰਤ ਵਿੱਚ ਸਰਕਾਰਾਂ, ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਅਤੇ ਹੱਕਾਂ ਉੱਤੇ ਹਮਲਿਆਂ ਦੇ ਨਤੀਜੇ ਸਾਹਮਣੇ ਆਏ ਦਿਖਾਈ ਦਿੰਦੇ ਹਨ ਕਿਉਂਕਿ ਅੱਜਕੱਲ੍ਹ ਲੰਮੇ ਸੰਘਰਸ਼ਾਂ ਅਤੇ ਜੱਦੋਜਹਿਦਾਂ ਤੋਂ ਬਾਅਦ ਹੋਂਦ ਵਿੱਚ ਆਈਆਂ ਮਜ਼ਬੂਤ ਯੂਨੀਅਨਾਂ/ਟਰੇਡ ਯੂਨੀਅਨਾਂ ਬਹੁਤ ਕਮਜ਼ੋਰ ਹੋ ਰਹੀਆਂ ਹਨ ਅਤੇ ਲਗਭਗ ਹਾਸ਼ੀਏ 'ਤੇ ਪਹੁੰਚ ਗਈਆਂ ਹਨ। ਜਿਸ ਨਾਲ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਜ਼ਰੂਰੀ ਅਤੇ ਹੱਕੀ ਮੰਗਾਂ ਮਨਵਾਉਣ ਵਿੱਚ ਕਾਫ਼ੀ ਦਿੱਕਤਾਂ ਆ ਰਹੀਆਂ ਹਨ। ਸਰਕਾਰਾਂ ਅਤੇ ਪੂੰਜੀਪਤੀ/ਕਾਰਪੋਰੇਟ ਘਰਾਣੇ ਹੁਣ ਬਿਨਾਂ ਕਿਸੇ ਵਿਰੋਧ ਅਤੇ ਸੰਘਰਸ਼ ਤੋਂ ਮਨਮਾਨੀਆਂ ਕਰਨ ਲੱਗ ਪਏ ਹਨ। ਇਸ ਵਰਤਾਰੇ ਦੇ ਆਉਣ ਵਾਲੇ ਸਮੇਂ ਵਿੱਚ ਮਜ਼ਦੂਰਾਂ, ਮਿਹਨਤਕਸ਼ ਲੋਕਾਂ ਅਤੇ ਟਰੇਡ ਯੂਨੀਅਨਾਂ 'ਤੇ ਹੋਰ ਵੀ ਮਾਰੂ ਪ੍ਰਭਾਵ ਪੈਣਗੇ।

ਹੁਣ ਨਵੇਂ ਸਿਰਜੇ ਜਾ ਰਹੇ ਭਾਰਤ, ਜਿਸ ਦੀ ਚਰਚਾ ਅਤੇ ਪ੍ਰਚਾਰ ਸਰਕਾਰ ਪੱਖੀ ਨੀਤੀਵਾਨਾਂ, ਬੁੱਧੀਜੀਵੀਆਂ, ਕਾਰਪੋਰੇਟ ਘਰਾਣਿਆਂ ਅਤੇ ਹੋਰ ਸਬੰਧਤ ਧਿਰਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ, 'ਤੇ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਵਧਦੀ ਆਮ ਬੇਰੁਜ਼ਗਾਰੀ, ਪੜ੍ਹੇ ਲਿਖੇ ਨੌਜਵਾਨਾਂ ਵਿੱਚ ਵਧਦੀ ਬੇਰੁਜ਼ਗਾਰੀ, ਵੱਡੇ ਪੱਧਰ 'ਤੇ ਪਾਈ ਜਾਂਦੀ ਅਰਧ-ਬੇਰੁਜ਼ਗਾਰੀ/ਘੱਟ ਰੁਜ਼ਗਾਰ ਦੀ ਸਮੱਸਿਆ, ਉੱਚੀਆਂ ਅਤੇ ਵਧਦੀਆਂ ਆਮਦਨ ਅਤੇ ਧਨ ਦੌਲਤ ਵਿੱਚ ਨਾ-ਬਰਾਬਰੀ, ਹਰ ਰੋਜ਼ ਵਧਦੀ ਮਹਿੰਗਾਈ, ਰਿਸ਼ਵਤਖੋਰੀ, ਬੱਚਿਆਂ ਵਿੱਚ ਕੁਪੋਸ਼ਣ ਅਤੇ ਭੁੱਖਮਰੀ ਵਰਗੀਆਂ ਅਲਾਮਤਾਂ ਸਾਫ਼ ਦਿਖਾਈ ਦਿੰਦੀਆਂ ਹਨ। ਸਰਕਾਰਾਂ ਦੁਆਰਾ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਅਣਗੌਲਿਆਂ ਕਰਨ ਦੇ ਵਧਦੇ ਰੁਝਾਨ ਅਤੇ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਹਿੱਤਾਂ ਵਿੱਚ ਭੁਗਤਦੀਆਂ ਨੀਤੀਆਂ ਵੀ ਸਪੱਸ਼ਟ ਨਜ਼ਰ ਪੈਂਦੀਆਂ ਹਨ। ਨਤੀਜੇ ਵਜੋਂ ਧਨਕੁਬੇਰਾਂ, ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਬੇਤਹਾਸ਼ਾ ਵਧਦੀ ਆਮਦਨ ਅਤੇ ਧਨ ਦੌਲਤ ਅਤੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਕੰਮ ਕਰਦੀਆਂ ਸਰਕਾਰਾਂ ਵੀ ਨਜ਼ਰ ਆਉਂਦੀਆਂ ਹਨ। ਇਸ ਲਈ ਇਹ ਸਪੱਸ਼ਟ ਹੈ ਕਿ ਨਵਾਂ ਭਾਰਤ ਅਸਲੀਅਤ ਵਿੱਚ ਮਜ਼ਦੂਰਾਂ, ਮਿਹਨਤਕਸ਼ ਲੋਕਾਂ ਅਤੇ ਆਮ ਲੋਕਾਂ ਦੇ ਹਿੱਤਾਂ ਵਿੱਚ ਨਹੀਂ ਹੈ, ਸਗੋਂ ਇਹ ਤਾਂ ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਲਈ ਸਿਰਜਿਆ ਜਾ ਰਿਹਾ ਨਵਾਂ ਭਾਰਤ ਹੈ। ਹੁਣ ਸਮਾਂ ਮੰਗ ਕਰਦਾ ਹੈ ਕਿ ਜੇਕਰ ਨਵਾਂ ਭਾਰਤ ਆਮ ਲੋਕਾਂ, ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਲਈ ਸਿਰਜਣਾ ਹੈ ਤਾਂ ਆਰਥਿਕ ਅਤੇ ਹੋਰ ਨੀਤੀਆਂ ਵਿੱਚ ਲੋਕ ਪੱਖੀ ਤਬਦੀਲੀਆਂ ਕਰ ਕੇ ਹੀ ਸਿਰਜਿਆ ਜਾ ਸਕਦਾ ਹੈ ਨਹੀਂ ਤਾਂ ਆਮ ਲੋਕਾਂ, ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਲਈ ਪੁਰਾਣਾ ਭਾਰਤ ਹੀ ਵਧੀਆ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)



NEWTON DENTURE CLINIC INC.
Web: www.newtowndentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



# ਮਾਨਵਤਾ ਨੂੰ ਸਮਰਪਿਤ ਰੈੱਡ ਕਰਾਸ

**8 ਮਈ 'ਤੇ ਵਿਸ਼ੇਸ਼**

ਲੇਖਕ : ਸ਼ੰਕਰ ਮਹਿਰਾ, ਸੰਪਰਕ : 9988898227

ਦੁਨੀਆ ਵਿਚ ਸਮੇਂ ਸਮੇਂ ਤੇ ਯੁੱਧ ਅਤੇ ਮਹਾਂਯੁੱਧ ਹੁੰਦੇ ਰਹੇ ਹਨ ਜਿਸਦੇ ਚਲਦਿਆ ਲੱਖਾਂ ਲੋਕਾਂ ਨੇ ਆਪਣੀਆਂ ਕੀਮਤੀ ਜਾਨਾਂ ਗਵਾ ਦਿੱਤੀਆਂ ਇਸਦੇ ਨਾਲ ਨਾਲ ਕਈ ਪ੍ਰਕ੍ਰਿਤਿਕ ਆਪਦਾਵਾਂ ਨੇ ਵੀ ਆਪਣੇ ਤਾਂਡਵ ਨਾਲ ਭਾਰੀ ਤਬਾਹੀ ਮਚਾਈ । ਰੈੱਡ ਕਰਾਸ ਇਕ ਅਜਿਹੀ ਗ਼ੈਰ-ਸਰਕਾਰੀ ਸੰਸਥਾ ਹੈ, ਜੋ ਕੁਦਰਤੀ ਜਾਂ ਯੁੱਧ ਕਾਰਨ ਪੈਦਾ ਹੋਏ ਸੰਕਟ ਸਮੇਂ ਸੰਕਟ ਗ੍ਰਸਤ ਮਨੁੱਖਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਪੱਖ ਤੋਂ ਸਹਾਇਤਾ ਕਰਦੀ ਹੈ। ਰੈੱਡ ਕਰਾਸ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਅਜਿਹੀ ਕੋਈ ਸੰਸਥਾ ਨਹੀਂ ਸੀ, ਜਿਹੜੀ ਵੱਡੇ ਪੱਧਰ 'ਤੇ ਯੁੱਧ ਵਿਚ ਜ਼ਖ਼ਮੀ ਹੋਏ ਸੈਨਿਕਾਂ ਜਾਂ ਆਮ ਨਾਗਰਿਕਾਂ ਨੂੰ ਤੁਰੰਤ ਸਹਾਇਤਾ ਪਹੁੰਚਾ ਸਕਦੀ ਹੋਵੇ। ਅਜਿਹਾ ਹੋਣ ਕਾਰਨ ਬਹੁਤ ਸਾਰੇ ਜ਼ਖ਼ਮੀ ਲੋਕ ਮੌਕੇ 'ਤੇ ਸਹਾਇਤਾ ਨਾ ਮਿਲਣ ਕਾਰਨ ਦਮ ਤੋੜ ਦਿੰਦੇ ਸਨ ਜਾਂ ਨਕਾਰਾ ਹੋ ਜਾਂਦੇ ਸਨ। ਅਜਿਹਾ ਹੀ ਕੁਝ ਕਿਸੇ ਵੱਡੀ ਕੁਦਰਤੀ ਆਫ਼ਤ ਆਉਣ ਸਮੇਂ ਵਾਪਰਦਾ ਸੀ। ਇਹ ਸਭ ਦੇ ਚਲਦਿਆ ਸਰ ਜੀਨ ਹੈਨਰੀ ਡੁਨਾਂਟ ਨੇ ਕੁੱਝ ਅਜਿਹਾ ਕੰਮ ਕੀਤਾ ਜਿਸਨੇ ਜਿਸਨੇ ਮਾਨਵ ਸੇਵਾ ਦਾ ਇੱਕ ਨਵਾਂ ਰਾਹ ਖੋਲ ਦਿੱਤਾ

ਜੀਨ ਹੇਨਰੀ ਡੁਨਾਂਟ ਦਾ ਜਨਮ 8 ਮਈ 1828 ਨੂੰ ਜਨੇਵਾ (ਸਵਿਜਟਰਲੈਂਡ) ਵਿਚ ਜੀਨ ਜੈਕ ਡੁਨਾਂਟ ਦੇ ਘਰ ਮਾਤਾ ਏਨ ਐਨਟੋਇਨੀ ਦੀ ਕੁੱਖੋਂ ਹੋਇਆ । ਵਿਦਿਆ ਤੋਂ ਬਾਅਦ 1853 ਤੋਂ 1858 ਤਕ ਨੌਕਰੀ ਕਰਨ ਉਪਰੰਤ ਆਟਾ ਪੀਹਣ ਦਾ ਕਾਰਖਾਨਾ ਲਾਉਣ ਲਈ ਮਿੱਤਰਾਂ ਨਾਲ ਸੁਸਾਇਟੀ ਬਣਾਈ । 24 ਜੂਨ 1859 ਨੂੰ ਇਟਲੀ ਤੇ ਆਸਟਰੀਆ ਵਿਚਕਾਰ ਸਾਲਫਰੀਨੋ ਸ਼ਹਿਰ ਵਿਚ ਯੁੱਧ ਲੱਗ ਗਿਆ । ਇਕ ਪਾਸੇ ਇਟਲੀ ਨਾਲ ਫਰਾਂਸ ਤੇ ਦੂਜੇ ਪਾਸੇ ਆਸਟਰੀਆ ਨਾਲ ਪਰਸ਼ੀਆ ਸਨ । ਹੈਨਰੀ ਜੰਗ ਵਾਲੀ ਥਾਂ ਨੇੜੇ ਠਹਿਰਿਆ ਹੋਇਆ ਸੀ । ਚਾਰੇ ਪਾਸੇ ਖੂਨ ਨਾਲ ਲੱਥਪੱਥ ਮੈਦਾਨ ਦਿਖ ਰਿਹਾ ਸੀ। ਦੋਹਾਂ ਪਾਸਿਆਂ ਤੋਂ 40000 ਦੇ ਕਰੀਬ ਸੈਨਿਕ ਯੁੱਧ ਖੇਤਰ ਵਿੱਚ ਜਖ਼ਮੀ ਹੋਏ । ਪਾਣੀ ਦੀ ਇਕ-ਇਕ ਬੂੰਦ ਲਈ ਜ਼ਖ਼ਮੀ ਸੈਨਿਕ ਕਰਾਹ ਰਹੇ ਸਨ। ਮੈਦਾਨ ਵਿਚ ਉਨਾਂ ਨੂੰ ਤੜਫਦੇ ਵੇਖ ਕੇ ਹੈਨਰੀ ਦਾ ਦਿਲ ਤੜਪ ਉਠਿਆ । ਸਰ ਹੇਨਰੀ ਨੇ ਦੇਖਿਆ ਕਿ ਯੁੱਧ ਦੇ ਦੌਰਾਨ , ਅਤੇ ਕੁਦਰਤੀ ਆਪਦਾਵਾਂ ਦੇ ਚਲਦਿਆ ਕਿਵੇਂ ਹਜਾਰਾਂ ਲੋਕਾਂ ਦੀ ਜਾਨ ਜਾ ਰਹੀ ਹੈ ਅਤੇ ਪੀੜਿਤ ਲੋਕਾਂ ਲਈ ਕਿਸੇ ਕਿਸਮ ਦੀ ਮੈਡੀਕਲ ਸੁਵਿਧਾ ਦਾ ਬੰਦੋਬਸਤ ਨਹੀਂ ਹੈ ਇਲਾਜ ਨਾ ਹੋਣ ਕਾਰਨ ਲੋਕ ਤੜਫ ਤੜਫ ਕੇ ਮਰਣ ਲਈ ਮਜਬੂਰ ਹਨ । ਉਹ ਭਾਵੇਂ ਇਕੱਲਾ ਸੀ ਪਰੰਤੂ ਇਨ੍ਹਾਂ ਤੜਪ ਰਹੇ ਸੈਨਿਕਾਂ ਦੀ ਜਾਨ ਬਚਾਉਣ ਹਿੱਤ ਸਹਾਇਤਾ ਲਈ ਮੈਦਾਨ ਵਿੱਚ ਨਿੱਤਰ ਪਿਆ। ਉਸ ਨੇ ਇਟਲੀ ਵਿਚਲੇ ਕਸਬੇ ਕਾਸਟੀਲੀਅਨ ਦੇ ਪੁਰਸ਼, ਇਸਤਰੀਆਂ ਅਤੇ ਜਵਾਨ ਲੜਕੇ ਲੜਕੀਆਂ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਜ਼ਖ਼ਮੀਆਂ ਦੀ ਸੇਵਾ ਲਈ ਪ੍ਰੇਰਿਤ ਕੀਤਾ। ਉਸਨੇ ਪਿੰਡ ਦੇ ਲੋਕਾਂ ਨੂੰ ਲੈ ਕੇ ਗਿਰਜਾ ਘਰਾਂ,ਮੰਦਰਾਂ, ਹਸਪਤਾਲਾਂ ਵਿਚ ਪੁਚਾਇਆ । ਦੋਸਤਾਂ ਤੋਂ ਇਹ ਪ੍ਰਣ ਲਿਆ ਕਿ ਉਹ ਬਿਨਾ ਕਿਸੇ ਭੇਦ ਭਾਵ ਦੇ ਸਾਰੇ ਜ਼ਖਮੀਆਂ ਦੀ ਸੇਵਾ ਕਰਨਗੇ । 31 ਸਾਲ ਦੀ ਉਮਰ ਵਿਚ ਡਿਊਨਾ ਨੇ ਜਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰਨ ਲਈ ਆਪਣਾ ਜੀਵਨ ਅਰਪਣ ਕਰਨ ਦਿਤਾ।ਸਰ ਹੈਨਰੀ ਡਿਊਨਾਟ 49 ਸਾਲ ਵੱਖ ਵੱਖ ਦੇਸ਼ਾਂ ਵਿਚ ਪ੍ਰਚਾਰ ਕਰਦਾ ਰਿਹਾ । 30 ਅਕਤੂਬਰ 1910 ਨੂੰ ਹੇਡਨ ਹਸਪਤਾਲ ਵਿਚ ਦਿਹਾਂਤ ਹੋ ਗਿਆ ।

1862 ਵਿੱਚ ਓਹਨਾ ਨੇ ਆਪਣੀ ਇੱਕ ਕਿਤਾਬ 'ਸਾਲਫਰੀਨੋ ਦੀ ਯਾਦ'( ਅ'ਈਮੋਰੋ ਡ ਸ਼ਓਲਫੇਰਿਨੋ ) ਪ੍ਰਕਾਸ਼ਿਤ ਕੀਤੀ ਇਸ ਪੁਸਤਕ ਰਾਹੀਂ ਹੈਨਰੀ ਨੇ ਹਰ ਦੇਸ਼ ਵਿੱਚ ਇੱਕ ਅਜਿਹੀ ਸੰਸਥਾ ਬਨਾਉਣ ਦਾ ਵਿਚਾਰ ਰੱਖਿਆ ਜੋ ਯੁੱਧ ਦੌਰਾਨ ਹੋਣ ਵਾਲੇ ਜਖਮੀ ਸੈਨਿਕਾਂ ਦੀ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਸੰਭਾਲ ਕਰ ਸਕੇ। ਇਸ ਵਿਚਾਰ ਦੇ ਹੱਕ ਵਿੱਚ ਹਰ ਪਾਸਿਓਂ ਹੁੰਗਾਰਾ ਮਿਲਿਆ।

ਸਰ ਜੀਨ ਹੇਨਰੀ ਡੁਨਾਂਟ ਨੇ 1863 ਵਿਚ ਜੇਨੇਵਾ ਵਿਖੇ ਇਕ ਕਮੇਟੀ ਦਾ ਗਠਨ ਕੀਤਾ, ਜਿਸ ਦਾ ਨਾਂਅ 'ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ (ਆਈ.ਸੀ.ਆਰ.ਸੀ.) ' ਰੱਖਿਆ ਗਿਆ, ਜਿਸਦਾ ਉਦੇਸ਼ ਦੁਨੀਆ ਭਰ ਵਿੱਚ ਆਪਾਤਕਾਲੀਨ ਸਥਿਤੀਆਂ ਜਿਵੇਂ ਯੁੱਧਾ , ਕੁਦਰਤੀ ਆਪਦਾਵਾਂ ਦੇ ਸ਼ਿਕਾਰ ਲੋਕਾਂ ਨੂੰ ਮਾਨਵੀ ਸਹਾਇਤਾ ਪ੍ਰਦਾਨ ਕਰਨਾ ਸੀ ।

ਗਠਨ ਦੇ ਇੱਕ ਸਾਲ ਦੇ ਵਿੱਚ ਇੰਟਰਨੈਸ਼ਨਲ ਰੈੱਡ ਕਰਾਸ ਸੰਸਥਾ ਨੇ ਯੂਰੋਪ ਦੇ ਕਈ ਦੇਸ਼ਾਂ ਅਤੇ ਸਮਾਜਿਕ ਸੰਗਠਨਾਂ ਦੇ ਪ੍ਰਤਿਨਿਧਿਆ ਕੋਲ ਡੁਨਾਂਟ ਪ੍ਰਸਤਾਵ ਭੇਜਿਆ ਜਿਸ ਵਿੱਚ ਰਾਸ਼ਟਰੀ ਆਪਦਾ ਦੇ ਸਮੇਂ ਸੈਨਿਕ ਚਿਕਿਤਸਾ ਦੀ ਗੱਲ ਕਹੀ ਗਈ । ਡੁਨਾਂਟ ਦੇ ਇਸ ਪ੍ਰਸਤਾਵ ਨੂੰ ਸੁਨ ਕੇ ਕਈ ਦੇਸ਼ਾਂ ਨੇ ਜਨੇਵਾ ਵਿਖੇ ਇੰਟਰਨੈਸ਼ਨਲ ਰੈੱਡ ਕਰਾਸ ਸੰਸਥਾ ਨਾਲ ਬੈਠਕ ਕੀਤੀ ਅਤੇ ਇਸ ਪ੍ਰਸਤਾਵ ਉੱਤੇ ਚਰਚਾ ਹੋਈ । ਆਖਿਰਕਾਰ ਹੇਨਰੀ ਦੀ ਮਿਹਨਤ ਰੰਗ ਲਿਆਈ ।

ਕੁਝ ਮੁਲਕਾਂ ਦੇ ਪ੍ਰਤੀਨਿਧਾਂ ਦੀ ਕਾਨਫਰੰਸ ਜਿਨੇਵਾ ਵਿਖੇ 1864 ਵਿਚ ਕੀਤੀ ਗਈ ਅਤੇ ਪ੍ਰਤੀਨਿਧਾਂ ਵੱਲੋਂ ਸਰ ਹੈਨਰੀ ਡੁਨਾਂਟ ਵੱਲੋਂ ਦਿੱਤੇ ਗਏ ਸੁਝਾਵਾਂ ਦੀ ਸ਼ਲਾਘਾ ਕੀਤੀ ਗਈ ।

ਆਖਿਰਕਾਰ ਸਰ ਜੀਨ ਹੇਨਰੀ ਡੁਨਾਂਟ ਦੇ ਯਤਨਾਂ ਸਦਕਾ 1864 ਵਿਚ ਪਹਿਲਾ ਜਿਨੇਵਾ ਸਮਝੌਤਾ ਹੋਇਆ। ਸ਼ੁਰੂ ਵਿੱਚ ਇਸ ਸਮਝੌਤੇ ਵਿਚ 12 ਮੁਲਕਾਂ ਨੇ ਦਸਤਖ਼ਤ ਕੀਤੇ । ਇਸ ਸਮਝੌਤੇ ਵਿਚ ਇਹ ਗੱਲਾਂ ਸ਼ਾਮਲ ਕੀਤੀਆਂ ਗਈਆਂ :

- ਯੁੱਧ ਬੰਦੀਆਂ ਦੇ ਅਧਿਕਾਰਾਂ ਅਤੇ ਮਾਨਵੀ ਮੁੱਲਾਂ ਦੀ ਰੱਖਿਆ ਕਰਨਾ।
- ਜੰਗੀ ਕੈਦੀਆਂ ਨਾਲ ਮਨੁੱਖੀ ਸਲੂਕ।
- ਅਪਾਹਜ਼ਾਂ ਦੀ ਸੇਵਾ ।
- ਹਵਾਈ, ਥਲ ਤੇ ਜਲ ਫੌਜ ਦੇ ਜ਼ਖ਼ਮੀਆਂ ਤੇ ਕੁਦਰਤੀ ਆਫ਼ਤਾਂ ਦੇ ਮਾਰਿਆਂ ਦੀ ਸੰਭਾਲ,
- ਯੁੱਧ ਵਿੱਚ ਜਖ਼ਮੀ ਹੋਏ ਅਤੇ ਬਿਮਾਰ ਸੈਨਿਕਾਂ ਨੂੰ ਸੁਰੱਖਿਆ ਮੁਹਈਆ ਕਰਾਉਣਾ ।
- ਇਸੇ ਸਮਝੌਤੇ ਦੌਰਾਨ ਸਫੇਦ ਪੱਟੀ ਉੱਤੇ ਲਾਲ ਰੰਗ ਦੇ ਕਰਾਸ ਦੇ ਨਿਸ਼ਾਨ ਨੂੰ ਮਾਨਤਾ ਦਿੱਤੀ ਗਈ ਜੋ ਰੈੱਡ ਕਰਾਸ ਸੰਸਥਾ ਦਾ ਚਿੰਨ੍ਹ ਬਣਿਆ ।

### ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ ਦਾ ਯੋਗਦਾਨ

- ਲੜਾਈ ਵਿੱਚ ਫਸੇ ਸੈਨਿਕਾਂ ਅਤੇ ਨਾਗਰਿਕਾਂ ਦਾ ਇਲਾਜ ਅਤੇ ਹੋਰ ਮਨੁੱਖੀ ਮਦਦ ਕਰਨਾ।
- ਅੰਤਰਰਾਸ਼ਟਰੀ ਮਾਨਵ ਅਧਿਕਾਰ ਕਾਨੂਨ ਦਾ ਗਠਨ ਅਤੇ ਲਾਗੂ ਕਰਨਾ।
- ਜੇਨੇਵਾ ਕਨਵੈਂਸ਼ਨ ਅਤੇ ਰੈੱਡ ਕਰਾਸ ਸੋਸਾਇਟੀ ਅਤੇ ਰੈੱਡ ਕ੍ਰੇਸੇਂਟ ਅੰਦੋਲਨ ।
- ਦੁਨੀਆ ਭਰ ਦੇ ਦੇਸ਼ਾਂ ਵਿੱਚ ਲੋਕਾਂ ਨੂੰ ਆਰਥਿਕ ਸੁਰੱਖਿਆ , ਵਿਛੜੇ ਪਰਿਵਾਰ ਨੂੰ ਮਿਲਾਉਣਾ , ਪੀਣ ਦਾ ਪਾਣੀ ਮੁਹਈਆ ਕਰਾਉਣਾ ।
- ਸਿੱਖਿਆ, ਸਿਹਤ ਅਤੇ ਘਰ ਮੁਹਈਆ ਕਰਾਉਣਾ ।
- ਮੁੜ ਵਸੇਬਾ ਤੇ ਸੰਸਾਰ ਵਿੱਚ ਅਮਨ-ਸ਼ਾਂਤੀ ਲਈ ਸਾਰਥਕ ਯਤਨ ਕਰਨਾ ਹੈ।

### ਰੈੱਡ ਕਰਾਸ ਦੇ ਰਾਹ ਵਿੱਚ ਕਈ ਚੁਣੌਤੀਆਂ

ਰੈੱਡ ਕਰਾਸ ਦੇ ਰਾਹ ਵਿੱਚ ਕਈ ਚੁਣੌਤੀਆਂ ਵੀ ਆਈਆਂ ਹਨ । ਦੁਨੀਆ ਦੇ ਕਈ ਦੇਸ਼ਾਂ ਵਿੱਚ ਵੱਧ ਤੋਂ ਵੱਧ ਪ੍ਰਮਾਣੂ ਹਥਿਆਰ ਬਣਾਉਣ ਦੀ ਹੋੜ ਲੱਗੀ ਹੋਈ ਹੈ । ਪਾਕਿਸਤਾਨ, ਅਫਗਾਨਿਸਤਾਨ , ਈਰਾਨ, ਸੀਰੀਆ ਵਰਗੇ ਕਈ ਮੁਲਕ ਅੱਤਵਾਦ ਨਾਲ ਜੂਝ ਰਹੇ ਹਨ । ਅਕਸਰ ਅੱਤਵਾਦੀ ਰੈੱਡ ਕਰਾਸ ਦੇ ਮੈਂਬਰਾ ਦਾ ਅਪਹਰਣ ਕਰ ਲੈਂਦੇ ਸਨ ਅਤੇ ਓਹਨਾ ਨੂੰ ਮਾਰ ਦਿੰਦੇ ਸਨ । ਇਸਦੇ ਬਾਵਜੂਦ ਵੀ ਰੈੱਡ ਕਰਾਸ ਸੰਸਥਾ ਦੇ ਮੈਂਬਰ ਸੇਵਾ ਦੇ ਰਾਹ ਤੋਂ ਪਿਛੇ ਨਹੀਂ ਹਟਦੇ ।

### ਪ੍ਰਾਪਤੀਆਂ

- ਪਹਿਲੇ ਵਿਸ਼ਵ ਯੁੱਧ ਦੌਰਾਨ ਬਹੁਤ ਸਾਰੇ ਜਖਮੀਆਂ ਦਾ ਇਲਾਜ ਕੀਤਾ ਗਿਆ ।
- ਦੂੱਜੇ ਵਿਸ਼ਵ ਯੁੱਧ ਦੌਰਾਨ ਅਫ਼ਰੀਕਾ ਅਤੇ ਪੱਛਮੀ ਏਸ਼ੀਆ ਵਿੱਚ ਹਜਾਰਾਂ ਲੋਕ ਮਾਰੇ ਗਏ ਇਸੇ ਦੌਰਾਨ ਜਖਮੀਆਂ ਦੀ ਸੇਵਾ ਰੈੱਡ ਕਰਾਸ ਸੋਸਾਇਟੀ ਨੇ ਕੀਤੀ ।
- ਖੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ ।
- ਖੂਨਦਾਨ ਜਾਗਰੂਕਤਾ ਅਭਿਆਨ ਚਲਾਏ ਗਏ ।
- ਰੈੱਡ ਕਰਾਸ ਸੰਸਥਾ ਦੁਆਰਾ ਚਲਾਏ ਗਏ ਖੂਨਦਾਨ ਜਾਗਰੂਕਤਾ ਅਭਿਆਨ ਕਾਰਣ , ਲੱਖਾਂ ਲੋਕਾਂ ਨੂੰ , ਜਾਨਲੇਵਾ ਬਿਮਾਰੀਆਂ ਜਿਵੇਂ ਕੈਂਸਰ , ਅਨੀਮੀਆ ਥੇਲੀਸੀਮੀਆ ਤੋਂ ਛੁਟਕਾਰਾ ਮਿਲਿਆ ।
- ਪਿੰਡਾਂ ਅਤੇ ਸ਼ਹਿਰਾਂ ਵਿੱਚ ਐਮਬੂਲੈਂਸ ਅਤੇ ਦਵਾਈਆਂ ਪਹੁੰਚਾਉਣ ਦਾ ਕੰਮ ।
- ਅੱਤਵਾਦ ਅਤੇ ਯੁੱਧ ਦੌਰਾਨ ਮਾਰੇ ਗਏ ਲੋਕਾਂ ਦੀਆਂ ਮ੍ਰਿਤਕ ਦੇਹਾਂ ਦਾ ਸੰਸਕਾਰ ।
- ਯੁੱਧ ਬੰਦੀਆਂ ਅਤੇ ਪ੍ਰਭਾਵਿਤ ਲੋਕਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ।
- ਪਹਿਲੇ ਵਿਸ਼ਵ ਯੁੱਧ ਦੌਰਾਨ ਰੈੱਡ ਕਰਾਸ ਨੇ ਵੀਹ ਕਰੋੜ ਚਿੱਠੀਆਂ ਯੁੱਧ ਨਾਲ ਸੰਬੰਧਿਤ ਦੇਸ਼ਾਂ ਨੂੰ ਲਿਖੀਆਂ । ਦੋ ਲੱਖ ਦੇ ਕਰੀਬ ਯੁੱਧ ਬੰਦੀਆਂ ਨੂੰ ਛੁਡਵਾਇਆ । ਰੈੱਡ ਕਰਾਸ ਦੇ 41 ਪ੍ਰਤੀਨਿਧੀਆਂ ਨੇ ਯੂਰੋਪ ਵਿੱਚ 524 ਰਾਹਤ ਕੈਂਪਾ ਦਾ ਦੌਰਾ ਕੀਤਾ ।

ਰੈੱਡ ਕਰਾਸ ਸੁਸਾਇਟੀ ਦੇ ਯਤਨਾਂ ਸਦਕਾ ਹੀ ਪਹਿਲੇ ਸਮਝੌਤੇ ਤੋਂ ਬਾਅਦ ਤਿੰਨ ਹੋਰ ਸਮਝੌਤੇ ਵੀ ਕੀਤੇ ਗਏ ਹਨ । ਸਮੇਂ ਵਿੱਚ ਰੈੱਡ ਕਰਾਸ ਸੰਸਥਾ ਦਾ ਦਾਇਰਾ ਹੋਰ ਵੀ ਵੱਧ ਗਿਆ ਹੈ ਮੌਜੂਦਾ ਸਮੇਂ ਵਿੱਚ ਰੈੱਡ ਕਰਾਸ ਸੰਸਥਾ ਦਾ ਕੰਮ ਖੂਨ ਜਮਾ ਕਰਨਾ , ਜਰੂਰਤ ਸਮੇਂ ਸਹੀ ਠਿਕਾਣੇ ਤੇ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ । ਵਿਸ਼ਵ ਦਾ ਪਹਿਲਾ ਬਲੱਡ ਬੈਂਕ ਵੀ ਰੈੱਡ ਕਰਾਸ ਦੇ ਯਤਨਾਂ ਸਦਕਾ ਅਮਰੀਕਾ ਵਿੱਚ 1937 ਵਿੱਚ ਖੋਲਿਆ ਗਿਆ ਅਤੇ ਭਾਰਤ ਵਿੱਚ 1942 ਵਿੱਚ ਕਲਕੱਤੇ ਦੇ ਆਲ ਇੰਡੀਆ ਇੰਸਟੀਚਿਊਟ ਆੱਫ਼ ਹਾਈਜੀਨ ਐਂਡ ਪਬਲਿਕ ਹੈਲਥ ਦੇ ਅਧੀਨ ਭਾਰਤੀ ਰੈੱਡ ਕਰਾਸ ਸੋਸਾਇਟੀ ਦੁਆਰਾ ਪਹਿਲਾ ਬਲੱਡ ਬੈਂਕ ਸਥਾਪਿਤ ਕੀਤਾ ਗਿਆ। ਸਾਲ 1977 ਵਿੱਚ ਭਾਰਤੀ ਰੈੱਡ ਕਰਾਸ ਸੋਸਾਇਟੀ ਹੈੱਡਕੁਆਟਰ ਦੁਆਰਾ ਸਿਧੇ ਤੌਰ ਤੇ ਬਲੱਡ ਬੈਂਕਾਂ ਦਾ ਸੰਚਾਲਨ ਕੀਤਾ ਜਾਣ ਲੱਗਾ ਅਤੇ ਇਸਦੇ ਤਹਿਤ ਵੱਖੋ ਵੱਖਰੇ ਰਾਜਾਂ ਵਿੱਚ ਇਸਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ। ਅੱਜ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਬਲੱਡ ਬੈਂਕਾਂ ਦਾ ਸੰਚਾਲਨ ਰੈੱਡ ਕਰਾਸ ਜਾ ਉਸਦੀਆਂ ਸਹਿਯੋਗੀ ਸੰਸਥਾਵਾਂ ਕਰਦੀਆਂ ਆ ਰਹੀਆਂ ਹਨ ਰੈੱਡ ਕਰਾਸ ਦੁਆਰਾ ਚਲਾਏ ਜਾਗਰੂਕਤਾ ਅਭਿਆਨ ਸਦਕਾ, ਅੱਜ ਲੱਖਾਂ ਜਾਨਾਂ ਜੋ ਖੂਨ ਦੀ ਕਮੀ ਨਾਲ ਜਾਨਾਂ ਤੋਂ ਹੱਥ ਧੋ ਬੈਠਦੀਆਂ ਸਨ, ਨੂੰ ਨਵਾਂ ਜੀਵਨ ਮਿਲਿਆ ਹੈ।

ਸਵਿਟਜ਼ਰਲੈਂਡ ਦਾ ਝੰਡਾ ਉਲਟਾ ਕਰਕੇ ਰੈਡ ਕਰਾਸ ਦਾ ਝੰਡਾ ਹੋਂਦ ਵਿਚ ਆਇਆ । ਜੋ ਪੰਜ ਵਰਗਾਂ ਨੂੰ ਜੋੜ ਕੇ ਬਣਾਇਆ ਗਿਆ ।

ਸਫੇਦ ਪੱਟੀ ਤੇ ਲਾਲ ਰੰਗ ਦਾ ਕਰਾਸ ਦਾ ਚਿਨ੍ਹ ਇਸ ਸੰਸਥਾ ਦਾ ਨਿਸ਼ਾਨ ਹੈ । ਇਹ ਚਿੰਨ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਸੇਵਾ ਕਰਨ ਦਾ ਇੱਕ ਪ੍ਰਤੀਕ ਬਣ ਗਿਆ ਹੈ । ਅਜ ਕਲ ਜੰਗ ਦੌਰਾਨ ਜੰਗ ਦੇ ਖੇਤਰ ਵਿਚ ਕੰਮ ਕਰਦੀਆਂ ਸੁਸਾਇਟੀਆਂ ਜਖ਼ਮੀ ਲੋਕਾਂ ਦੀ ਸੰਭਾਲ ਕਰਦੇ ਸਮੇਂ ਰੈਡ ਕਰਾਸ ਦਾ ਚਿੰਨ੍ਹ (ਲਾਲ ਰੰਗ ਦਾ ਜਮਾਂ ਨਿਸ਼ਾਨ) ਵਰਤਦੀਆਂ ਹਨ।

ਡਾਕਟਰੀ ਸੇਵਾਵਾਂ ਸਮੇਂ ਐਂਬੂਲੈਂਸ ਉਪਰ ਇਹ ਨਿਸ਼ਾਨ ਲੱਗਾ ਹੁੰਦਾ ਹੈ। ਸ਼ੁਰੂ ਵਿਚ ਇਸ ਸੰਸਥਾ ਦਾ ਉਦੇਸ਼ ਜਖ਼ਮੀ ਸੈਨਿਕਾਂ ਦੀ ਫਸਟ ਏਡ ਕਰਨਾ ਸੀ ਪਰ ਹੁਣ ਇਸ ਦਾ ਘੇਰਾ ਵਧਾ ਕੇ ਕੁਦਰਤੀ ਆਫਤਾਂ ਗਰੀਬ ਅਪਾਹਜਾਂ, ਸ਼ਰਨਾਰਥੀਆਂ,ਕੈਦੀਆਂ,ਸੜਕ ਹਾਦਸੇ, ਬਿਮਾਰੀਆਂ ਦੀ ਮਦਦ ਕਰਨੀ ਵੀ ਹੈ।

ਅੱਜ ਰੈੱਡ ਕਰਾਸ ਅੰਤਰਰਾਸ਼ਟਰੀ ਮਾਨਵੀ ਸੰਗਠਨ ਬਣ ਚੁੱਕਾ ਹੈ ਦੁਨੀਆ ਭਰ ਵਿੱਚ ਲਗਭਗ 190 ਦੇਸ਼ ਰੈਡ ਕਰਾਸ ਦੇ ਮੈਂਬਰ ਹਨ। ਰੈੱਡ ਕਰਾਸ ਦਾ ਮੁੱਖ ਦਫ਼ਤਰ ਜਿਨੇਵਾ (ਸਵਿਟਜ਼ਰਲੈਂਡ) ਵਿਖੇ ਹੈ। 1901 ਵਿੱਚ ਹੈਨਰੀ ਡੁਨਾਂਟ ਨੂੰ ਪਹਿਲਾ ਨੋਬਲ ਸ਼ਾਂਤੀ ਇਨਾਮ ਦਿੱਤਾ ਗਿਆ । ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਬਿਮਾਰ, ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖਰਚਣ ਦੀ ਵਸੀਅਤ ਕਰ ਦਿੱਤੀ। ਇਸ ਤੋਂ ਇਲਾਵਾ ਰੈੱਡ ਕਰਾਸ ਨੂੰ 1944 ਅਤੇ 1963 ਵਿੱਚ ਵੀ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ । ਲੋਕ ਭਲਾਈ ਤੇ ਰਾਹਤ ਦੀ ਇਹ ਸੰਸਥਾ ਆਪਣੇ ਕਾਰਜ ਲੋਕਾਂ ਦੇ ਸਹਿਯੋਗ ਨਾਲ ਕਰਦੀ ਹੈ। ਜੰਗ ਜਾਂ ਕੁਦਰਤੀ ਆਫ਼ਤਾਂ ਸਮੇ ਹੀ ਨਹੀ ਸਗੋ ਇਹ ਸੰਸਥਾਂ ਸ਼ਾਂਤੀ ਸਮੇਂ ਵੀ ਸਹਾਇਤਾ ਕਾਰਜ ਕਰਦੀ ਹੈ। ਜਿਵੇਂ ਗਰੀਬਾਂ, ਅਨਾਥਾਂ, ਅਪਾਹਜਾਂ ਨੂੰ ਸਹਾਇਤਾ ਦੇਣਾ, ਦੁਰਘਟਨਾ ਸਮੇ ਜ਼ਖਮੀਆਂ ਦੀ ਸੰਭਾਲ ਕਰਨੀ, ਅੱਖਾਂ, ਖੂਨ ਤੇ ਹੋਰ ਸਰੀਰਕ ਅੰਗ ਦਾਨ ਲੈ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਗਰੀਬ ਬੱਚਿਆਂ ਦੀ ਪੜ੍ਹਾਈ ਚ ਸਹਾਇਤਾ ਆਦਿ।

ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧ ਸਮੇਂ ਰੈੱਡ ਕਰਾਸ ਸੰਸਥਾ ਦੇ ਹਜ਼ਾਰਾਂ ਵਲੰਟੀਅਰਾਂ ਨੇ ਸ਼ਲਾਘਾਯੋਗ ਕੰਮ ਕੀਤਾ। ਰੈੱਡ ਕਰਾਸ ਨੇ ਕੇਵਲ ਜ਼ਖਮੀ ਸੈਨਿਕਾਂ ਹੀ ਨਹੀਂ ਸਗੋਂ ਵੱਖ-ਵੱਖ ਦੇਸ਼ਾਂ ਦੁਆਰਾ ਬੰਦੀ ਬਣਾਏ ਸੈਨਿਕਾਂ ਦੀ ਦੇਖ-ਰੇਖ ਲਈ ਵੀ ਕੰਮ ਕੀਤਾ। ਇਸ ਤੋਂ ਬਾਅਦ ਵੀ ਵੱਖ-ਵੱਖ ਦੇਸ਼ਾਂ ਦੇ ਆਪਸੀ ਸੰਘਰਸ਼ ਦੇ ਸਮੇਂ ਵੀ ਰੈੱਡ ਕਰਾਸ ਨੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ। ਯੁੱਧ ਦੇ ਦੌਰਾਨ ਪੁਰਾਣੇ ਯੋਗਦਾਨ ਨੂੰ ਦੇਖਦੇ ਹੋਏ 1990 ਵਿੱਚ ਰੈੱਡ ਕਰਾਸ ਨੂੰ ਵਿਸ਼ੇਸ਼ ਅਧਿਕਾਰ ਮਿਲਿਆ ਜਿਸ ਅਨੁਸਾਰ ਸਵਿਟਜ਼ਰਲੈਂਡ ਸਰਕਾਰ ਵੀ ਰੈੱਡ ਕਰਾਸ ਦੇ ਕੰਮ ਵਿੱਚ ਦਖ਼ਲ ਅੰਦਾਜੀ ਨਹੀਂ ਕਰ ਸਕਦੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਾਹਤ ਸਮਾਂਗਰੀ ਪਹੁੰਚਾਨੀ ਹੋਵੇ ਜਾ ਕੋਈ ਹੋਰ ਸਮਾਨ ਪਹੁੰਚਾਉਣਾ ਹੋਵੇ ਰੈੱਡ ਕਰਾਸ ਤੋਂ ਕੋਈ ਟੈਕਸ ਜਾ ਡਿਊਟੀ ਨਹੀਂ ਲਗਾਈ ਜਾਂਦੀ ।

### ਰੈੱਡ ਕਰਾਸ ਸੁਸਾਇਟੀ ਦੇ ਮੁੱਖ ਸੱਤ ਸਿਧਾਂਤ:

ਮਨੁੱਖਤਾ : ਇਸ ਦਾ ਮੁੱਖ ਮੰਤਵ ਜ਼ਿੰਦਗੀ ਅਤੇ ਸਿਹਤ ਦੀ ਰੱਖਿਆ ਕਰਨਾ ਅਤੇ ਮਨੁੱਖਤਾ ਲਈ ਆਦਰ ਸੁਨਿਸ਼ਚਿਤ ਕਰਨਾ ਹੈ। ਇਹ ਸਾਰੇ ਲੋਕਾਂ ਵਿਚ ਆਪਸੀ ਸਮਝ, ਦੋਸਤੀ, ਸਹਿਯੋਗ ਦੀ ਭਾਵਨਾ ਨੂੰ ਵਧਾਉਂਦਾ ਹੈ।

**ਸਮਦਰਸ਼ਤਾ :** ਇਹ ਕੌਮ, ਨਸਲ, ਧਰਮ, ਵਰਗ ਅਤੇ ਰਾਜਨੀਤਕ ਆਧਾਰ ' ਤੇ ਕੋਈ ਵਿਤਕਰਾ ਨਹੀਂ ਕਰਦੇ ਹਨੜ ਇਸ ਦਾ ਮੁੱਖ ਮਨੋਰਥ ਜਰੂਰਤ ਦੇ ਆਧਾਰ 'ਤੇ ਵਿਅਕਤੀ ਵਿਸ਼ੇਸ਼ ਦੀ ਮਦਦ ਕਰਨਾ ਅਤੇ ਮੁਸ਼ਕਿਲ ਦੇ ਸਮੇਂ ਜ਼ਰੂਰੀ ਮਾਮਲਿਆਂ ਨੂੰ ਪਹਿਲ ਦੇਣਾ ਹੁੰਦਾ ਹੈ।

**ਨਿਰਪੱਖਤਾ:** ਇਸਦਾ ਉਦੇਸ਼ ਨਿਰਪੱਖ ਹੋ ਕੇ ਬਿਨਾ ਕਿਸੇ ਭੇਦਭਾਵ ਦੇ ਮਨੁੱਖਤਾ ਦੀ ਸੇਵਾ ਕਰਨਾ ਹੈ।

**ਆਜ਼ਾਦੀ :** ਇਹ ਲਹਿਰ ਪੂਰੀ ਤਰ੍ਹਾਂ ਸੁਤੰਤਰ ਹੈ। ਨੈਸ਼ਨਲ ਸੋਸਾਇਟੀਜ਼ ਆਪਣੀ ਸਰਕਾਰ ਦੀਆਂ ਮਾਨਵੀ ਸੇਵਾਵਾਂ ਅਤੇ ਆਪਣੇ-ਆਪਣੇ ਦੇਸ਼ਾਂ ਦੇ ਕਾਨੂੰਨ ਅਧੀਨ, ਹਮੇਸ਼ਾ ਆਪਣੀ ਖ਼ੁਦਮੁਖ਼ਤਿਆਰੀ ਨੂੰ ਬਰਕਰਾਰ ਰੱਖਦੀਆਂ ਹਨ ਤਾਂਕਿ ਇਹ ਲਹਿਰ ਹਰ ਸਮੇਂ ਸਿਧਾਂਤਾਂ ਅਨੁਸਾਰ ਕੰਮ ਕਰਨ ਦੇ ਯੋਗ ਹੋ ਸਕੇ।

**ਸੇਵਾ :** ਇਹ ਸਵੈ-ਇੱਛਾਂਵਾਂ ਰਾਹਤ ਲਹਿਰ ਹੈ ਜੋ ਕਿਸੇ ਵੀ ਰੂਪ ਵਿਚ ਲਾਭ ਦੀ ਇੱਛਾ ਲਈ ਕੰਮ ਨਹੀਂ ਕਰਦੀ ਹੈ।

**ਏਕਤਾ:** ਰੈੱਡ ਕਰਾਸ ਸੋਸਾਇਟੀ ਆਪਣੇ ਖੇਤਰ ਵਿਚ ਮਨੁੱਖੀ ਕੰਮਾਂ ਪ੍ਰਤੀ ਏਕਤਾ ਦੀ ਭਾਵਨਾ ਨੂੰ ਨਾਲ ਲੈ ਕੇ ਚਲਦੀ ਹੈ।

**ਸਰਬਵਿਆਪਕਤਾ:** ਦੁਨੀਆ ਭਰ ਦੇ ਇੰਟਰਨੈਸ਼ਨਲ ਰੈੱਡ ਕਰਾਸ ਤੇ ਰੈੱਡ ਕ੍ਰੀਸੇਂਟ ਲਹਿਰ ਅੰਤਰਗਤ ਹਰ ਸਮਾਜ ਦਾ ਬਰਾਬਰ ਦਾ ਰੁਤਬਾ, ਬਰਾਬਰ ਦੀ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਅਤੇ ਇਕ-ਦੂਜੇ ਦੀ ਮਦਦ ਕਰਨ ਦਾ ਸੰਕਲਪ ਫੈਲਿਆ ਹੋਇਆ ਹੈੜ

ਅੱਜ ਦੇਸ਼ ਭਰ ਵਿੱਚ ਭਾਰਤੀ ਰੈੱਡ ਕਰਾਸ ਸੁਸਾਇਟੀ ਦੀਆ ਦੇਸ਼ ਭਰ ਵਿੱਚ 750 ਤੋਂ ਵੱਧ ਸ਼ਾਖਾਵਾਂ ਹਨ ਜੋ ਹਰ ਤਰਾਂ ਦੀ ਆਪਦਾ ਵਿੱਚ ਨਿਸਵਾਰਥ ਭਾਵ ਨਾਲ ਆਪਣੀ ਸੇਵਾ ਦੇ ਰਹੀਆਂ ਹਨ ੜ

ਵਿਸ਼ਵ ਰੈੱਡ ਕਰਾਸ ਦਿਵਸ ਸਾਨੂੰ ਮਨੁੱਖਤਾ ਦੀ ਸੇਵਾ ਦੇ ਨਾਲ -ਨਾਲ ਸਾਂਝੀਵਾਲਤਾ ਦਾ ਵੀ ਸੰਦੇਸ਼ ਦਿੰਦਾ ਹੈ। ਅੱਜ ਰੈੱਡ ਕਰਾਸ ਇਕ ਸੰਸਥਾ ਨਹੀਂ ਬਲਕਿ ਇਕ ਲਹਿਰ ਬਣ ਚੁੱਕੀ ਹੈ । ਮੌਜੂਦਾ ਸਮੇਂ ਸੰਸਾਰ ਕੋਰੋਨਾ ਵਾਇਰਸ (ਕੋਵਿਡ-19) ਮਹਾਂਮਾਰੀ ਨਾਲ ਜੂਝ ਰਿਹਾ ਹੈ । ਅੱਜ ਲੋੜ ਹੈ ਅਸੀਂ ਪੀੜਤ ਮਾਨਵਤਾ ਦੀ ਭਲਾਈ ਲਈ ਆਪਣੇ ਅੰਦਰ ਦੇ ਸਵੈ ਸੇਵਕ ਨੂੰ ਪਛਾਣੀਏ ਅਜਿਹੀਆਂ ਮਾਨਵਤਾਵਾਦੀ ਸੰਸਥਾਵਾਂ ਨਾਲ ਜੁੜੀਏ ਅਤੇ ਸਮਾਜ ਸੇਵਾ ਦੇ ਇਸ ਦਾਇਰੇ ਨੂੰ ਹੋਰ ਵਿਸ਼ਾਲ ਕਰੀਏ ਤਾਂ ਜੋ ਦੁਖੀ ਮਾਨਵਤਾ ਦੀ ਸੇਵਾ ਦਾ ਸੰਦੇਸ਼ ਘਰ ਘਰ ਪਹੁੰਚਾਇਆ ਜਾ ਸਕੇ ।




# ਫ਼ਲਸਤੀਨੀ ਗਿਆਨ ਸੋਮਿਆਂ ਦਾ ਹੁੰਦਾ ਘਾਣ

**ਲੇਖਕ : ਅਮਰਜੀਤ ਭੁੱਲਰ**

ਗਾਜ਼ਾ ਵਿਚ ਯੂਨੀਵਰਿਸਟੀਆਂ ਅਤੇ ਹੋਰਨਾਂ ਸਿੱਖਿਆ ਸੰਸਥਾਵਾਂ ਉਪਰ ਕੀਤੇ ਜਾ ਰਹੇ ਇਜ਼ਰਾਇਲੀ ਹਮਲੇ ਗਿਣ ਮਿੱਥ ਕੇ ਫ਼ਲਸਤੀਨੀ ਗਿਆਨ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਬਰਬਾਦ ਕਰਨ ਦਾ ਹਰਬਾ ਹਨ। ਹੁਣ ਤੱਕ ਗਾਜ਼ਾ ਦੀਆਂ ਸਾਰੀਆਂ 12 ਯੂਨੀਵਰਸਿਟੀਆਂ ’ਤੇ ਹਵਾਈ ਹਮਲੇ ਕੀਤੇ ਗਏ ਹਨ। ਇਜ਼ਰਾਈਲ ਨੇ ਖ਼ਾਸ ਤੌਰ ’ਤੇ ਅਲ-ਅਜ਼ਹਰ ਯੂਨੀਵਰਸਿਟੀ ਅਤੇ ਇਸਲਾਮਿਕ ਯੂਨੀਵਰਸਿਟੀ ਆਫ ਗਾਜ਼ਾ (ਆਈਯੂਜੀ) ਨੂੰ ਨਿਸ਼ਾਨਾ ਬਣਾਇਆ ਜਿਸ ਕਰ ਕੇ ਫ਼ਲਸਤੀਨੀ ਅਧਿਆਪਕਾਂ, ਵਿਦਵਾਨਾਂ ਅਤੇ ਵਿਦਿਆਰਥੀਆਂ ਦੀ ਵਰ੍ਹਿਆਂਬੱਧੀਂ ਖੋਜ ਮਲੀਆਮੇਟ ਹੋ ਗਈ ਹੈ।

ਆਈਯੂਜੀ ਦੇ ਕੈਂਪਸ ਵਿਚ ਹੋਏ ਇਜ਼ਰਾਇਲੀ ਹਵਾਈ ਹਮਲੇ ਵਿਚ ਇਸ ਦੇ ਵਾਈਸ ਚਾਂਸਲਰ ਪ੍ਰੋ. ਸੂਫ਼ੀਆਨ ਤਾਈਯੇਹ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਮਾਰੇ ਜਾ ਚੁੱਕੇ ਹਨ। ਆਈਯੂਜੀ ਗਾਜ਼ਾ ਦੀ ਇਕ ਮੋਹਰੀ ਵਿਦਿਅਕ ਸੰਸਥਾ ਹੈ ਅਤੇ ਪ੍ਰੋ. ਤਾਈਯੇਹ ਕੌਮਾਂਤਰੀ ਪੱਧਰ ’ਤੇ ਜਾਣੇ ਪਛਾਣੇ ਜਾਂਦੇ ਖੋਜਕਾਰ ਸਨ। ਇਸ ਹਮਲੇ ਵਿਚ ਯੂਨੀਵਰਸਿਟੀ ਦੇ 90 ਪ੍ਰੋਫ਼ੈਸਰ ਮਾਰੇ ਗਏ ਹਨ ਜਿਨ੍ਹਾਂ ਵਿਚ ਅੰਗਰੇਜ਼ੀ ਸਾਹਿਤ ਦੇ ਪ੍ਰੋਫੈਸਰ ਡਾ. ਰਿਫ਼ਤ ਅਲਾਰੀਰ ਵੀ ਸ਼ਾਮਲ ਸਨ। ਫ਼ਲਸਤੀਨ ਦੇ ਸਿੱਖਿਆ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਇਜ਼ਰਾਈਲ ਦੇ ਹਮਲਿਆਂ ਵਿਚ 20 ਜਨਵਰੀ, 2024 ਤੱਕ 4400 ਵਿਦਿਆਰਥੀ ਮਾਰੇ ਗਏ ਅਤੇ 7800 ਜ਼ਖ਼ਮੀ ਹੋਏ ਸਨ ਜਦਕਿ 231 ਅਧਿਆਪਕ ਅਤੇ ਪ੍ਰਸ਼ਾਸਕ ਮਾਰੇ ਗਏ ਅਤੇ 756 ਜ਼ਖ਼ਮੀ ਹੋਏ ਸਨ ਅਤੇ ਸਰਕਾਰ ਜਾਂ ਸੰਯੁਕਤ ਰਾਸ਼ਟਰ ਰਾਹਤ ਤੇ ਕਾਰਜ ਏਜੰਸੀ (ਯੂਐਨਆਰਡਬਲਯੂਏ) ਵਲੋਂ ਗਾਜ਼ਾ ਵਿਚ ਚਲਾਏ ਜਾਂਦੇ ਸਕੂਲ 378 ਸਕੂਲ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ’ਤੇ ਬਰਬਾਦ ਹੋ ਚੁੱਕੇ ਹਨ। ਅਕਤੂਬਰ 2023 ਤੋਂ ਸ਼ੁਰੂ ਹੋਏ ਇਜ਼ਰਾਇਲੀ ਹਮਲਿਆਂ ਵਿਚ ਹੁਣ ਤੱਕ ਮਾਰੇ ਜਾ ਚੁੱਕੇ 35000 ਤੋਂ ਵੱਧ ਲੋਕਾਂ ਵਿਚ ਘੱਟੋਘੱਟ 97 ਪੱਤਰਕਾਰ ਅਤੇ ਮੀਡੀਆ ਕਰਮੀ ਸ਼ਾਮਲ ਹਨ।

ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਵਿਚ ਦੱਖਣੀ ਅਫ਼ਰੀਕਾ ਦੀ ਕਾਨੂੰਨੀ ਤਰਜਮਾਨ ਬਲੀਨੇ ਨਿਰਾਲੇਹ ਨੇ ਆਖਿਆ ‘‘ਗਾਜ਼ਾ ਵਿਚ 90,000 ਦੇ ਕਰੀਬ ਫ਼ਲਸਤੀਨੀ ਵਿਦਿਆਰਥੀ ਯੂਨੀਵਰਸਿਟੀ ਦੀਆਂ ਕਲਾਸਾਂ ਨਹੀਂ ਲਾ ਸਕਦੇ। 60 ਫ਼ੀਸਦ ਤੋਂ ਜ਼ਿਆਦਾ ਸਕੂਲ, ਲਗਭਗ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜ ਅਤੇ ਅਣਗਿਣਤ ਕਿਤਾਬਾਂ ਦੀਆਂ ਦੁਕਾਨਾਂ ਅਤੇ ਲਾਇਬ੍ਰੇਰੀਆਂ ਢਹਿ-ਢੇਰੀ ਜਾਂ ਨੁਕਸਾਨੀਆਂ ਜਾ ਚੁੱਕੀਆਂ ਹਨ। ਸੈਂਕੜੇ ਅਧਿਆਪਕ ਤੇ ਵਿਦਵਾਨ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਯੂਨੀਵਰਸਿਟੀਆਂ ਦੇ ਡੀਨ ਅਤੇ ਮੋਹਰੀ ਫ਼ਲਸਤੀਨੀ ਵਿਦਵਾਨ ਸ਼ਾਮਲ ਹਨ... ਜਿਸ ਨਾਲ ਗਾਜ਼ਾ ਦੇ ਬੱਚਿਆਂ ਅਤੇ ਨੌਜਵਾਨਾਂ ਦੇ ਸਿੱਖਿਆ ਹਾਸਲ ਕਰਨ ਦੀਆਂ ਸੰਭਾਵਨਾਵਾਂ ਮਸਲ ਦਿੱਤੀਆਂ ਗਈਆਂ ਹਨ। ਬਹੁਤ ਸਾਰੀਆਂ ਵਿਰਾਸਤੀ ਥਾਵਾਂ ਜਿਨ੍ਹਾਂ ਵਿਚ ਲਾਇਬ੍ਰੇਰੀਆਂ, ਪੁਰਾਤੱਤਵ ਘਰ ਅਤੇ ਅਜਾਇਬ ਘਰ ਸ਼ਾਮਲ ਹਨ, ਵੀ ਨੁਕਸਾਨੀਆਂ ਗਈਆਂ ਹਨ ਅਤੇ ਲੋਕਾਂ ਦੇ ਦਸਤਾਵੇਜ਼ੀ ਇਤਿਹਾਸ ਅਤੇ ਚਿੰਨ੍ਹ ਖ਼ਤਮ ਕਰ ਦਿੱਤੇ ਗਏ ਹਨ। ਫ਼ਲਸਤੀਨੀ ਦਾਨਿਸ਼ਵਰ ਇਸ ਕਾਰਵਾਈ ਨੂੰ ‘ਇਤਿਹਾਸ ’ਚੋਂ ਫ਼ਲਸਤੀਨੀ ਵਜੂਦ ਅਤੇ ਫ਼ਲਸਤੀਨ ਨੂੰ ਸਿਆਸੀ ਨਕਸ਼ੇ ਤੋਂ ਮਿਟਾ ਦੇਣ ਦੀ ਕੋਸ਼ਿਸ਼’ ਵਜੋਂ ਦੇਖ ਰਹੇ ਹਨ। ਕੈਨੇਡਾ ਵਿਚ ਮਾਊਂਟ ਰਾਇਲ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਮੁਹੰਨਦ ਆਯਾਸ਼ ਨੇ ਕੈਨੇਡੀਅਨ ਐਸੋਸੀਏਸ਼ਨ ਆਫ ਯੂਨੀਵਰਸਿਟੀ ਟੀਚਰਜ਼ ਨੂੰ ਇਕ ਚਿੱਠੀ ਲਿਖ ਕੇ ਆਖਿਆ ‘‘ ਫ਼ਲਸਤੀਨੀ ਗਿਆਨ, ਗਿਆਨ ਉਤਪਾਦਕਾਂ ਅਤੇ ਗਿਆਨ ਉਤਪਾਦਕ ਸੰਸਥਾਵਾਂ ਦੀ ਤਬਾਹੀ ਗਿਆਨ ਬਧ (ਹੱਤਿਆ) ਤੋਂ ਘੱਟ ਨਹੀਂ ਹੈ।’’

ਗਿਆਨ ਬਧ ਜਾਂ ਅੰਗਰੇਜ਼ੀ ਭਾਸ਼ਾ ਦੇ ਫਿਕਰੇ ਓਪਿਸਟਇਮਿਚਿਦਇ ਦਾ ਭਾਵ ਹੈ ਕਿ ਕਿਸੇ ਗਿਆਨ ਤੰਤਰ ਨੂੰ ਖਤਮ ਕਰਨਾ, ਨਸ਼ਟ ਕਰਨਾ, ਚੁੱਪ ਕਰਾਉਣਾ ਜਾਂ ਬੇਹੁਰਮਤੀ ਕਰਨਾ। ਸਮਾਜ ਸ਼ਾਸਤਰੀ ਬੋਵੈਂਤੁਰਾ ਡੀ ਸੌਜ਼ਾ ਸੈਂਟੋਸ ਨੇ ਇਹ ਸ਼ਬਦ ਘੜਿਆ ਸੀ ਤੇ ਇਸ ਨੂੰ ਬਸਤੀਕਰਨ, ਦਮਨ ਜਾਂ ਨਰਸੰਘਾਰ ਕਰ ਕੇ ਕਿਸੇ ਦਮਿਤ ਸਭਿਆਚਾਰ ਦੇ ਗਿਆਨ ਬਧ ਦੀ ਸੰਗਿਆ ਦਿੱਤੀ ਸੀ। ਇਹ ਗਿਆਨ ਬਧ ਫ਼ੌਜੀ ਜਾਂ ਵਿਚਾਰਧਾਰਕ/ਦਾਰਸ਼ਨਿਕ ਦੋਵੇਂ ਢੰਗਾਂ ਨਾਲ ਕੀਤਾ ਜਾ ਸਕਦਾ ਹੈ। ਇਸ ਦੇ ਤਹਿਤ ਮੁਕਤੀ ਦੇ ਨਾਂ ’ਤੇ ਬੇਹੁਰਮਤੀ ਤੇ ਤਬਾਹੀ, ਸ਼ਾਂਤੀ ਦੇ ਨਾਂ ’ਤੇ ਆਕ੍ਰਮਣ, ਜੀਵਨ ਦੀ ਪਵਿੱਤਰਤਾ ਦੇ ਨਾਂ ’ਤੇ ਜੀਵਨ ਦੀ ਬਰਬਾਦੀ ਅਤੇ ਹੱਕਾਂ ਦੀ ਰਾਖੀ ਦੇ ਨਾਂ ’ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਹੀਆਂ ਸਭ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ।

ਸੰਨ 1948 ਵਿਚ ਇਜ਼ਰਾਈਲ ਲਈ ਰਾਹ ਪੱਧਰਾ ਕਰਨ ਖਾਤਰ ਜਦ ਫ਼ਲਸਤੀਨੀਆਂ ਨੂੰ ਉਜਾੜਿਆ ਗਿਆ ਤਾਂ ਉਸ ਤੋਂ ਬਾਅਦ ਉੱਥੋਂ ਦੇ ਸਿੱਖਿਅਤ ਕੁਲੀਨ ਵਰਗ ਦੀ ਸਭ ਤੋਂ ਪਹਿਲੀ ਤਰਜੀਹ ਫ਼ਲਸਤੀਨ ਦੇ ਸਿੱਖਿਆ ਢਾਂਚੇ ਦੀ ਮੁੜ ਉਸਾਰੀ ਕਰਨਾ ਸੀ। ਸਿੱਖਿਆ ਨੂੰ ਫ਼ਲਸਤੀਨੀ ਆਪਣੀਆਂ ਜ਼ਿੰਦਗੀਆਂ ਦੀ ਮੁੜ ਉਸਾਰੀ ਤੇ ਤਰੱਕੀ ਕਰਨ ਦੇ ਇੰਜਣ ਵਜੋਂ ਦੇਖਦੇ ਸਨ। ਗਾਜ਼ਾ ਨੂੰ ਅਰਥਪੂਰਨ ਸਭਿਆਚਾਰਕ ਵਟਾਂਦਰੇ, ਵਿਗਿਆਨਕ ਵਾਧੇ, ਇਤਿਹਾਸਕ ਸਮਝ, ਕਲਾਤਮਕ ਸਾਹਿਤਕ ਕਾਰਜਾਂ ਅਤੇ ਫ਼ਲਸਤੀਨੀ ਸਮਾਜ ਦੀ ਬਿਹਤਰੀ ਦੀ ਥਾਂ ਬਣਾਉਣ ਦੀ ਆਸ ਨਾਲ ਵੱਖ-ਵੱਖ ਥਾਵਾਂ ਤੋਂ ਵਿਦਵਾਨ ਇੱਥੇ (ਗਾਜ਼ਾ) ਇਕੱਠੇ ਹੋਣ ਲੱਗੇ। ਉਹ ਸਫ਼ਲ ਹੋਏ ਜਾਂ ਨਹੀਂ ਹੋਏ, ਇਹ ਵੱਖਰੀ ਚਰਚਾ ਦਾ ਵਿਸ਼ਾ ਹੈ, ਪਰ ਇਕ ਗੱਲ ਪੱਕੀ ਹੈ ਕਿ ਫ਼ਲਸਤੀਨ ਨੂੰ ਉਨ੍ਹਾਂ ਖੇਤਰਾਂ ਵਿਚ ਗਿਣਿਆ ਜਾਂਦਾ ਹੈ ਜਿੱਥੇ ਸਾਖਰਤਾ ਦਰ ਕਾਫ਼ੀ ਉੱਚੀ ਹੈ। ਵਿਸ਼ਵ ਬੈਂਕ ਦੇ ਅਨੁਮਾਨਾਂ ਮੁਤਾਬਕ ਫ਼ਲਸਤੀਨ ਦੀ ਸਾਖਰਤਾ ਦਰ 97.51 ਪ੍ਰਤੀਸ਼ਤ ਹੈ। ਫਲਸਤੀਨੀ ‘ਦੁਨੀਆ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਸ਼ਰਨਾਰਥੀਆਂ’ ਵਜੋਂ ਜਾਣੇ ਜਾਂਦੇ ਹਨ।

ਦੁਨੀਆ ਭਰ ਦੇ ਅਕਾਦਮੀਸ਼ਨ ਇਹ ਭਲੀ-ਭਾਂਤੀ ਜਾਣਦੇ ਹਨ ਤੇ ਅਮਰੀਕਾ ਅਤੇ ਹੋਰ ਮੁਲਕਾਂ ਵਿਚ ਯੂਨੀਵਰਸਿਟੀ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਵਿਦਰੋਹ ਦਾ ਇਹੀ ਕਾਰਨ ਹੈ। ਫ਼ਲਸਤੀਨੀ ਸਿੱਖਿਆ ਸੰਸਥਾਵਾਂ ’ਚ ਵਾਪਰ ਰਹੀਆਂ ਘਟਨਾਵਾਂ ਦੀ ਗੂੰਜ ਵਿਦੇਸ਼ੀ ਕੈਂਪਸਾਂ ’ਚ ਸੁਣੀ ਜਾ ਰਹੀ ਹੈ।

ਅਮਰੀਕੀ ਸਰਕਾਰ ਵੱਲੋਂ ਇਜ਼ਰਾਈਲ ਨੂੰ ਹਮਲਿਆਂ ਲਈ ਨਿਰੰਤਰ ਦਿੱਤੀ ਜਾ ਰਹੀ ਵਿੱਤੀ, ਫ਼ੌਜੀ, ਕੂਟਨੀਤਕ ਤੇ ਨੈਤਿਕ ਮਦਦ ਵਿਰੁੱਧ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ’ਚ ਵਿਦਿਆਰਥੀਆਂ ਵੱਲੋਂ ਟੈਂਟ ਲਾ ਕੇ ਰੋਸ ਧਰਨੇ ਦਿੱਤੇ ਜਾ ਰਹੇ ਹਨ। ਕਰੀਬ 10 ਯੂਨੀਵਰਸਿਟੀਆਂ ਵਿਚ ਪੁਲੀਸ ਸੱਦੀ ਗਈ ਹੈ ਤੇ 645 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ; ਗ੍ਰਿਫ਼ਤਾਰ ਕੀਤੇ ਗਏ ਬਹੁਤਿਆਂ ਵਿਚੋਂ ਕਈਆਂ ਨੂੰ ਮਗਰੋਂ ਰਿਹਾਅ ਕੀਤਾ ਗਿਆ ਹੈ। ਦੁਨੀਆ ਭਰ ਵਿਚ ਜਾਣੀਆਂ ਜਾਂਦੀਆਂ ਕੋਲੰਬੀਆ ਤੇ ਬੋਸਟਨ ਯੂਨੀਵਰਸਿਟੀਆਂ ਰੋਸ ਮੁਜ਼ਾਹਰਿਆਂ ਦਾ ਮਰਕਜ਼ ਬਣ ਗਈਆਂ ਹਨ; 200 ਤੋਂ ਵੱਧ ਗ੍ਰਿਫ਼ਤਾਰੀਆਂ ਇਨ੍ਹਾਂ ਦੋ ਯੂਨੀਵਰਸਿਟੀਆਂ ਵਿਚ ਹੀ ਹੋ ਚੁੱਕੀਆਂ ਹਨ। ਵੱਡੀ ਗਿਣਤੀ ਫੈਕਲਟੀ ਮੈਂਬਰਾਂ (ਅਕਾਦਮਿਕ ਅਮਲਾ) ਨੇ ਜਾਂ ਤਾਂ ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲਿਆ ਹੈ ਜਾਂ ਫਿਰ ਗਾਜ਼ਾ ਵਿਚ ਗੋਲੀਬੰਦੀ ਦੀ ਮੰਗ ਦਾ ਪੱਖ ਪੂਰਿਆ ਹੈ। ਕਈ ਯੂਨੀਵਰਸਿਟੀਆਂ ਵਿਚ, ਪ੍ਰਸ਼ਾਸਕਾਂ ਨੇ ਵਿਰੋਧ ਕਰ ਰਹੇ ਵਿਦਿਆਰਥੀਆਂ ’ਤੇ ਸਖ਼ਤੀ ਵੀ ਕੀਤੀ ਹੈ, ਉਨ੍ਹਾਂ ਵਿਚੋਂ ਕਈਆਂ ਨੂੰ ਵਿਦਿਅਕ ਅਦਾਰਿਆਂ ’ਚੋਂ ਕੱਢ ਦਿੱਤਾ ਗਿਆ ਹੈ। ਲਾਸ ਏਂਜਲਸ ਸਥਿਤ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੇ ਹੋਰ ਥਾਵਾਂ ’ਤੇ ਫਲਸਤੀਨ-ਪੱਖੀ ਤੇ ਇਜ਼ਰਾਈਲ-ਪੱਖੀ ਮੁਜ਼ਾਹਰਾਕਾਰੀਆਂ ਵਿਚਕਾਰ ਝੜਪਾਂ ਵੀ ਹੋਈਆਂ ਹਨ।

ਫ਼ਲਸਤੀਨੀ ਸਿੱਖਿਆ ਢਾਂਚੇ ਨੂੰ ਤਬਾਹਕੁਨ ਤੇ ਵੰਡਪਾਊ ਬਿਪਤਾ ਤੋਂ ਬਚਾਉਣ ਲਈ ਸੰਸਾਰ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਵਿਦਿਅਕ ਢਾਂਚੇ ਨੂੰ ਤਬਾਹ ਕਰਨ ਵਿਚ ਤਾਂ ਕੁਝ ਹਫ਼ਤੇ ਲੱਗਦੇ ਹਨ ਪਰ ਮੁੜ ਉਸਾਰੀ ਕਈ ਦਹਾਕੇ ਲੈ ਲੈਂਦੀ ਹੈ।

ਦੁੱਖ ਦੀ ਗੱਲ ਹੈ, ਕਿ ਅਤੀਤ ਵਿਚ ਫ਼ਲਸਤੀਨੀ ਯੂਨੀਵਰਸਿਟੀਆਂ ਨੂੰ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਹੈ, ਇਜ਼ਰਾਈਲ ਨਾਲ ਨੇੜਤਾ ਰੱਖਦੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੇ ਫ਼ਲਸਤੀਨੀ ਅਦਾਰਿਆਂ ਨਾਲ ਅਕਾਦਮਿਕ ਵਟਾਂਦਰੇ ਦੇ ਸਮਝੌਤੇ ਕਰਨ ਤੋਂ ਪਾਸਾ ਵੱਟਿਆ ਹੈ। ਜਦਕਿ ਦੂਜੇ ਪਾਸੇ, ਇਜ਼ਰਾਈਲ ਦੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਕੌਮਾਂਤਰੀ ਭਾਈਵਾਲੀਆਂ ਦਾ ਲਾਹਾ ਮਿਲਿਆ ਹੈ। ਇਜ਼ਰਾਇਲੀ ਯੂਨੀਵਰਸਿਟੀਆਂ ਦੇ ਵਰਤਮਾਨ ’ਚ ਕੈਨੇਡਾ ਦੀਆਂ ਪੋਸਟ-ਸੈਕੰਡਰੀ ਸੰਸਥਾਵਾਂ ਨਾਲ 60 ਅਕਾਦਮਿਕ ਸਮਝੌਤੇ ਹਨ। ਹੁਣ ਸਮਾਂ ਆ ਗਿਆ ਹੈ ਕਿ ਅਕਾਦਮੀਸ਼ਨ, ਫੈਕਲਟੀ ਅਦਾਰੇ ਤੇ ਯੂਨੀਅਨਾਂ (ਖਾਸ ਤੌਰ ’ਤੇ ਵਿਕਸਤ ਮੁਲਕਾਂ ਦੇ), ਮੰਥਨ ਕਰ ਕੇ ਜੰਗ ਖ਼ਤਮ ਕਰਨ ਲਈ ਲੋਕ ਰਾਇ ਕਾਇਮ ਕਰਨ, ਇਸ ਤੋਂ ਇਲਾਵਾ ਲੀਹੋਂ ਲੱਥੇ ਫ਼ਲਸਤੀਨੀ ਸਿੱਖਿਆ ਢਾਂਚੇ ਦੀ ਮੁੜ ਉਸਾਰੀ ਲਈ ਸਮਰਥਨ ਦਾ ਭਰੋਸਾ ਜੁਟਾਉਣ।

**ਲੇਖਕ ਯੂਨੀਵਰਸਿਟੀ ਆਫ ਨੌਰਦਰਨ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੋਫੈਸਰ ਹਨ।**

DHESI MEAT SHOP
SERVING THE COMMUNITY FOR OVER 16 YEARS.
FOR BEST & FRESH MEAT, VISIT US!
Tandoori Chicken, Lemon Chicken, Goat, Lamb & Pork Tandoori Fish, Shish-Kabab also Supply Fresh Cut Meat.
NOW SERVING IN 3 LOCATIONS
King George Blvd (Bear Creek) 106-13588-88 Avenue Surrey, BC V3W 3K8, 604-501-2277
Fleetwood Location : 104-15933 Fraser Hwy, Surrey, BC V4N 0Y3, 604-593-5222
Sullivan Heights : #102 - 14330 - 64 Ave Surrey, BC, 604-503-2880



SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਲੇਖਕ : ਮਨਜਿੰਦਰ ਸਿੰਘ ਸਰੌਦ
ਸੰਪਰਕ : 94634-63136

# ਜ਼ਹਿਰੀਲਾ ਮਾਰੂਥਲ ਬਣਨ ਵੱਲ ਵੱਧ ਰਿਹਾ ਪੰਜਾਬ



*ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਅਨੁਸਾਰ 2039 ਤੱਕ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ 300 ਮੀਟਰ ਜਾਂ 1000 ਫੁੱਟ ਤੱਕ ਹੇਠਾਂ ਚਲਾ ਜਾਵੇਗਾ, ਜਿੱਥੇ ਭਾਰੀ ਧਾਤਾਂ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਸਿਰਫ਼ 17 ਸਾਲਾਂ ਲਈ ਵਰਤੋਂ ਯੋਗ ਪਾਣੀ ਹੈ। ਨੀਤੀ ਆਯੋਗ ਦੀ 2018-19 ਦੀ ਰਿਪੋਰਟ ਅਨੁਸਾਰ ਹਰ ਸਾਲ ਲਗਭਗ 2 ਲੱਖ ਲੋਕ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਕਾਰਨ ਮਰ ਰਹੇ ਹਨ। 2020 ਵਿੱਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ 2030 ਤੱਕ ਦੇਸ਼ ਦੀ ਕੁੱਲ ਆਬਾਦੀ ਦਾ 40% ਪੀਣ ਵਾਲੇ ਪਾਣੀ ਤੋਂ ਵਾਂਝਾ ਹੋ ਜਾਵੇਗਾ। ਇਸ ਸਮੇਂ ਪੰਜਾਬ ਸੂਬੇ ਦੀ 80 ਫੀਸਦੀ ਖੇਤੀ ਧਰਤੀ ਹੇਠਲੇ ਪਾਣੀ ਨਾਲ ਹੋ ਰਹੀ ਹੈ ਅਤੇ ਸਿਰਫ 20 ਫੀਸਦੀ ਖੇਤੀ ਨਹਿਰੀ ਪਾਣੀ ਨਾਲ ਹੋ ਰਹੀ ਹੈ ਅਤੇ ਪੰਜਾਬ ਦੇ 133 ਬਲਾਕਾਂ ਵਿੱਚੋਂ 109 ਬਲਾਕ ਡਾਰਕ ਜ਼ੋਨ ਵਿੱਚ ਬਦਲ ਗਏ ਹਨ। ਇਸ ਸਮੇਂ ਲਗਭਗ 21 ਰਾਜਾਂ ਦੇ 10 ਕਰੋੜ ਲੋਕ ਪੀਣ ਵਾਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ।*

ਅੱਜ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਕਈ ਵਰ੍ਹੇ ਪਹਿਲਾਂ ਵਾਤਾਵਰਨ ਸਬੰਧੀ ਚਿੰਤਨ ਕਰਨ ਵਾਲੀਆਂ ਕੁਝ ਅਹਿਮ ਸ਼ਖਸੀਅਤਾਂ ਵਲੋਂ ਮੇਰੇ ਨਾਲ ਸਾਂਝੇ ਕੀਤੇ ਕੁਝ 'ਦਰਦ ਰੂਪੀ ਨੁਕਤੇ' ਜੋ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਸਨ। ਅੱਜ ਵੀ ਵਰ੍ਹਿਆਂ ਬਾਅਦ ਮੇਰੇ ਜ਼ਿਹਨ 'ਤੇ ਆ ਕੇ ਤੈਰ ਰਹੇ ਹਨ। ਮੇਰੇ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ ਨੁਕਤਿਆਂ ਤੋਂ ਇਲਾਵਾ ਉਨ੍ਹਾਂ ਵੱਲੋਂ ਸਮਾਜ ਵਿਚ ਪਨਪ ਰਹੀਆਂ ਮਾੜੀਆਂ ਅਲਾਮਤਾਂ ਅਤੇ ਸਮਾਜ ਦੀ ਬਦਲ ਰਹੀ ਦਿਸ਼ਾ ਅਤੇ ਦਸ਼ਾ ਨੂੰ ਬਿਆਨ ਕਰਦਿਆਂ ਆਖਿਆ ਸੀ ਕਿ ਆਓ ਅਸੀਂ ਸਾਰੇ ਆਪਣੇ ਆਪ ਨੂੰ ਇੱਕ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ, ਤਾਂ ਮਨੁੱਖੀ ਜੀਵਨ ਦਾ ਆਖ਼ਰ ਬਣੇਗਾ ਕੀ। ਉਨ੍ਹਾਂ ਅਹਿਮ ਸਾਹਿਤਕ ਹਸਤੀਆਂ ਵੱਲੋਂ ਪੰਜਾਬ ਦੀ ਆਉਣ ਵਾਲੀ ਭਵਿੱਖੀ ਦਾਸਤਾਨ ਨੂੰ ਬਿਆਨ ਕਰਦਿਆਂ ਇਕ ਵੱਡਾ ਸੱਚ ਚਿਤਵਿਆ ਸੀ। ਉਨ੍ਹਾਂ ਦਾ ਪੰਜਾਬ ਪ੍ਰਤੀ ਦਰਦ ਅੱਜ ਧਰਤੀ ਹੇਠਲੇ ਪਾਣੀ ਦੀ ਹਾਲਤ ਨੂੰ ਵੇਖ ਕੇ ਇਸ ਸਾਰੇ ਵਰਤਾਰੇ ਵਿਚੋਂ ਬਾਖੂਬੀ ਝਲਕਦਾ ਹੈ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਲਈ ਵੀ ਅਹਿਮ ਅਤੇ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ। ਭਾਰਤ ਦੇ ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਅੰਦਰ ਪਾਣੀ ਦੀ ਕਿੱਲਤ ਨੂੰ ਲੈ ਕੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਮੱਧ ਪ੍ਰਦੇਸ਼ ਦਾ ਇਕ ਦੂਰ-ਦੁਰਾਡੇ ਦਾ ਪੱਛੜਿਆ ਹੋਇਆ ਇਲਾਕਾ ਅਜਿਹਾ ਵੀ ਹੈ, ਜਿੱਥੇ ਪਾਣੀ ਵਾਲੀ ਗੱਡੀ ਨੂੰ ਲੈ ਕੇ ਉਸ ਦਾ ਢੋਲ-ਢਮੱਕੇ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਕਈ ਵਾਰ ਗੱਲ ਲੜਾਈ ਝਗੜਿਆਂ ਤੱਕ ਵੀ ਪਹੁੰਚ ਜਾਂਦੀ ਹੈ। ਸੋਚ ਕੇ ਹੀ ਰੂਹ ਕੰਬ ਜਾਂਦੀ ਹੈ ਕਿ ਮੌਜੂਦਾ ਸਮੇਂ ਪੰਜਾਬ ਅੰਦਰ ਤਾਪਮਾਨ 45 ਡਿਗਰੀ ਦੇ ਕਰੀਬ ਪਹੁੰਚ ਚੁੱਕਿਆ ਹੈ ਅਤੇ ਧਰਤੀ ਹੇਠਲਾ ਪਾਣੀ 150 ਫੁੱਟ ਤੋਂ ਜ਼ਿਆਦਾ ਹੇਠਾਂ ਵੱਲ ਚਲਿਆ ਗਿਆ। ਸਿਤਮ ਦੀ ਗੱਲ ਹੈ ਕਿ ਪਾਣੀ ਨੂੰ ਬਚਾਉਣ ਦੇ ਲਈ ਸਾਡੀ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਸਿਫ਼ਰ ਹੈ। ਸਰਕਾਰਾਂ ਸਿਰਫ਼ ਵੋਟਾਂ ਦੇ ਜਾਲ ਵਿਚ ਉਲਝ ਕੇ ਰਹਿ ਚੁੱਕੀਆਂ ਹਨ ਤੇ ਅਸੀਂ ਨਿੱਜ ਪ੍ਰਸਤੀ ਦੇ ਅਲਜ਼ਬਰੇ ਵਿਚ ਫਸ ਚੁੱਕੇ ਹਾਂ। ਇੱਕ ਰਿਪੋਰਟ ਮੁਤਾਬਕ ਬਦਲੇ ਹਾਲਾਤਾਂ ਦੇ ਚੱਲਦਿਆਂ ਅਸੀਂ ਲਗਪਗ ਲੰਘੇ 60 ਸਾਲਾਂ ਦੌਰਾਨ 100 ਫੁੱਟ ਤੋਂ ਜ਼ਿਆਦਾ ਪਾਣੀ ਖ਼ਤਮ ਕਰ ਦਿੱਤਾ ਹੈ ਅਤੇ ਸਿਰਫ਼ ਕੁਝ ਸਾਲਾਂ ਦਾ ਪਾਣੀ ਬਾਕੀ ਬਚਿਆ ਹੈ। ਮੁਫ਼ਤ ਬਿਜਲੀ, ਪਾਣੀ ਨੇ ਸੂਬੇ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਤਾਂ ਅੰਦਰ ਬੇ-ਸਮਝੀਵਸ ਧਰਤੀ ਦੀ ਹਿੱਕ ਨੂੰ ਠਾਰਨ ਦੇ ਲਈ 3-3 ਇੰਚੀ ਪਾਇਪਾਂ ਰਾਹੀਂ ਅੰਮ੍ਰਿਤ ਵਰਗਾ ਪਾਣੀ ਬਾਹਰ ਕੱਢ ਕੇ ਸੁੱਟਿਆ ਜਾ ਰਿਹਾ ਹੈ। ਬਾਰਸ਼ ਦੀ ਕਿਸੇ ਵੱਲੋਂ ਉਡੀਕ ਨਹੀਂ ਕੀਤੀ ਜਾ ਰਹੀ, ਧੜਾਧੜ ਮੋਟਰਾਂ ਚੱਲ ਰਹੀਆਂ ਹਨ। ਲੰਘੇ ਵਰ੍ਹੇ ਸਰਕਾਰ ਵੱਲੋਂ 18 ਜੂਨ ਤੋਂ ਝੋਨਾ ਲਗਾਉਣ ਦੀ ਹਦਾਇਤ ਦਾ ਕਿਸਾਨ ਯੂਨੀਅਨ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ। ਵੱਡੀਆਂ-ਵੱਡੀਆਂ ਫੈਕਟਰੀਆਂ ਅੰਦਰ ਟਨਾਂ ਦੇ ਹਿਸਾਬ ਨਾਲ ਪਾਣੀ ਧਰਤੀ ਦੀ ਹਿੱਕ ਨੂੰ ਪਾੜ ਕੇ ਜ਼ਹਿਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਕਈ ਪੈਸੇ ਦੇ ਪੁੱਤਰਾਂ ਵੱਲੋਂ ਚੰਦ ਛਿੱਲੜਾਂ ਖ਼ਾਤਰ ਜ਼ਹਿਰੀਲੇ ਕੈਮੀਕਲਾਂ ਨੂੰ ਬੋਰ ਕਰਕੇ ਧਰਤੀ ਅੰਦਰ ਪਹੁੰਚਦਾ ਕਰਨ ਨੂੰ ਆਪਣੀ ਚਲਾਕੀ ਮੰਨਿਆ ਜਾ ਰਿਹਾ ਹੈ। ਸਾਰੇ ਵਰਤਾਰੇ ਦੌਰਾਨ ਪਸ਼ੂਆਂ ਦੇ ਫਾਰਮਾਂ ਵਾਲਿਆਂ ਦੇ ਨਾਲਨਾਲ ਕਾਰਾਂ, ਗੱਡੀਆਂ ਵਾਲੇ ਵੀਰ ਵੀ ਪਿੱਛੇ ਨਹੀਂ ਉਨ੍ਹਾਂ ਵੱਲੋਂ ਵੀ ਇੰਚੀ ਦੇ ਪਾਈਪਾਂ ਰਾਹੀਂ ਗੱਡੀਆਂ ਤੇ ਫਰਸ਼ ਤੋਂ ਗੋਹੇ ਨੂੰ ਪਾਣੀ ਦੇ ਨਾਲ ਧੋਣ ਦੀ ਗੱਲ ਆਮ ਹੋ ਚੁੱਕੀ ਹੈ। ਫਲੱਸ਼ਾਂ ਰਾਹੀਂ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਪਿੰਡਾਂ ਦੀਆਂ ਨਾਲੀਆਂ ਵਿਚੋਂ ਦੀ ਹੁੰਦਾ ਹੋਇਆ ਪਿੰਡਾਂ ਦੇ ਛੱਪੜਾਂ ਵਿਚ ਪਹੁੰਚ ਰਿਹਾ ਹੈ ਅਤੇ ਛੱਪੜ ਨੱਕੋ-ਨੱਕ ਭਰ ਚੁੱਕੇ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਚੌਂਕ, ਚੁਰਾਹਿਆਂ ਅਤੇ ਸਰਕਾਰੀ ਇਮਾਰਤਾਂ ਵਿਚ ਲੱਗੀਆਂ ਟੂਟੀਆਂ ਤੇ ਮੋਟਰਾਂ ਨੇ ਵੀ ਪਾਣੀ ਦੇ ਨਾਲ ਆਪਣੀ ਚੰਗੀ ਦੁਸ਼ਮਣੀ ਕੱਢੀ ਹੈ, ਜੋ ਅੱਜ ਵੀ ਜਾਰੀ ਹੈ। ਇਨ੍ਹਾਂ ਉਦਾਹਰਨਾਂ ਤੋਂ ਬਿਨਾਂ ਪਾਣੀ ਦੀ ਬਰਬਾਦੀ ਦੇ ਲਈ ਬਹੁਤ ਤੱਥ ਅਜਿਹੇ ਹਨ, ਜਿਨ੍ਹਾਂ ਨੂੰ ਸੁਣ ਕੇ ਇਨਸਾਨ ਦੀ ਰੂਹ ਤੱਕ ਕੰਬ ਜਾਂਦੀ ਹੈ। ਮੈਨੂੰ ਨਹੀਂ ਲੱਗਦਾ ਕਿ ਸਾਡੇ ਇਸ ਹੱਦ ਤੱਕ ਪਾਣੀ ਦੇ ਦੁਸ਼ਮਣ ਬਣਨ ਦੇ ਬਾਅਦ ਆਉਣ ਵਾਲੀਆਂ ਨਸਲਾਂ ਲਈ ਪਾਣੀ ਦਾ ਕੋਈ ਤੁਪਕਾ ਬਚ ਸਕੇਗਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦੌਰਾਨ ਇਹ ਸਭ ਕੁਝ ਅਸੀਂ ਤਾਂ ਕਰ ਰਹੇ ਹਾਂ, ਜੇਕਰ ਸਾਡੇ ਕੋਲ ਅੱਜ ਪਾਣੀ ਹੈ। ਜੇਕਰ ਕੱਲ੍ਹ ਨੂੰ ਸਾਡੇ ਕੋਲ ਪਾਣੀ ਹੀ ਨਾ ਰਿਹਾ, ਤਾਂ ਅਸੀਂ ਇਹ ਗੱਲਾਂਬਾਤਾਂ ਤਾਂ ਦੂਰ ਦੀ ਗੱਲ, ਜ਼ਿੰਦਗੀ ਕਿਵੇਂ ਜਿਊਂ ਸਕਾਂਗੇ, ਇਹ ਇੱਕ ਵੱਡਾ ਸਵਾਲ ਹੈ। ਕੀ ਇਸ ਧਰਤੀ 'ਤੇ ਪਾਣੀ ਬਿਨਾਂ ਜ਼ਿੰਦਗੀ ਸੰਭਵ ਹੈ, ਸ਼ਾਇਦ ਇਸ ਦਾ ਉਤਰ ਨਾਂਹ ਵਿਚ ਮਿਲੇਗਾ ਪਰ ਸਮਝਣ ਨੂੰ ਕੋਈ ਵੀ ਤਿਆਰ ਨਹੀਂ। ਵਧੀਆ ਕਦਮ ਹੋਵੇਗਾ ਕਿ ਸਰਕਾਰ ਅਤੇ ਕਿਸਾਨ ਝੋਨੇ ਦੇ ਬੀਜ ਬਦਲ ਲੈਣ, ਪਾਣੀ ਪ੍ਰਤੀ ਹਰ ਇਨਸਾਨ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਦੀ ਦੁਰਵਰਤੋਂ ਨਾ ਕਰੇ। ਜੇਕਰ ਧਰਤੀ 'ਤੇ ਪਾਣੀ ਹੀ ਨਾ ਰਿਹਾ, ਤਾਂ ਫੈਕਟਰੀਆਂ ਕਿਵੇਂ ਚੱਲਣਗੀਆਂ। ਫਿਰ ਪਸ਼ੂਆਂ ਦੇ ਗੋਹੇ ਅਤੇ ਫਲੱਸ਼ਾਂ ਦਾ ਕੀ ਕਰਾਂਗੇ। ਕੀ ਕਾਰਾਂ, ਗੱਡੀਆਂ ਨੂੰ ਧੋਣ ਲਈ ਪਾਣੀ ਮਿਲ ਸਕੇਗਾ। ਖੇਤੀ ਕਿਵੇਂ ਹੋਵੇਗੀ। ਪਾਣੀ ਬਿਨਾਂ ਜ਼ਿੰਦਗੀ ਕਿਵੇਂ ਕੱਢਾਂਗੇ ਤੇ ਆਉਣ ਵਾਲੀਆਂ ਨਸਲਾਂ ਨੂੰ ਜਵਾਬ ਕੌਣ ਦੇਵੇਗਾ। ਭਾਵੇਂ ਇਹ ਸਵਾਲ ਬਹੁਤ ਵੱਡੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਨੂੰ ਕੋਈ ਵੀ ਤਿਆਰ ਨਹੀਂ। ਜੇਕਰ ਪਾਣੀ ਦੀ ਅਸਲ ਕੀਮਤ ਪਤਾ ਕਰਨੀ ਹੈ, ਤਾਂ ਰਾਜਸਥਾਨ ਦੇ 'ਕਾਤਲ ਟਿੱਬਿਆਂ' ਵਿਚ ਦੁਪਹਿਰ ਸਮੇਂ ਇਕ ਗੇੜਾ ਜ਼ਰੂਰ ਮਾਰ ਆਓ, ਤੁਹਾਨੂੰ ਪਾਣੀ ਦੀ ਕੀਮਤ ਦਾ ਅੰਦਾਜ਼ਾ ਆਪ ਹੀ ਲੱਗ ਜਾਵੇਗਾ। ਆਉ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਪਾਣੀ ਹੀ ਨਾ ਰਿਹਾ, ਤਾਂ ਬਾਅਦ ਵਿਚ ਕੀ ਕਰਾਂਗੇ। ਚੰਗਾ ਹੋਵੇਗਾ ਜੇਕਰ ਸਰਕਾਰ, ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਭਾਈਚਾਰਾ ਸਮਾਂ ਰਹਿੰਦਿਆਂ ਸਿਰ ਜੋੜ ਕੇ ਇਸ ਅਹਿਮ ਮਸਲੇ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਣ, ਜੋ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।

ਲੇਖਕ : ਪ੍ਰਦਿਪਤੋ ਘੋਸ਼

# ਸੰਵਿਧਾਨਕ ਬਿਰਤਾਂਤ ਅਤੇ ਜਲਵਾਯੂ ਤਬਦੀਲੀ

ਸੁਪਰੀਮ ਕੋਰਟ ਨੇ ਜਲਵਾਯੂ ਤਬਦੀਲੀ ਦੇ ਉਲਟ ਪ੍ਰਭਾਵਾਂ ਤੋਂ ਬਚਾਓ ਅਤੇ ਮੁਕਤੀ ਦੇ ਹੱਕ ਨੂੰ ਮਾਨਤਾ ਦੇਣ ਲਈ ਹਾਲ ਹੀ ਵਿੱਚ ਸੰਵਿਧਾਨ ਦੀ ਧਾਰਾ 14 (ਸਮਾਨਤਾ ਦੇ ਹੱਕ) ਅਤੇ ਧਾਰਾ 21 (ਜੀਵਨ ਤੇ ਆਜ਼ਾਦੀ ਦੀ ਰਾਖੀ ਦੇ ਹੱਕ) ਦਾ ਦਾਇਰਾ ਵਸੀਹ ਕੀਤਾ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦੇ ਕਿਹੋ ਜਿਹੇ ਪ੍ਰਭਾਵ ਪੈਣਗੇ?

ਪਹਿਲੀ ਗੱਲ, ਸਾਨੂੰ ਇਹ ਸਪੱਸ਼ਟ ਹੋਣ ਦੀ ਲੋੜ ਹੈ ਕਿ ਹੱਕ ਦਾ ਠੀਕ-ਠੀਕ ਕੀ ਮਤਲਬ ਹੁੰਦਾ ਹੈ। ਹੱਕ ਕਿਸੇ ਸ਼ਖ਼ਸ ਜਾਂ ਸਮੂਹ (ਜਿਵੇਂ ਔਰਤਾਂ ਜਾਂ ਕੋਈ ਲਿੰਗਕ ਭਾਈਚਾਰਾ ਆਦਿ) ਦਾ ਦਾਅਵਾ ਹੁੰਦਾ ਹੈ ਜੋ ਲਾਗਤਾਂ ਅਤੇ ਫਾਇਦਿਆਂ ਦੀ ਸੋਚ ਵਿਚਾਰ ਤੋਂ ਉੱਪਰ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਕੋਈ ਪੁਲੀਸ ਅਫਸਰ ਇਹ ਦਲੀਲ ਨਹੀਂ ਦੇ ਸਕਦਾ ਕਿ ਕਿਸੇ ਗ਼ਰੀਬ ਵਿਧਵਾ ਦੇ ਚੋਰੀ ਕੀਤੇ ਧਨ ਨੂੰ ਲੱਭਣ 'ਤੇ ਖਰਚ ਜ਼ਿਆਦਾ ਆ ਸਕਦਾ ਹੈ ਜਿਸ ਕਰ ਕੇ ਉਸ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਦੂਜਾ, ਆਮ ਤੌਰ 'ਤੇ ਹੱਕ ਵਿਚ ਕਿਸੇ ਸ਼ਖ਼ਸ, ਸੰਸਥਾ ਜਾਂ ਸਰਕਾਰ ਦਾ ਫਰਜ਼ ਸ਼ਾਮਿਲ ਹੁੰਦਾ ਹੈ ਤਾਂ ਕਿ ਦਾਅਵੇ ਦਾ ਲਾਭ ਪ੍ਰਾਪਤ ਕੀਤਾ ਜਾ ਸਕੇ।

ਜਲਵਾਯੂ ਤਬਦੀਲੀ ਗ੍ਰੀਨ ਹਾਊਸ ਜਾਂ ਤਾਪ ਵਧਾਊ ਗੈਸਾਂ ਦੀ ਨਿਕਾਸੀ ਦਾ ਅਸਰ ਹੈ। ਇਸ ਵਿਚ ਕਿਸੇ ਵਿਕਾਸਸ਼ੀਲ ਦੇਸ਼ ਵੱਲੋਂ ਛੱਡੀਆਂ ਜਾਂਦੀਆਂ ਗੈਸਾਂ ਦਾ ਬਹੁਤਾ ਯੋਗਦਾਨ ਨਹੀਂ ਹੈ। ਦੁਨੀਆ ਭਰ ਵਿਚ ਸਰਕਾਰਾਂ ਆਪਣੇ ਪੱਧਰ 'ਤੇ ਤਪਸ਼ ਵਧਾਊ ਗੈਸਾਂ ਦੀ ਨਿਕਾਸੀ ਘਟਾਉਣ ਲਈ ਬਹੁਤਾ ਕੁਝ ਨਹੀਂ ਕਰ ਸਕਦੀਆਂ। ਇਸ ਲਈ ਕੌਮਾਂਤਰੀ ਪੱਧਰ 'ਤੇ ਆਮ ਸਹਿਮਤੀ ਬਣਾਉਣ ਦੀ ਲੋੜ ਹੈ ਜਿਸ ਦੀ ਦਿਸ਼ਾ ਵਿੱਚ 1992 ਵਿੱਚ ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਅਹਿਦਨਾਮੇ ਦੇ ਚੌਖਟੇ (ਯੂਐੱਨਐੱਫਸੀਸੀਸੀ) ਅਪਣਾਏ ਜਾਣ ਤੋਂ ਲੈ ਕੇ ਮੱਠੀ ਪ੍ਰਗਤੀ ਹੋ ਸਕੀ ਹੈ। ਯੂਐੱਨਐੱਫਸੀਸੀਸੀ ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ ਵਿਕਸਤ ਦੇਸ਼ ਜਲਵਾਯੂ ਤਬਦੀਲੀ ਪੈਦਾ ਕਰਨ ਦੇ ਵੱਡੇ ਕਾਰਕ ਹਨ; ਇਵੇਂ ਹੀ ਇਨ੍ਹਾਂ ਤਾਪ ਵਧਾਊ ਗੈਸਾਂ ਨੂੰ ਘਟਾਉਣ ਅਤੇ ਜਲਵਾਯੂ ਤਬਦੀਲੀ ਦੇ ਅਸਰ ਨਾਲ ਸਿੱਝਣ ਦੀ ਸਮੱਰਥਾ ਵੀ ਜ਼ਿਆਦਾ ਹੈ ਜਿਸ ਨੂੰ 'ਸਾਂਝੀ ਪਰ ਵੰਡਵੀਂ ਜ਼ਿੰਮੇਵਾਰੀ' (ਸੀਡੀਆਰ) ਦਾ ਨੇਮ ਕਿਹਾ ਜਾਂਦਾ ਹੈ। ਧਰਤੀ ਦਾ ਔਸਤਨ ਤਾਪਮਾਨ 1.5 ਡਿਗਰੀ ਸੈਲਸੀਅਸ ਵਾਧੇ ਦੀ ਪ੍ਰਵਾਨਤ ਹੱਦ ਤੋਂ ਉੱਪਰ ਨਾ ਵਧਣ ਦੇਣ ਲਈ ਪੈਰਿਸ ਸੰਧੀ (2015) ਤਹਿਤ ਮੌਜੂਦਾ ਟੀਚੇ ਪੂਰੇ ਨਹੀਂ ਕੀਤੇ ਜਾ ਸਕੇ। ਇਸ ਕਰ ਕੇ ਆਸਾਰ ਹਨ ਕਿ ਜਲਵਾਯੂ ਤਬਦੀਲੀ ਵਿਚ ਬਹੁਤ ਤਿੱਖਾ ਵਾਧਾ ਹੋ ਸਕਦਾ ਹੈ।

ਵਿਕਸਤ ਦੇਸ਼ਾਂ ਦੀਆਂ ਕਾਰਵਾਈਆਂ ਕਰ ਕੇ ਭਾਰਤ ਉੱਪਰ ਵੀ ਜਲਵਾਯੂ ਤਬਦੀਲੀ ਦਾ ਅਸਰ ਹੋ ਰਿਹਾ ਹੈ। ਅਜਿਹੇ ਹਾਲਾਤ ਵਿੱਚ ਕੋਈ ਨਾਗਰਿਕ ਜਲਵਾਯੂ ਤਬਦੀਲੀ ਤੋਂ ਮੁਕਤੀ ਦਾ ਦਾਅਵਾ ਕੀਹਦੇ ਖ਼ਿਲਾਫ਼ ਦਾਇਰ ਕਰ ਸਕਦਾ ਹੈ? ਤਰਕ ਦੇ ਲਿਹਾਜ਼ ਤੋਂ ਵਿਕਸਤ ਮੁਲਕਾਂ ਦੇ ਗੁੱਟ ਨੂੰ ਇਸ ਸਮੱਸਿਆ ਦੀ ਜ਼ਿੰਮੇਵਾਰੀ ਚੁੱਕਣੀ ਚਾਹੀਦੀ ਹੈ। ਹੁਣ ਤੱਕ ਕੌਮਾਂਤਰੀ ਜਲਵਾਯੂ ਤਬਦੀਲੀ ਸੰਧੀਆਂ ਤਹਿਤ ਵਿਕਾਸਸ਼ੀਲ ਮੁਲਕਾਂ ਨੂੰ ਜਲਵਾਯੂ ਤਬਦੀਲੀ ਮੁਤਾਬਕ ਢਲਣ ਲਈ ਬਹੁਤ ਥੋੜ੍ਹੇ ਫੰਡਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਲਈ ਕੀ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਮਤਲਬ ਇਹ ਹੈ ਕਿ ਭਾਰਤ ਸਰਕਾਰ ਨੂੰ ਜਲਵਾਯੂ ਤਬਦੀਲੀ ਦੇ ਅਸਰ ਘੱਟ ਕਰਨੇ ਪੈਣਗੇ ਭਾਵੇਂ ਇਸ ਦੀ ਲਾਗਤ ਕੁਝ ਵੀ ਹੋਵੇ?

ਹੱਕਾਂ ਦਾ ਇੱਕ ਹੋਰ ਸੰਕਲਪ ਆਜ਼ਾਦੀ ਦੇ ਹੱਕ ਬਨਾਮ ਕਲਿਆਣਕਾਰੀ ਹੱਕ ਦੇ ਸੰਕਲਪ ਨਾਲ ਜੁੜਿਆ ਹੈ। ਜੀਵਨ, ਬੋਲਣ ਦਾ ਹੱਕ ਆਦਿ ਆਜ਼ਾਦੀਆਂ ਨਾਲ ਜੁੜੇ ਹਨ। ਸਿੱਖਿਆ, ਜਲਵਾਯੂ ਤਬਦੀਲੀ ਸਣੇ ਸਾਫ਼ ਸੁਥਰੇ ਵਾਤਾਵਰਨ ਦੇ ਅਧਿਕਾਰ ਕਲਿਆਣਕਾਰੀ ਅਧਿਕਾਰ ਗਿਣੇ ਜਾਂਦੇ ਹਨ। ਪਹਿਲੀ ਕਿਸਮ ਦੇ ਅਧਿਕਾਰਾਂ ਲਈ ਜ਼ਰੂਰੀ ਹੈ ਕਿ ਬਾਕੀ ਲੋਕ ਉਨ੍ਹਾਂ ਦੇ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਨਾ ਕਰ ਸਕਣ; ਦੂਜੀ ਵੰਨਗੀ 'ਚ ਅਧਿਕਾਰਾਂ ਨੂੰ ਸਾਕਾਰ ਕਰਨ ਲਈ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ ਗਿਆ ਹੈ। ਆਜ਼ਾਦੀਆਂ ਨਾਲ ਜੁੜੇ ਅਧਿਕਾਰਾਂ ਦੇ ਅਮਲ ਲਈ ਵੀ ਕਾਫ਼ੀ ਲਾਗਤਾਂ ਆਉਂਦੀਆਂ ਹਨ।

ਉਂਝ, ਕਲਿਆਣਕਾਰੀ ਅਧਿਕਾਰ ਆਮ ਤੌਰ 'ਤੇ ਵੱਡੇ ਪੱਧਰ 'ਤੇ ਸਾਧਨ ਜੁਟਾਏ ਬਿਨਾਂ ਸਾਕਾਰ ਨਹੀਂ ਕੀਤੇ ਜਾ ਸਕਦੇ। ਜਦੋਂ ਸਾਧਨਾਂ ਦੀ ਕਮੀ ਹੁੰਦੀ ਹੈ ਜਿਵੇਂ ਵਿਕਾਸਸ਼ੀਲ ਦੇਸ਼ਾਂ ਵਿਚ ਹੁੰਦਾ ਹੈ ਤਾਂ ਵੱਖ-ਵੱਖ ਤਰ੍ਹਾਂ ਦੇ ਕਲਿਆਣਕਾਰੀ ਅਧਿਕਾਰਾਂ 'ਚੋਂ ਤਰਜੀਹੀ ਅਧਿਕਾਰਾਂ ਦੀ ਚੋਣ ਕਰਨੀ ਪਵੇਗੀ। ਬਹੁਤ ਸਾਰੇ ਅਧਿਐਨਾਂ ਮੁਤਾਬਿਕ ਜਲਵਾਯੂ ਤਬਦੀਲੀ ਦ ਅਸਰ ਦੂਰ ਕਰਨ ਲਈ ਬਹੁਤ ਜ਼ਿਆਦਾ ਧਨ ਦੀ ਲੋੜ ਹੈ। ਵਿਕਸਤ ਦੇਸ਼ਾਂ ਵੱਲੋਂ ਚੋਖੀ ਮਾਤਰਾ ਵਿੱਚ ਕੌਮਾਂਤਰੀ ਫੰਡਿੰਗ ਦੀ ਅਣਹੋਂਦ ਵਿੱਚ ਇਸ ਦਾ ਮਤਲਬ ਹੈ ਕਿ ਭਾਰਤ ਸਰਕਾਰ ਨੂੰ ਇਸ ਮਾਮਲੇ ਨਾਲ ਸਿੱਝਣ ਲਈ ਆਪਣੇ ਸਾਧਨਾਂ 'ਤੇ ਨਿਰਭਰ ਹੋਣਾ ਪਵੇਗਾ। ਜੇ ਸਟੇਟ/ਰਿਆਸਤ ਨੂੰ ਵੱਖ-ਵੱਖ ਕਿਸਮ ਦੇ ਕਲਿਆਣਕਾਰੀ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਪਵੇ ਤਾਂ ਸੀਮਤ ਸਾਧਨਾਂ ਦੇ ਮੱਦੇਨਜ਼ਰ ਹਰ ਕੇਸ ਵਿੱਚ ਇਸ ਦਾ ਅਮਲ ਅੰਸ਼ਕ ਹੋਵੇਗਾ। ਜਲਵਾਯੂ ਤਬਦੀਲੀ ਨਾਲ ਜੁੜੇ ਅਧਿਕਾਰਾਂ ਨੂੰ ਸਗਵੇਂ ਰੂਪ ਵਿੱਚ ਸਾਕਾਰ ਕਰਨ ਲਈ ਉਭਰ ਰਹੇ ਕੌਮਾਂਤਰੀ ਜਲਵਾਯੂ ਤਬਦੀਲੀ ਪ੍ਰਬੰਧ ਅਧੀਨ ਵਿਕਸਤ ਦੇਸ਼ਾਂ ਤੋਂ ਨਵੇਂ ਅਤੇ ਵਧੀਕ ਸਾਧਨਾਂ ਦੀ ਲੋੜ ਪਵੇਗੀ। ਅਜਿਹੇ ਸਾਧਨਾਂ ਦੀ ਸੰਭਾਵਨਾ ਪਹਿਲਾਂ ਨਾਲੋਂ ਵੀ ਮੱਧਮ ਪੈ ਰਹੀ ਹੈ।

2005 ਵਿਚ ਕੇਂਦਰ ਸਰਕਾਰ ਨੇ ਜਲਵਾਯੂ ਤਬਦੀਲੀ ਦੇ ਅਸਰ ਲਈ ਫੰਡਿੰਗ ਬਾਰੇ ਅਧਿਐਨ ਕਰਵਾਇਆ। ਅਜਿਹੀਆਂ ਯੋਜਨਾਵਾਂ ਤੇ ਪ੍ਰੋਗਰਾਮਾਂ ਦੀ ਨਿਸ਼ਾਨਦੇਹੀ ਕੀਤੀ ਜਿਨ੍ਹਾਂ ਦੇ ਉਦੇਸ਼ ਜਲਵਾਯੂ ਤਬਦੀਲੀ ਦੇ ਅਸਰ ਘਟਾਉਣਾ ਸੀ (ਜਿਵੇਂ ਸਿੰਜਾਈ ਤੇ ਹੜ੍ਹ ਕੰਟਰੋਲ, ਜੰਗਲੀ ਇਲਾਕਿਆਂ ਦੀ ਨਿਸ਼ਾਨਦੇਹੀ, ਚੱਕਰਵਾਤੀ ਤੂਫਾਨਾਂ ਤੋਂ ਬਚਾਓ ਆਦਿ)। ਅਧਿਐਨ ਮੁਤਾਬਕ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦਾ ਕਰੀਬ 1.8 ਫ਼ੀਸਦ ਹਿੱਸਾ ਇਨ੍ਹਾਂ ਪ੍ਰੋਗਰਾਮਾਂ ਉਪਰ ਖਰਚ ਕੀਤਾ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸੰਭਵ ਹੈ ਕਿ ਇਹ ਅੰਕੜਾ ਕਾਫ਼ੀ ਵਧ ਗਿਆ ਹੋਵੇ। ਇਸ ਲਈ ਕੀ ਜਲਵਾਯੂ ਤਬਦੀਲੀ ਤੋਂ ਮੁਕਤੀ ਦੇ ਅਧਿਕਾਰ ਦੀ ਮਾਨਤਾ ਨਾਲ ਕੋਈ ਅਹਿਮ ਵਿਹਾਰਕ ਫ਼ਰਕ ਪਵੇਗਾ? ਸਾਫ਼ ਜ਼ਾਹਿਰ ਹੈ ਕਿ ਇਸ ਨਾਲ ਬਾਹਰੀ ਸਰੋਤਾਂ ਦੀ ਆਮਦ ਉਪਰ ਥੋੜ੍ਹਾ ਜਿਹਾ ਅਸਰ ਹੀ ਪਵੇਗਾ। ਜਲਵਾਯੂ ਤਬਦੀਲੀ ਦੇ ਅਸਰ ਦਾ ਜੋਖ਼ਮ ਘਟਾਉਣ ਲਈ ਕੌਮੀ ਖਰਚ ਦੇ ਇਤਿਹਾਸਕ ਪੱਧਰ ਦੇ ਮੱਦੇਨਜ਼ਰ ਜਲਵਾਯੂ ਤਬਦੀਲੀ ਦੇ ਹੱਕਾਂ ਨੂੰ ਸਾਕਾਰ ਕਰਨ ਲਈ ਜੀਡੀਪੀ ਦੇ ਅਨੁਪਾਤ ਵਿਚ ਖਰਚੇ ਵਿਚ ਵਾਧੇ ਦੀ ਗੁੰਜਾਇਸ਼ ਬਹੁਤ ਥੋੜ੍ਹੀ ਹੈ।

ਜਿਵੇਂ-ਜਿਵੇਂ ਮੁਲਕ ਦਾ ਅਰਥਚਾਰਾ ਵਧਦਾ ਹੈ, ਸਰੋਤਾਂ ਦਾ ਸੰਪੂਰਨ ਪੱਧਰ ਵੀ ਵਧੇਗਾ। ਜਿਵੇਂ-ਜਿਵੇਂ ਨਾਗਰਿਕ ਅਮੀਰ ਹੋਣਗੇ, ਉਹ ਜਲਵਾਯੂ ਤਬਦੀਲੀ ਦੇ ਅਸਰਾਂ ਤੋਂ ਬਚਣ ਲਈ ਪੱਲਿਓਂ ਵੱਧ ਪੈਸੇ ਖ਼ਰਚਣਗੇ। ਉਹ ਟਿਕਾਊ ਮਕਾਨ ਉਸਾਰੀ, ਸਿਹਤ ਸੰਭਾਲ, ਜਲ ਸੰਭਾਲ 'ਤੇ ਵੱਧ ਖ਼ਰਚਾ ਕਰਨਗੇ ਅਤੇ ਮੌਸਮ ਦੀ ਅਤਿ ਤੋਂ ਬਚਣ ਲਈ ਬੀਮਾ ਪਾਲਿਸੀ ਖ਼ਰੀਦਣਗੇ।

ਕੌਮੀ ਅਰਥਚਾਰੇ ਦੇ ਵਧਣ ਨਾਲ ਵਿਆਪਕ ਪੱਧਰ 'ਤੇ ਨਾਗਰਿਕਾਂ ਲਈ ਜਲਵਾਯੂ ਤਬਦੀਲੀ ਦੇ ਅਸਰਾਂ ਦਾ ਖ਼ਤਰਾ ਘਟੇਗਾ। ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਵਿਕਾਸ ਅਹਿਮ ਪਹਿਲੂ ਹੈ। ਸੁਪਰੀਮ ਕੋਰਟ ਦੇ ਹੁਕਮ ਦਾ ਮੁੱਖ ਅਸਰ ਸ਼ਾਇਦ ਇਹ ਹੋਵੇਗਾ ਕਿ ਭਵਿੱਖ ਵਿਚ ਜਲਵਾਯੂ ਖ਼ਤਰਿਆਂ ਲਈ ਰੱਖੀ ਜਾਣ ਵਾਲੀ ਰਾਸ਼ੀ 'ਚ ਸੰਭਾਵੀ ਕਟੌਤੀ ਨੂੰ ਰੋਕਿਆ ਜਾ ਸਕੇਗਾ।

ਸੁਪਰੀਮ ਕੋਰਟ ਦਾ ਫ਼ੈਸਲਾ ਇਕ ਹੁਕਮ ਖ਼ਿਲਾਫ ਦਾਇਰ ਅਪੀਲ ਦੇ ਪ੍ਰਸੰਗ ਵਿਚ ਆਇਆ ਹੈ। ਇਸ ਹੁਕਮ ਵਿਚ ਕਿਹਾ ਗਿਆ ਸੀ ਕਿ ਰਾਜਸਥਾਨ ਤੇ ਗੁਜਰਾਤ ਵਿਚ ਲੋਪ ਹੋਣ ਦੇ ਕੰਢੇ ਪਹੁੰਚੇ ਪੰਛੀ 'ਗ੍ਰੇਟ ਇੰਡੀਅਨ ਬਸਟਰਡ' ਦੇ ਕੁਦਰਤੀ ਟਿਕਾਣਿਆਂ 'ਚ ਨਵਿਆਉਣਯੋਗ ਊਰਜਾ ਨੂੰ ਕੱਢਣ ਲਈ ਵਿਛਾਈਆਂ ਸਾਰੀਆਂ ਪਾਵਰ ਲਾਈਨਾਂ (ਬਿਜਲੀ ਦੀਆਂ ਤਾਰਾਂ) ਨੂੰ ਜ਼ਮੀਨਦੋਜ਼ ਕੀਤਾ ਜਾਵੇ। ਇਸ ਦਾ ਕਾਰਨ ਸੀ ਕਿ ਵੱਡੀ ਗਿਣਤੀ ਪੰਛੀ ਉੱਡਦੇ ਸਮੇਂ ਇਨ੍ਹਾਂ ਤਾਰਾਂ ਨਾਲ ਟਕਰਾ ਰਹੇ ਸਨ। ਬਿਜਲੀ ਕੰਪਨੀਆਂ ਨੇ ਦਲੀਲ ਦਿੱਤੀ ਸੀ ਕਿ ਇਸ 'ਤੇ ਆਉਣ ਵਾਲਾ ਖ਼ਰਚ ਨਵਿਆਉਣਯੋਗ ਊਰਜਾ ਨੂੰ ਮੁਕਾਬਲੇ ਤੋਂ ਬਾਹਰ ਕਰ ਦੇਵੇਗਾ।

ਇਸ ਮਾਮਲੇ ਵਿਚ ਵਾਤਾਵਰਨ ਸਥਿਰਤਾ ਦੇ ਅਧਿਕਾਰ ਅਤੇ ਭਾਰਤ ਦੀ ਤਾਪ ਵਧਾਊ ਗੈਸ ਨਿਕਾਸੀ ਘਟਾਉਣ ਪ੍ਰਤੀ ਵਚਨਬੱਧਤਾ ਵਿਚਾਲੇ ਟਕਰਾਅ ਉਪਜਦਾ ਹੈ। ਇਨ੍ਹਾਂ ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਦੇ ਠੱਪ ਹੋਣ ਨਾਲ ਭਾਰਤ ਲਈ ਪੈਰਿਸ ਸਮਝੌਤੇ ਤਹਿਤ ਆਪਣੀਆਂ ਆਲਮੀ ਵਚਨਬੱਧਤਾਵਾਂ ਨੂੰ ਪੂਰਾ ਕਰਨਾ ਔਖਾ ਹੋ ਜਾਵੇਗਾ; ਦੂਜੇ ਪਾਸੇ ਇਨ੍ਹਾਂ ਪ੍ਰਾਜੈਕਟਾਂ ਨੂੰ ਜਾਰੀ ਰੱਖਣ ਨਾਲ ਇਸ ਪੰਛੀ ਦੀ ਹੋਂਦ ਬਚਾਉਣੀ ਵੀ ਮੁਸ਼ਕਿਲ ਹੋ ਜਾਵੇਗੀ। ਅਦਾਲਤ ਨੇ ਸੁਝਾਅ ਦਿੱਤਾ ਹੈ ਕਿ ਇਨ੍ਹਾਂ ਦੋਵਾਂ ਚਿੰਤਾਵਾਂ ਦੇ ਵਿਹਾਰਕ ਹੱਲ ਲੱਭਣ ਲਈ ਮਾਹਿਰਾਂ ਤੋਂ ਅਧਿਐਨ ਕਰਾਇਆ ਜਾਵੇ। ਜੇ ਕੋਈ ਰਸਤਾ ਲੱਭਦਾ ਹੈ ਤਾਂ ਬਹੁਤ ਚੰਗਾ; ਨਹੀਂ ਲੱਭਦਾ ਤਾਂ ਸ਼ਾਇਦ ਨੀਤੀ ਨਿਰਧਾਰਕ ਸੰਸਥਾਵਾਂ ਇਸ ਮੁਸ਼ਕਿਲ ਵਿੱਚੋਂ ਨਿਕਲਣ ਦਾ ਕੋਈ ਰਾਹ ਲੱਭ ਸਕਣ।

# ਨਵੇਂ ਪੁਰਾਣੇ ਵੰਸ਼ਵਾਦੀਆਂ ਦੀ ਸਿਆਸਤ

ਲੇਖਕ : ਰਾਜੇਸ਼ ਰਾਮਚੰਦਰਨ




ਵੰਸ਼ਵਾਦੀ ਸਿਆਸਤ ਸੁਰਖੀਆਂ ਵਿਚ ਹੈ ਅਤੇ ਚੋਣ ਰੈਲੀਆਂ ਵਿਚ ਗਾਲੀ-ਗਲੋਚ ਦੇ ਵਰਤਾਰੇ ਉਪਰ ਛਾਈ ਹੋਈ ਹੈ। ਜਿਸ ਚੀਜ਼ ਦਾ ਵਿਖਾਲਾ ਹੋ ਰਿਹਾ ਹੈ, ਉਹ ਇਹ ਹੈ ਕਿ ਪਰਿਵਾਰ ਆਪਣੀਆਂ ਪੀੜ੍ਹੀਆਂ ਦੀ ਕਮਾਈ ਸਿਆਸੀ ਪੂੰਜੀ ਹਥਿਆਉਣ ਅਤੇ ਹੋਰ ਜ਼ਿਆਦਾ ਸ਼ਕਤੀ ਇਕੱਠੀ ਕਰਨ ਲੱਗੇ ਹੋਏ ਹਨ। ਅਜਿਹੇ ਮੰਜ਼ਰ ਵਿਚ ਜਿੱਥੇ ਜਨਤਕ ਅਹੁਦਾ ਝਟਪਟ ਵਹਿਸ਼ੀ ਸ਼ਕਤੀ ਅਤੇ ਕਾਲੀ ਕਮਾਈ ਦਾ ਰੂਪ ਧਾਰ ਲੈਂਦਾ ਹੈ, ਉੱਥੇ ਸਿਆਸਤ ਇਕ ਉੱਦਮ ਹੈ; ਜ਼ਿਲਾ ਪੱਧਰ ਦੇ ਪੰਖੇਰੂਆਂ ਤੋਂ ਲੈ ਕੇ ਸੂਬਾਈ ਚੌਧਰੀਆਂ ਅਤੇ ਦੇਸ਼ ਦੇ ਵੱਡੇ ਇਲਾਕਿਆਂ ’ਤੇ ਪ੍ਰਭਾਵ ਰੱਖਣ ਵਾਲੇ ਸ਼ਾਸਕਾਂ ਤੱਕ ਸਿਆਸਤਦਾਨ ਇਸ ਦੇ ਸਭ ਤੋਂ ਵੱਡੇ ਉੱਦਮੀ ਹਨ; ਨਹੀਂ ਤਾਂ ਕਰਨ ਭੂਸ਼ਨ ਸਿੰਘ, ਪ੍ਰਜਵਲ ਰੇਵੰਨਾ ਅਤੇ ਰਾਹੁਲ ਗਾਂਧੀ ਦੀ ਰਾਏ ਬਰੇਲੀ ਤੋਂ ਨਾਮਜ਼ਦਗੀ ਟੀਵੀ ਅਖ਼ਬਾਰਾਂ ਲਈ ਇੰਨੀ ਵੱਡੀ ਖ਼ਬਰ ਕਿਵੇਂ ਬਣ ਸਕਦੀ ਹੈ। ਇਹ ਤਿੰਨੇ ਨਾ ਕੇਵਲ ਤਿੰਨ ਪੱਧਰਾਂ ’ਤੇ ਸਗੋਂ ਮੁਕਾਮੀ, ਖੇਤਰੀ ਤੇ ਕੌਮੀ ਪੱਧਰ ’ਤੇ ਭਾਰਤੀ ਸਿਆਸਤ ਵਿਚ ਵੰਸ਼ਵਾਦ ਦੀਆਂ ਨੁਮਾਇੰਦਾ ਮਿਸਾਲਾਂ ਹਨ; ਇਹ ਤਿੰਨੇ ਵੱਖੋ-ਵੱਖਰੀਆਂ ਸਿਆਸੀ ਇਕਾਈਆਂ ਨਾਲ ਸਬੰਧ ਰੱਖਦੇ ਹਨ। ਇਕ ਸ਼ੁੱਧ ਰੂਪ ਵਿਚ ਪਰਿਵਾਰ ਆਧਾਰਿਤ ਕੌਮੀ ਸਿਆਸੀ ਉੱਦਮ ਤੋਂ ਹੈ; ਦੂਜਾ ਦੱਖਣ ਦੇ ਇਕ ਹਿੱਸੇ ਤੱਕ ਸੀਮਤ ਜਾਤੀ ਆਧਾਰਿਤ ਪਰਿਵਾਰਕ ਜਥੇਬੰਦੀ ਨਾਲ ਜੁੜਿਆ ਹੈ ਅਤੇ ਤੀਜਾ ਕੇਡਰ ਆਧਾਰਿਤ ਵਿਚਾਰਧਾਰਕ ਸੰਗਠਨ ਤੋਂ ਹੈ ਜੋ ਸਭਿਆਚਾਰਕ ਰਾਸ਼ਟਰਵਾਦ ਦੇ ਹੋਕਰੇ ਲਾਉਂਦਾ ਹੈ ਅਤੇ ਭਾਰਤ ਮਾਤਾ ਦੀ ਪੂਜਾ ਦਾ ਦਮ ਭਰਦਾ ਹੈ।

ਉਂਝ, ਇਹ ਸਾਰੇ ਸੱਤਾ ਦੀ ਪਿੱਤਰਵਾਦੀ ਵਿਰਾਸਤ ਦੀ ਇਕੋ ਜਿਹੀ ਸਿਆਸਤ ਕਰਦੇ ਹਨ। ਨਾ ਕੇਵਲ ਇਹ ਤਿੰਨੇ ਸਗੋਂ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸਮੁੱਚੇ ਦੇਸ਼ ਅੰਦਰ ਭਾਰਤੀ ਸਿਆਸਤ ਉਪਰ ਵੰਸ਼ਵਾਦੀਆਂ ਦਾ ਦਬਦਬਾ ਹੈ; ਹਾਲਾਂਕਿ ਉਮਰ ਅਬਦੁੱਲਾ ਤੀਜੀ ਪੀੜ੍ਹੀ ਦੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਹਨ, ਐੱਮਕੇ ਸਟਾਲਿਨ ਦੂਜੀ ਪੀੜ੍ਹੀ ਦੇ ਤਾਮਿਲ ਨਾਡੂ ਦੇ ਮੌਜੂਦਾ ਮੁੱਖ ਮੰਤਰੀ ਹਨ। ਲਗਭਗ ਸਾਰੇ ਸੂਬਿਆਂ ਅੰਦਰ ਵੰਸ਼ ਦੀਆਂ ਜੜ੍ਹਾਂ ਹਨ, ਭਾਵੇਂ ਸੰਗਠਨ ਨੂੰ ਸਿੰਜਣ ਵਾਲੀ ਵਿਚਾਰਧਾਰਾ ਦੀ ਕਿਸਮ ਕੋਈ ਵੀ ਹੋਵੇ; ਤਾਮਿਲ ਨਾਡੂ ਵਿਚ ਡੀਐੱਮਕੇ ਦਾ ਭਾਸ਼ਾਈ ਰਾਸ਼ਟਰਵਾਦੀ ਪੈਂਤੜਾ ਹੋਵੇ ਜਾਂ ਨੈਸ਼ਨਲ ਕਾਨਫਰੰਸ ਦਾ ਰਜਵਾੜਾਸ਼ਾਹੀ ਵਿਰੋਧੀ ਤੇ ਰਾਸ਼ਟਰਵਾਦ ਪੱਖੀ ਪੈਂਤੜਾ ਜਾਂ ਸ਼ਿਵ ਸੈਨਾ ਦਾ ਮਰਾਠਾ ਪ੍ਰਥਮ ਦਾ ਧੜਵੈਲਪੁਣਾ ਜਾਂ ਰਾਸ਼ਟਰੀ ਜਨਤਾ ਦਲ ਸਮਾਜਵਾਦੀ ਪਾਰਟੀ ਦਾ ਯਾਦਵ ਸਸ਼ਕਤੀਕਰਨ ਹੋਵੇ ਜਾਂ ਬਹੁਜਨ ਸਮਾਜ ਪਾਰਟੀ ਲਈ ਦਲਿਤ ਮੁਕਤੀ ਦਾ ਨਾਅਰਾ।

ਦੂਰ-ਦੂਰ ਤੱਕ ਫੈਲੇ ਇਸ ਵਰਤਾਰੇ ਦਾ ਬਿਹਤਰੀਨ ਖੁਲਾਸਾ ਭਾਜਪਾ ਦੇ ਐੱਮਪੀ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਪੁੱਤਰ ਕਰਨ ਭੂਸ਼ਨ ਦੀ ਨਾਮਜ਼ਦਗੀ ਨੇ ਕੀਤਾ ਹੈ। ਉਹ ਸਮਕਾਲੀ ਰਾਜਨੀਤੀ ਦੀ ਸਭ ਤੋਂ ਵਿਵਾਦ ਵਾਲੀ ਹਸਤੀ ਹੈ ਜਿਸ ਨੂੰ 1990ਵਿਆਂ ਵਿਚ ਜੇਜੇ ਹਸਪਤਾਲ ਵਿਚ ਗੋਲੀਬਾਰੀ ਜਿਸ ਵਿਚ ਦਾਊਦ ਇਬਰਾਹੀਮ ਗੈਂਗ ਦਾ ਨਾਂ ਵੀ ਜੁੜਦਾ ਸੀ, ਦੇ ਮਾਮਲੇ ਵਿਚ ਮੁਲਜ਼ਮ ਨਾਮਜ਼ਦ ਕੀਤਾ ਗਿਆ ਸੀ, ਬਾਅਦ ਵਿਚ ਉਹ ਬਰੀ ਹੋ ਗਏ ਸਨ। ਉਸ ਖਿਲਾਫ਼ ਮਹਿਲਾ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣ ਨਾਲ ਨਾ ਕੇਵਲ ਭਾਜਪਾ ਦੀ ਬਦਨਾਮੀ ਹੋਈ ਸਗੋਂ ਭਾਰਤੀ ਖੇਡ ਪ੍ਰਸ਼ਾਸਨ ਦੀ ਕਦਰ ਵੀ ਘਟੀ। ਫਿਰ ਵੀ ਉਹ ਆਪਣੇ ਪ੍ਰਭਾਵ ਵਾਲੇ ਇਲਾਕੇ ਵਿਚ ਕੈਸਰਗੰਜ ਹਲਕੇ ਤੋਂ ਆਪਣੇ ਪੁੱਤਰ ਨੂੰ ਭਾਜਪਾ ਦੀ ਟਿਕਟ ਲੈਣ ਵਿਚ ਸਫ਼ਲ ਹੋ ਗਿਆ।

ਕਿਸੇ ਕੇਡਰ ਆਧਾਰਿਤ ਪਾਰਟੀ ਲਈ ਵੀ ਕਿਸੇ ਮੁਕਾਮੀ ਬਾਹੂਬਲੀ ਦੀ ਸਿਆਸੀ ਪੂੰਜੀ ਨੂੰ ਨਕਾਰਨਾ ਵਾਰਾ ਨਹੀਂ ਖਾਂਦਾ। ਜਦੋਂ ਇਕ-ਇਕ ਸੀਟ ਮਾਇਨੇ ਰੱਖਦੀ ਹੋਵੇ ਤਾਂ ਅਜਿਹੇ ਫਸਵੇਂ ਮੁਕਾਬਲੇ ਵਿਚ ਚੋਣ ਜਿੱਤਣ ਦੀ ਕਾਬਲੀਅਤ ਸੰਗਠਨ ਦੇ ਅਸੂਲਾਂ ਉਪਰ ਭਾਰੂ ਪੈ ਜਾਂਦੀ ਹੈ। ਰਿਪੋਰਟਾਂ ਆਈਆਂ ਸਨ ਕਿ ਯੂਪੀ ਵਿਚ 54 ਸਿੱਖਿਆ ਸੰਸਥਾਵਾਂ ਦਾ ਕੰਟਰੋਲ ਬ੍ਰਿਜ ਭੂਸ਼ਨ ਦੇ ਹੱਥਾਂ ਵਿਚ ਹੈ।

ਇਸ ਲਈ ਮਹਿਜ਼ ਇਕ ਹਲਕੇ ਦਾ ਸਵਾਲ ਨਹੀਂ ਸਗੋਂ ਤਿੰਨ ਚਾਰ ਹਲਕਿਆਂ ’ਤੇ ਪ੍ਰਭਾਵ ਅਤੇ ਭਾਰੂ ਬਰਾਦਰੀ ਦਾ ਮਾਮਲਾ ਹੈ। ਇਹ ਉਹ ਸ਼ਖ਼ਸ ਹਨ ਜੋ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਆਪਣੀ ਸਾਮੰਤੀ ਦਖ਼ਲਅੰਦਾਜ਼ੀ ਕਰ ਕੇ ਮੁਕਾਮੀ ਰਿਸ਼ਤਾ ਕਾਇਮ ਕਰ ਲੈਂਦੇ ਹਨ ਤੇ ਫਿਰ ਇਸ ਨੂੰ ਸਿਆਸੀ ਪੂੰਜੀ ਵਿਚ ਬਦਲ ਲੈਂਦੇ ਹਨ ਜੋ ਬਾਅਦ ਵਿਚ ਵਿਰਾਸਤ ਦਾ ਔਜ਼ਾਰ ਬਣ ਜਾਂਦੀ ਹੈ।

ਪ੍ਰਜਵਲ ਰੇਵੰਨਾ ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵ ਗੌੜਾ ਦਾ ਪੋਤਰਾ ਹੈ ਅਤੇ ਇਸ ਪਰਿਵਾਰ ਦੇ ਜੱਦੀ ਹਲਕੇ ਹਾਸਨ ਤੋਂ ਮੁੱਖ ਦਾਅਵੇਦਾਰ ਹੈ। ਜਦੋਂ ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਜਨਤਾ ਦਲ (ਸੈਕੂਲਰ) ਨਾਲ ਗੱਠਜੋੜ ਕੀਤਾ ਸੀ ਤਾਂ ਇਸ ਨੂੰ ਇਸ ਵਿਵਾਦਗ੍ਰਸਤ ਐੱਮਪੀ ਨਾਲ ਮਿਲ ਕੇ ਚੱਲਣਾ ਪੈਣਾ ਸੀ। ਦਰਅਸਲ, ਵੱਡੇ ਗੌੜਾ ਨੇ ਆਪਣੇ ਪੋਤਰੇ ਦੀ ਖ਼ਾਤਿਰ ਹੀ ਇਹ ਸੁਰੱਖਿਅਤ ਸੀਟ ਖਾਲੀ ਕੀਤੀ ਸੀ ਅਤੇ ਆਪ 2019 ਵਿਚ ਟੁਮਕੁਰੂ ਤੋਂ ਚੋਣ ਲੜੀ ਸੀ ਜਿਸ ਵਿਚ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਪ੍ਰਜਵਲ ਖਿਲਾਫ਼ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਬਹੁਤ ਹੀ ਗੰਭੀਰ ਦੋਸ਼ ਲੱਗੇ ਪਰ ਭਾਜਪਾ ਨੇ ਇਨ੍ਹਾਂ ਦੋਸ਼ਾਂ ਪ੍ਰਤੀ ਅੱਖਾਂ ਬੰਦ ਕਰ ਕੇ ਜਨਤਾ ਦਲ (ਐੱਸ) ਨਾਲ ਹੱਥ ਮਿਲਾ ਲਏ ਸਨ ਹਾਲਾਂਕਿ ਕਰਨਾਟਕਾ ਭਾਜਪਾ ਦੇ ਆਗੂ ਦੇਵਰਾਜੇ ਗੌੜਾ ਨੇ ਦਸੰਬਰ 2023 ਨੂੰ ਪ੍ਰਦੇਸ਼ ਭਾਜਪਾ ਪ੍ਰਧਾਨ ਬੀਐੱਸ ਵਿਜੇਂਦਰ ਜੋ ਖ਼ੁਦ ਵੀ ਵੰਸ਼ਵਾਦੀ ਅਤੇ ਸਾਬਕਾ ਮੁੱਖ ਮੰਤਰੀ ਬੀਐੱਸ ਯੇਡੀਯੁਰੱਪਾ ਦਾ ਪੁੱਤਰ ਹੈ, ਨੂੰ ਲਿਖੀ ਚਿੱਠੀ ਵਿਚ ਇਨ੍ਹਾਂ ਦੋਸ਼ਾਂ ਦਾ ਜ਼ਿਕਰ ਕੀਤਾ ਸੀ।

ਕਰਨਾਟਕਾ ’ਚ ਕਾਂਗਰਸ ਸਰਕਾਰ ਵੀ ਵੋਕਾਲਿਗਾ (ਦੇਵ ਗੌੜਾ ਦੀ ਬਰਾਦਰੀ) ਦੇ ਦਾਬੇ ਵਾਲੇ ਹਲਕਿਆਂ ’ਚ 26 ਅਪਰੈਲ ਨੂੰ ਮੱਤਦਾਨ ਹੋਣ ਤੱਕ ਪ੍ਰਜਵਲ ਖਿਲਾਫ਼ ਕੇਸ ਦਰਜ ਕਰਨ ਤੋਂ ਟਾਲ਼ਾ ਵੱਟਦੀ ਰਹੀ। ਬਰਾਦਰੀ ਸਿਆਸਤ ਦੀ ਇਹ ਤਾਕਤ ਹੁੰਦੀ ਹੈ ਕਿ ਇਹ ਉਦਮੀ ਪਰਿਵਾਰਾਂ ਲਈ ਸਿਆਸੀ ਕਰੀਅਰ ਉਸਾਰਨ ਦੀ ਠੋਸ ਆਧਾਰ ਬਣ ਜਾਂਦੀ ਹੈ ਤੇ ਸਮਾਂ ਪਾ ਕੇ ਇੰਨਾ ਕੁ ਸਿਆਸੀ ਧਨ ਇਕੱਤਰ ਹੋ ਜਾਂਦਾ ਜਿਨ੍ਹਾਂ ਦਾ ਵਿਆਜ ਨਵੀਆਂ ਤੇ ਵਿਹਲੜ ਪੀੜ੍ਹੀਆਂ ਖਾਂਦੀਆਂ ਹਨ।

ਇਸ ਲੇਖ ਵਿਚ ਕਾਰੋਬਾਰੀ ਮੁਹਾਵਰੇ ਦੀ ਖ਼ੂਬ ਵਰਤੋਂ ਕਰਨ ਤੋਂ ਬਾਅਦ ਹਾਰਵਰਡ ਯੂਨੀਵਰਸਿਟੀ ਦੇ ਇਤਿਹਾਸ ਤੇ ਅਰਥ ਸ਼ਾਸਤਰ ਦੇ ਮਰਹੂਮ ਪ੍ਰੋਫੈਸਰ ਅਮੈਰਿਟਸ ਡੇਵਿਡ ਐੱਸ ਲੈਂਡੇਸ ਵਲੋਂ ਵੰਸ਼ਾਂ ਉਪਰ ਲਿਖੀ ਕਿਤਾਬ ਦਾ ਹਵਾਲਾ ਦੇਣ ਵਾਜਿਬ ਹੈ। ਰੌਥਸਚਾਈਲਡ, ਮੌਰਗਨ, ਫੋਰਡ, ਰੌਕਫੈਲਰ ਅਤੇ ਕੋਈ ਹੋਰ ਪਰਿਵਾਰਾਂ ਦੇ ਲਗਾਤਾਰ ਉਭਾਰ ਦਾ ਵਿਸ਼ਲੇਸ਼ਣ ਕਰਦੇ ਹੋਏ ਪ੍ਰੋਫੈਸਰ ਲੈਂਡੇਸ ਕਿਸੇ ਕਾਰੋਬਾਰ ਉਪਰ ਤਿੰਨ ਪੀੜ੍ਹੀਆਂ ਤੱਕ ਕਿਸੇ ਪਰਿਵਾਰ ਦੇ ਕੰਟਰੋਲ ਨੂੰ ਵੰਸ਼ ਵਜੋਂ ਪਰਿਭਾਸ਼ਤ ਕਰਦੇ ਹਨ। ਉਹ ਧਿਆਨ ਦਿਵਾਉਂਦੇ ਹਨ ਕਿ ਕਿਸੇ ਵੰਸ਼ ਦੀ ਲਗਾਤਾਰਤਾ ਲਈ ਨਾ ਕੇਵਲ ਵਿਕਾਸ, ਵੰਨ-ਸਵੰਤਨਤਾ ਅਤੇ ਤਕਨੀਕੀ ਪ੍ਰਗਤੀ ਜ਼ਰੂਰੀ ਹਨ ਸਗੋਂ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਸਫ਼ਲਤਾ ਇਸ ਦੀ ਦੁਸ਼ਮਣ ਹੁੰਦੀ ਹੈ।

ਕਾਂਗਰਸ ਦੇ ਮਾਮਲੇ ਵਿਚ ਇਹ ਬਹੁਤ ਜਾਣੀ ਪਛਾਣੀ ਗੱਲ ਲਗਦੀ ਹੈ। ਚਾਰ ਪੀੜ੍ਹੀਆਂ (ਜੇ ਮੋਤੀਲਾਲ ਨਹਿਰੂ ਨੂੰ ਨਹਿਰੂ ਗਾਂਧੀ ਵੰਸ਼ ਦਾ ਮੋਢੀ ਮੰਨਿਆ ਜਾਵੇ) ਦੀ ਜ਼ਬਰਦਸਤ ਸਫ਼ਲਤਾ ਤੋਂ ਬਾਅਦ ਪੰਜਵੀਂ ਪੀੜ੍ਹੀ ਥਿੜਕਣ ਲੱਗ ਪਈ। ਸੁਭਾਵਿਕ ਹੈ ਜਿਵੇਂ ਪ੍ਰੋ. ਲੈਂਡੇਸ ਨੇ ਵਿਸ਼ਲੇਸ਼ਣ ਕੀਤਾ ਸੀ- “ਜਿਵੇਂ ਕਿਸੇ ਫਰਮ ਦੀ ਸ਼ਕਤੀ ਤੇ ਵੱਕਾਰ ਵਧਦਾ ਫੁੱਲਦਾ ਹੈ ਤਾਂ ਇਸ ਦੇ ਵੰਸ਼ਜਾਂ ਦਾ ਮਨ ਕਾਰੋਬਾਰ ਦੀ ਬਜਾਇ ਹੋਰ ਕੰਮ ਵਿਚ ਜ਼ਿਆਦਾ ਖੁਭਣ ਲੱਗ ਪੈਂਦਾ ਹੈ…। ਆਪਣੇ ਵੱਡੇ ਵਡੇਰਿਆਂ ਵਾਂਗ ਸ਼ਰਟਾਂ ਪਹਿਨਣ ਦੀ ਬਜਾਇ ਉਹ ਰੇਸ਼ਮ ਤੇ ਮਖ਼ਮਲ ਪਹਿਨਣਾ ਸ਼ੁਰੂ ਕਰ ਦਿੰਦੇ ਹਨ… ਜਾਂ ਹੋਰ ਸੁੱਖ ਸਹੂਲਤਾਂ ਮਾਣਨ ਲੱਗ ਪੈਂਦੇ ਹਨ।” ਇਸੇ ਕਰ ਕੇ ਰਾਏ ਬਰੇਲੀ ਤੋਂ ਰਾਹੁਲ ਗਾਂਧੀ ਦੀ ਨਾਮਜ਼ਦਗੀ ਨੂੰ ਸਿਆਸੀ ਤਿਰਸਕਾਰ ਦਾ ਪਾਤਰ ਬਣ ਗਈ ਹੈ।

2019 ’ਚ ਅਮੇਠੀ ਦੀ ਹਾਰ (ਜਿੱਥੋਂ ਸੰਜੇ, ਰਾਜੀਵ ਤੇ ਸੋਨੀਆ ਵੀ ਨੁਮਾਇੰਦਗੀ ਕਰਦੇ ਰਹੇ ਸਨ) ਤੋਂ ਬਾਅਦ ਰਾਹੁਲ ਗਾਂਧੀ ਹੁਣ ਰਾਏ ਬਰੇਲੀ ਚਲੇ ਗਏ ਹਨ। ਫਿਰੋਜ਼ ਗਾਂਧੀ ਨੇ 1952 ਵਿਚ ਪਹਿਲੀ ਚੋਣ ਰਾਏ ਬਰੇਲੀ ਤੋਂ ਲੜੀ ਸੀ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਇਹ ਇੰਦਰਾ ਗਾਂਧੀ ਅਤੇ ਫਿਰ ਸੋਨੀਆ ਗਾਂਧੀ ਦਾ ਹਲਕਾ ਬਣ ਗਿਆ। ਗਾਂਧੀ ਪਰਿਵਾਰ ਜਿਵੇਂ ਆਪਣੀ ਵਿਰਾਸਤ ਨਾਲ ਚਿੰਬੜਿਆ ਹੋਇਆ ਹੈ, ਉਸ ਤੋਂ ਵੰਸ਼ਵਾਦ ਵਿਰੋਧੀ ਆਧੁਨਿਕਤਾਵਾਦੀਆਂ ਜੋ ਕੋਈ ਹੈ ਤਾਂ, ਨੂੰ ਧਰਵਾਸ ਲੈਣ ਦੀ ਲੋੜ ਨਹੀਂ ਕਿਉਂਕਿ ਗਾਂਧੀਆਂ ਦੀ ਅਸਫਲਤਾ ਸਿਆਸੀ ਸੰਕਲਪ ਵਜੋਂ ਵੰਸ਼ਵਾਦ ਦੀ ਅਸਫਲਤਾ ਨਹੀਂ ਸਗੋਂ ਕਾਰਗਰ ਪ੍ਰਬੰਧਕਾਂ ਵਜੋਂ ਵੰਸ਼ਵਾਦੀਆਂ ਦੀ ਨਾਕਾਮੀ ਹੈ।

ਪ੍ਰੋ. ਲੈਂਡੇਸ ਦਾ ਕਹਿਣਾ ਹੈ ਕਿ ਵੰਸ਼ ਦੀ ਕਾਰਗੁਜ਼ਾਰੀ ਦੋ ਕਾਰਕਾਂ ਤੋਂ ਤੈਅ ਹੁੰਦੀ ਹੈ: ਕਾਰੋਬਾਰੀ ਸਰਗਰਮੀ ਦੀ ਕਿਸਮ ਅਤੇ ਸਮਾਜ ਇਸ ਨੂੰ ਕਿਵੇਂ ਦੇਖਦਾ ਹੈ। ਕਾਂਗਰਸ ਦੀ ਸਰਗਰਮੀ ਦਾ ਸੁਭਾਅ ਬਸਤੀਵਾਦ ਵਿਰੋਧੀ ਰਾਜਨੀਤੀ ਵਾਲਾ ਰਿਹਾ ਹੈ ਜਿਵੇਂ ਜਵਾਹਰਲਾਲ ਨਹਿਰੂ ਅਤੇ ਇੰਦਰਾ ਗਾਂਧੀ ਦੀਆਂ ਨੀਤੀਆਂ ਤੋਂ ਦੇਖਿਆ ਜਾ ਸਕਦਾ ਹੈ ਅਤੇ ਸਮਾਜ ਕਾਂਗਰਸ ਨੂੰ ਦੇਸ਼ਭਗਤੀ ਦੇ ਮੁੱਖ ਵਾਹਕ ਵਜੋਂ ਦੇਖਦਾ ਰਿਹਾ ਹੈ ਪਰ ਵੰਸ਼ਜ ਆਪਣੀ ਫਰਮ ਦੀ ਯੂਐੱਸਪੀ (ਵਿਲੱਖਣਤਾ) ਗੁਆ ਬੈਠੇ ਹਨ।

NOW HIRING
Painter, Construction Job
Position:
» 2-year term employment
» Wage: $28/hour
» Surrey, BC Job Locations
Job Responsibilities (But not limited to):
» Prep surfaces: clean, scrape, sand, and fill holes.
» Apply paint with brushes, rollers, or sprayers for a quality finish.
» Inspect work to meet quality standards.
Requirements:
» 1-year painting experience,
» No minimum education required
» Must speak English
» Apply Now! « Email Resume to setforfuture@gmail.com
Join Natt Star Homes Ltd.
9328 127 Street, Surrey, BC

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



FAST COMPUTER REPAIR
New Web Designing & Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਸਿੱਖ ਇਤਿਹਾਸ ਦਾ ਚਮਕਦਾ ਸਿਤਾਰਾ ਜੱਸਾ ਸਿੰਘ ਰਾਮਗੜ੍ਹੀਆ

5 ਮਈ 1723 ਨੂੰ ਗਿਆਨੀ ਭਗਵਾਨ ਸਿੰਘ ਦੇ ਘਰ ਪਿੰਡ ਸੁਰ ਸਿੰਘ ਜ਼ਿਲ੍ਹਾ ਲਾਹੌਰ ਵਿਚ ਜਿਸ ਬਾਲਕ ਨੇ ਜਨਮ ਲਿਆ, ਉਹੀ ਵੱਡਾ ਹੋ ਕੇ ਸ. ਜੱਸਾ ਸਿੰਘ ਰਾਮਗੜ੍ਹੀਆ ਬਣਿਆ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਦੇ ਬਾਬਾ ਜੀ ਸ. ਹਰਦਾਸ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਹੀ ਰਹਿੰਦੇ ਰਹੇ ਹਨ ਤੇ ਯੁੱਧ ਦੇ ਹਥਿਆਰ ਬੰਦੂਕਾਂ, ਤਲਵਾਰਾਂ, ਭਾਲੇ ਆਦਿ ਬਣਾਉਂਦੇ ਹੁੰਦੇ ਸਨ ਜਿਨ੍ਹਾਂ ਨੂੰ ਚਲਾਉਣ ਵਿਚ ਉਹ ਮਾਹਰ ਵੀ ਸਨ।

ਗੁਰੂ ਜੀ ਕੋਲ ਜੋ ਨਾਗਣੀ ਹੁੰਦੀ ਸੀ, ਉਹ ਸ. ਹਰਦਾਸ ਸਿੰਘ ਨੇ ਹੀ ਤਿਆਰ ਕੀਤੀ ਸੀ। ਉਨ੍ਹਾਂ ਨੂੰ ਗੁਰੂ ਜੀ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਸੰਨ 1710 ਵਿਚ ਉਹ ਦੋ ਹਜ਼ਾਰ ਸਿਪਾਹੀਆਂ ਨਾਲ ਬਜਵਾੜੇ ਵਿਚ ਦਲੇਰ ਖਾਂ ਨਾਲ ਲੜਦਿਆਂ ਸਖ਼ਤ ਜ਼ਖ਼ਮੀ ਹੋ ਗਏ ਅਤੇ ਬਾਅਦ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਨੇ ਹੀ ਅਪਣੇ ਪੁਤਰ ਸ. ਭਗਵਾਨ ਸਿੰਘ ਨੂੰ ਹਥਿਆਰ ਬਣਾਉਣ ਅਤੇ ਚਲਾਉਣ ਦੀ ਕਲਾ ਸਿਖਾਈ, ਜੋ ਅੱਗੇ ਗਿਆਨੀ ਭਗਵਾਨ ਸਿੰਘ ਨੇ ਅਪਣੇ ਪੁੱਤਰ ਜੱਸਾ ਸਿੰਘ ਨੂੰ ਸਿਖਾਈ।

ਸ. ਭਗਵਾਨ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਅਪਣੀ ਇਕ ਦੋ ਸੌ ਸਿੱਖਾਂ ਦੀ ਫ਼ੌਜੀ ਟੁਕੜੀ ਵੀ ਤਿਆਰ ਕਰ ਲਈ ਸੀ। ਉਹ 1738 ਵਿਚ ਵਜ਼ੀਰਾਬਾਦ ਵਾਲੀ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਕੇ ਬਾਅਦ ਵਿਚ ਸ਼ਹੀਦੀ ਪਾ ਗਏ। ਇਸ ਲੜਾਈ ਵਿਚ ਉਨ੍ਹਾਂ ਦਾ ਪੁੱਤਰ ਜੱਸਾ ਸਿੰਘ ਵੀ ਸ਼ਾਮਲ ਸੀ ਜਿਸ ਦੀ ਉਮਰ ਉਸ ਵੇਲੇ 15 ਸਾਲ ਦੀ ਹੀ ਸੀ। ਇੰਜ ਸ. ਜੱਸਾ ਸਿੰਘ ਨੂੰ ਬਚਪਨ ਵਿਚ ਹੀ ਪਿਉ ਦਾਦੇ ਤੋਂ ਹੀ ਹਥਿਆਰ ਬਣਾਉਣੇ ਤੇ ਚਲਾਉਣੇ ਗੁੜ੍ਹਤੀ ਵਿਚ ਮਿਲੇ ਸਨ।

ਸ. ਜੱਸਾ ਸਿੰਘ ਨੇ ਮੁਢਲੀ ਵਿਦਿਆ ਅਪਣੇ ਪਿਤਾ ਜੀ ਕੋਲੋਂ ਹੀ ਪ੍ਰਾਪਤ ਕੀਤੀ ਅਤੇ ਅਪਣੇ ਹੀ ਪਿੰਡ ਦੇ ਸ. ਗੁਰਦਿਆਲ ਸਿੰਘ ਕੋਲੋਂ ਅੰਮ੍ਰਿਤਪਾਨ ਕੀਤਾ। ਅਪਣੇ ਪਿਤਾ ਦੀ ਦੇਖ ਰੇਖ ਵਿਚ ਹੀ ਉਹ ਦਿਨਾਂ ਵਿਚ ਹੀ ਉੱਚੇ ਲੰਮੇ ਕੱਦ, ਚੌੜਾ ਮੱਥਾ, ਚੌੜੀ ਛਾਤੀ, ਖੁਲ੍ਹੀ ਦਾੜ੍ਹੀ ਤੇ ਰੋਹਬਦਾਰ ਚਿਹਰੇ ਵਾਲਾ ਗੱਭਰੂ ਨਿਕਲ ਆਇਆ।

ਇਹ ਉਹ ਦਿਨ ਸਨ ਜਦੋਂ ਪੰਜਾਬ ਵਿਚ ਕੋਈ ਪੱਕੀ ਮਜ਼ਬੂਤ ਸਰਕਾਰ ਨਹੀਂ ਸੀ। ਜਰਵਾਣੇ ਕਬਜ਼ੇ ਦੀ ਲਾਲਸਾ ਵਿਚ ਲਗਾਤਾਰ ਹਮਲੇ ਕਰਦੇ ਰਹਿੰਦੇ ਸਨ। ਨਾਦਰ ਸ਼ਾਹ ਨੇ ਤਾਂ ਅੱਤ ਹੀ ਮਚਾ ਰੱਖੀ ਸੀ। ਬਿਖਰੇ ਹੋਏ ਸਿੱਖ ਵੀ ਅਪਣੀ ਤਾਕਤ ਵਧਾਉਣ ਲਈ ਮਸ਼ਕਾਂ ਕਰਦੇ ਰਹਿੰਦੇ ਸਨ। ਜੰਗਲਾਂ ਵਿਚੋਂ ਨਿਕਲ ਇਕੱਤਰ ਹੋ ਕੇ ਮਤੇ ਵੀ ਪਾਸ ਕਰਦੇ ਰਹਿੰਦੇ ਸਨ। 1748 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਰਹਿਨੁਮਾਈ ਵਿਚ 'ਦਲ ਖ਼ਾਲਸਾ' ਦੀ ਸਥਾਪਤੀ ਹੋਈ। ਸਮੁੱਚਾ ਸਿੱਖ ਪੰਥ 11 ਮਿਸਲਾਂ ਵਿਚ ਵੰਡ ਦਿਤਾ ਗਿਆ। ਹਰ ਇਕ ਮਿਸਲ ਅਪਣੇ ਆਪ ਵਿਚ ਖ਼ੁਦ ਮੁਖਤਿਆਰ ਵੀ ਸੀ ਪਰ ਸਿੱਖ ਪੰਥ ਦੇ ਹਿੱਤ ਦੇ ਫ਼ੈਸਲੇ ਸਮੁੱਚੇ ਤੌਰ ਉਤੇ ਕੀਤੇ ਜਾਂਦੇ ਸਨ।

1747 ਵਿਚ ਵਿਸਾਖੀ ਦਾ ਮਤਾ ਪਾਸ ਕੀਤਾ ਗਿਆ ਜਿਸ ਅਨੁਸਾਰ ਦਰਬਾਰ ਸਾਹਿਬ ਦੀ ਹਿਫ਼ਾਜ਼ਤ ਲਈ ਇਕ ਕਿਲ੍ਹਾ ਉਸਾਰਨਾ ਸੀ। ਪੰਜ ਸੌ ਘੁੜ ਸਵਾਰਾਂ ਵਾਲਾ ਇਕ ਕਿਲ੍ਹਾ ਉਸਾਰਿਆ ਗਿਆ ਜਿਸ ਦਾ ਨਾਂ ਗੁਰੂ ਰਾਮ ਦਾਸ ਦੇ ਨਾਂ ਤੇ 'ਰਾਮ ਰੌਣੀ' ਰਖਿਆ ਗਿਆ। ਇਸ ਦੇ ਬਣਨ ਨਾਲ ਸਿੱਖਾਂ ਦੀ ਤਾਕਤ ਵਿਚ ਕਾਫ਼ੀ ਵਾਧਾ ਹੋਇਆ ਜਿਸ ਤੋਂ ਲਾਹੌਰ ਦਾ ਗਵਰਨਰ ਮੀਰ ਮੰਨੂ ਘਬਰਾ ਗਿਆ। ਉਸ ਦਾ ਮੰਨਣਾ ਸੀ ਕਿ ਸਿੱਖਾਂ ਦੇ ਖ਼ਾਤਮੇ ਤੋਂ ਬਿਨਾਂ ਮੁਗ਼ਲ ਰਾਜ ਸੰਭਵ ਨਹੀਂ। ਉਨ੍ਹਾਂ ਨੇ ਅਪਣੀ ਗ਼ਸ਼ਤੀ ਫ਼ੌਜ ਸਿੱਖਾਂ ਨੂੰ ਖ਼ਤਮ ਕਰਨ ਲਈ ਭੇਜ ਦਿਤੀ। ਸਿੱਖਾਂ ਨੇ ਪੈਂਤੜੇ ਦੇ ਤੌਰ ਤੇ ਪਹਿਲਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਜਾ ਡੇਰੇ ਲਗਾਏ। ਕੁੱਝ ਸਿੱਖ ਜਲੰਧਰ ਵਲ ਨੂੰ ਨਿਕਲ ਗਏ। ਉਥੋਂ ਦਾ ਫ਼ੌਜਦਾਰ ਅਦੀਨਾ ਬੇਗ ਸੀ।

ਉਸ ਨੂੰ ਵੀ ਗਵਰਨਰ ਵਲੋਂ ਸਿੱਖਾਂ ਨੂੰ ਮਾਰਨ ਦਾ ਹੁਕਮ ਮਿਲ ਚੁਕਿਆ ਸੀ। ਉਸ ਨੇ ਸੋਚਿਆ ਕਿ ਸਿੱਖਾਂ ਨੂੰ ਮਾਰ ਕੇ ਤਾਂ ਮੀਰ ਮੰਨੂ ਦੀ ਤਾਕਤ ਵਿਚ ਅਥਾਹ ਵਾਧਾ ਹੋ ਜਾਵੇਗਾ ਜਿਸ ਅੱਗੇ ਉਹ ਖ਼ੁਦ ਕਮਜ਼ੋਰ ਪੈ ਜਾਵੇਗਾ। ਇਹ ਸੋਚ ਕੇ ਉਸ ਨੇ ਸਿੱਖਾਂ ਨਾਲ ਮੇਲ ਮਿਲਾਪ ਕਰ ਲਿਆ ਅਤੇ ਕੁੱਝ ਨੂੰ ਅਪਣੀ ਫ਼ੌਜ ਵਿਚ ਭਰਤੀ ਵੀ ਕਰ ਲਿਆ। ਸ. ਜੱਸਾ ਸਿੰਘ ਦੀ ਤਾਕਤ ਨੂੰ ਉਹ ਪਛਾਣਦਾ ਸੀ। ਇਸ ਲਈ ਉਸ ਨੂੰ ਫ਼ੌਜ ਵਿਚ ਵੱਡੇ ਅਹੁਦੇ ਤੇ ਰੱਖ ਲਿਆ। ਸ. ਜੱਸਾ ਸਿੰਘ ਦਾ ਵੀ ਅਪਣਾ ਨਿਸ਼ਾਨਾ ਸੀ, ਉਹ ਮੁਗ਼ਲ ਫ਼ੌਜ ਵਿਚ ਰਹਿ ਕੇ ਸਿੱਖਾਂ ਦੇ ਭਲੇ ਲਈ ਕੁੱਝ ਕਰਨਾ ਚਾਹੁੰਦਾ ਸੀ ਅਤੇ ਨਾਲ ਹੀ ਰਾਜਨੀਤਕ ਭੇਦਾਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਇਹ ਉਨ੍ਹਾਂ ਦੀ ਦੂਰ ਅੰਦੇਸ਼ੀ ਹੀ ਸੀ। ਉਧਰ ਮੀਰ ਮੰਨੂ ਦਾ ਵਜ਼ੀਰ ਦੀਵਾਨ ਕੌੜਾ ਮੱਲ ਵੀ ਅੰਦਰੋਂ ਸਿੱਖਾਂ ਦਾ ਹਿਤੈਸ਼ੀ ਸੀ।

ਅਦੀਨਾ ਬੇਗ ਨੇ ਜੱਸਾ ਸਿੰਘ ਦਾ ਜੁੱਸਾ ਤੇ ਉਸ ਦੀ ਸਮਝ ਵੇਖ ਕੇ ਉਸ ਨੂੰ ਇਕ ਪਲਟਣ ਦਾ ਮੁਖੀ ਬਣਾ ਦਿਤਾ ਜਿਸ ਵਿਚ 100 ਸਿੱਖ ਤੇ 60 ਹਿੰਦੂ ਸਨ। ਮੀਰ ਮੰਨੂ ਨੇ ਸਿੱਖਾਂ ਦੇ ਕਿਲ੍ਹੇ 'ਰਾਮ ਰੌਣੀ' ਨੂੰ ਢਾਹੁਣ ਦੀ ਯੋਜਨਾ ਬਣਾ ਰੱਖੀ ਸੀ ਜਿਸ ਦੀ ਪੂਰਤੀ ਲਈ ਉਹ ਅੰਮ੍ਰਿਤਸਰ ਲਈ ਰਵਾਨਾਂ ਹੋ ਚੁੱਕਾ ਸੀ। ਉਧਰ ਅਦੀਨਾ ਬੇਗ ਨੇ ਵੀ ਉਸ ਦੀ ਮਦਦ ਲਈ ਸ. ਜੱਸਾ ਸਿੰਘ ਨੂੰ ਫ਼ੌਜ ਦੀ ਇਕ ਟੁਕੜੀ ਦੇ ਕੇ ਅੰਮ੍ਰਿਤਸਰ ਭੇਜ ਦਿਤਾ। 'ਰਾਮ ਰੌਣੀ' ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਗਿਆ। ਕੁੱਝ ਦਿਨਾਂ ਬਾਅਦ ਘੇਰੇ ਕਾਰਨ ਕਿਲ੍ਹੇ ਅੰਦਰ ਰਸਦ ਪਾਣੀ ਦੀ ਥੁੜ ਹੋ ਗਈ। ਭੁੱਖ ਨਾਲ ਸਿੱਖ ਖ਼ਤਮ ਹੋਣੇ ਸ਼ੁਰੂ ਹੋ ਗਏ। ਇਹ ਵੇਖ ਜੱਸਾ ਸਿੰਘ ਤੋਂ ਰਿਹਾ ਨਾ ਗਿਆ। ਉਹ ਬਾਗ਼ੀ ਹੋ ਗਿਆ ਅਤੇ ਅਪਣੀ ਫ਼ੌਜੀ ਟੁਕੜੀ ਸਮੇਤ ਕਿਲ੍ਹੇ ਦੇ ਸਿੱਖਾਂ ਨਾਲ ਜਾ ਸੁਲਾਹ ਕੀਤੀ।

ਸਿੱਖਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਮੀਰ ਮੰਨੂ ਘਬਰਾ ਗਿਆ। ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨੂੰ ਵੀ ਸੁਨੇਹਾ ਭੇਜ ਦਿਤਾ ਕਿ ਉਹ




ਸਿੱਖਾਂ ਦੀ ਮਦਦ ਕਰੇ ਤੇ ਮੀਰ ਮੰਨੂ ਨੂੰ ਘੇਰਾ ਖ਼ਤਮ ਕਰਨ ਲਈ ਮਨਾਵੇ। ਕੌੜਾ ਮੱਲ ਨੇ ਮੀਰ ਮੰਨੂ ਨੂੰ ਸਲਾਹ ਦਿਤੀ ਕਿ ਹੁਣ ਸਿੱਖਾਂ ਨਾਲ ਸੁਲਾਹ ਕਰਨ ਵਿਚ ਹੀ ਭਲਾ ਹੈ ਕਿਉਂਕਿ ਦੂਜੇ ਪਾਸਿਉਂ ਅਹਿਮਦ ਸ਼ਾਹ ਅਬਦਾਲੀ ਦੂਜੀ ਵਾਰ ਹਮਲਾ ਕਰਨ ਲਈ ਚੜ੍ਹਿਆ ਆ ਰਿਹਾ ਹੈ। ਮੀਰ ਮੰਨੂ ਹਾਲਾਤ ਭਾਂਪਦਿਆਂ ਮੰਨ ਗਿਆ ਅਤੇ ਘੇਰਾਬੰਦੀ ਚੁੱਕ ਲਈ। ਜੱਸਾ ਸਿੰਘ ਦੀ ਜਿੱਤ ਹੋ ਗਈ ਤੇ ਉਸ ਨੂੰ ਕਿਲ੍ਹੇ ਦਾ ਮੁਖੀ ਥਾਪ ਦਿਤਾ। ਕਿਲ੍ਹੇ ਦਾ ਨਾਂ ਵੀ ਬਦਲ ਕੇ 'ਰਾਮਗੜ੍ਹ' ਰੱਖ ਦਿਤਾ। ਜੱਸਾ ਸਿੰਘ ਹੁਣ ਸ. ਜੱਸਾ ਸਿੰਘ 'ਰਾਮਗੜ੍ਹੀਆ' ਬਣ ਗਿਆ। ਇਹ ਖ਼ਿਤਾਬ ਉਨ੍ਹਾਂ ਨੂੰ ਬਹਾਦੁਰੀ, ਮਿਹਨਤ ਤੇ ਦੂਰ ਅੰਦੇਸ਼ੀ ਸੋਚ ਕਾਰਨ ਦਿਤਾ ਗਿਆ, ਜੋ ਬੜੇ ਫ਼ਖ਼ਰ ਵਾਲੀ ਗੱਲ ਸੀ। ਅੱਜ ਵੀ ਸਾਰੇ ਲੁਹਾਰੇ ਤਰਖਾਣੇ ਦਾ ਕੰਮ ਕਰਨ ਵਾਲੇ ਕਿਰਤੀ ਅਪਣੇ ਆਪ ਨੂੰ 'ਰਾਮਗੜ੍ਹੀਆ' ਅਖਵਾ ਕੇ ਬੜਾ ਮਾਣ ਮਹਿਸੂਸ ਕਰਦੇ ਹਨ।

ਸ. ਜੱਸਾ ਸਿੰਘ ਰਾਮਗੜ੍ਹੀਆ ਹੁਣ ਹੋਰ ਵੀ ਵੱਡੇ ਕਾਰਨਾਮੇ ਕਰਨ ਲਈ ਤਿਆਰ ਬਰ ਤਿਆਰ ਹੋ ਗਿਆ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਵੱਡੀ ਲੜਾਈ ਲੜੀ। ਇਸ ਵਿਚ ਹਿੰਦੂ ਰਾਜੇ ਜਸਪਤ ਰਾਏ ਦਾ ਭਰਾ ਲਖਪਤ ਰਾਏ ਵੀ ਅਬਦਾਲੀ ਨਾਲ ਰਲ ਗਿਆ ਸੀ। ਇਸ ਯੁੱਧ ਵਿਚ ਜਾਨੀ ਤੇ ਮਾਲੀ ਬਹੁਤ ਨੁਕਸਾਨ ਹੋਇਆ। ਲਗਭਗ 30 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਕੁੱਝ ਜੰਗਲਾਂ ਨੂੰ ਚਲੇ ਗਏ। ਲਖਪਤ ਰਾਏ ਦਾ ਕਹਿਣਾ ਸੀ ਕਿ ਇਕ ਖਤਰੀ ਨੇ ਸਿੱਖਾਂ ਨੂੰ ਸਾਜਿਆ ਸੀ ਤੇ ਹੁਣ ਇਕ ਖਤਰੀ (ਖ਼ੁਦ) ਹੀ ਇਨ੍ਹਾਂ ਨੂੰ ਖ਼ਤਮ ਕਰੇਗਾ। ਉਸ ਨੇ ਜੰਗਲਾਂ ਨੂੰ ਅੱਗ ਲੁਆ ਦਿਤੀ ਜਿਸ ਨਾਲ ਕਿੰਨੇ ਹੀ ਸਿੱਖ ਨੌਜੁਆਨ, ਬਜ਼ੁਰਗ, ਔਰਤਾਂ ਤੇ ਬੱਚੇ ਸੜ ਗਏ। ਇਸ ਨੂੰ ਇਤਿਹਾਸ ਵਿਚ ਵੱਡੇ ਘਲੂਘਾਰੇ ਦਾ ਨਾਂ ਦਿਤਾ ਜਾਂਦਾ ਹੈ। ਇਸ ਵਿਚ ਹਰ ਸਿੱਖ ਸਰਦਾਰ ਜ਼ਖ਼ਮੀ ਹੋਇਆ ਸੀ। ਜੱਸਾ ਸਿੰਘ ਰਾਮਗੜ੍ਹੀਆ ਨੂੰ 14, ਜੱਸਾ ਸਿੰਘ ਅਹਲੂਵਾਲੀਆ ਨੂੰ 22, ਚੜ੍ਹਤ ਸਿੰਘ ਸ਼ੁਕਰਚੱਕੀਆ ਨੂੰ 16 ਜ਼ਖ਼ਮਾਂ ਦੇ ਨਿਸ਼ਾਨ ਸਨ।

1759 ਵਿਚ ਅਬਦਾਲੀ ਨੇ ਪਾਣੀਪੱਤ ਵਿਚ ਮਰਾਠਿਆਂ ਨੂੰ ਹਰਾ ਕੇ ਦਿੱਲੀ ਵਿਚ ਬਹੁਤ ਬੁਰੀ ਤਰ੍ਹਾਂ ਲੁੱਟ ਮਚਾਈ। ਲੁੱਟ ਦੇ ਮਾਲ ਨਾਲ ਉਹ ਦੋ ਹਜ਼ਾਰ ਹਿੰਦੂ ਲੜਕੀਆਂ ਵੀ ਨਾਲ ਲੈ ਕੇ ਕਾਬਲ ਵਲ ਚੱਲ ਪਿਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਜਾ ਘੇਰਿਆ। ਉਸ ਨੇ ਲੁੱਟ ਦਾ ਮਾਲ ਖੋਹ ਲਿਆ ਅਤੇ ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਦੇ ਘਰੋਂ ਘਰੀਂ ਪਹੁੰਚਾਇਆ। ਇਸੇ ਤਰ੍ਹਾਂ 1761 ਵਿਚ ਕਸੂਰ ਦੇ ਐਸ਼ਪ੍ਰਸਤ ਜਮਾਲ ਖਾਂ ਤੇ ਹੁਸੈਨ ਖਾਂ ਨਵਾਬਾਂ ਨੇ ਜਦੋਂ ਬ੍ਰਾਹਮਣਾਂ ਤੇ ਖਤਰੀਆਂ ਦੀਆਂ ਲੜਕੀਆਂ ਨੂੰ ਉਧਾਲ ਕੇ ਮਹਿਲਾਂ ਵਿਚ ਲੈ ਗਏ ਤਾਂ ਉਨ੍ਹਾਂ ਦੇ ਦੁਖੀ ਮਾਪਿਆਂ ਨੇ ਅਕਾਲ ਤਖ਼ਤ ਤੇ ਚੱਲ ਰਹੇ ਦੀਵਾਨ ਵਿਚ ਜਾ ਫ਼ਰਿਆਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਸੁਣ ਕੇ ਜਾਹੋ-ਜਲਾਲ ਵਿਚ ਆ ਗਏ ਅਤੇ ਉਨ੍ਹਾਂ ਤੁਰਤ ਕਸੂਰ ਨੂੰ ਜਾ ਘੇਰਿਆ। ਲੜਕੀਆਂ ਨੂੰ ਛੁਡਵਾ ਕੇ ਘਰੋ ਘਰੀ ਪਹੁੰਚਾਇਆ ਤੇ ਕਸੂਰ ਉਤੇ ਕਬਜ਼ਾ ਕਰ ਲਿਆ ਜੋ ਪਠਾਣਾਂ ਦਾ ਸੱਭ ਤੋਂ ਵੱਡਾ ਥੰਮ੍ਹ ਸੀ।

1762 ਵਿਚ ਮੁਗ਼ਲ ਫ਼ੌਜਾਂ ਨੇ ਦਰਬਾਰ ਸਾਹਿਬ ਉਤੇ ਹਮਲਾ ਕਰ ਕੇ ਉਸ ਨੂੰ ਬਾਰੂਦ ਨਾਲ ਉਡਾ ਦਿਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ। ਇਹ ਸਿੱਖਾਂ ਨੂੰ ਸਿੱਧੀ ਵੰਗਾਰ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਬਦਲਾ ਲੈਣ ਲਈ 60 ਹਜ਼ਾਰ ਸਿੱਖ ਇਕੱਤਰ ਕਰ ਲਏ ਤਾਂ ਅਬਦਾਲੀ ਨੂੰ ਇਸ ਦਾ ਪਤਾ ਚੱਲ ਗਿਆ। ਉਸ ਨੇ ਤੁਰਤ ਹਮਲਾ ਕਰ ਦਿਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਦੀ ਤਾਕਤ ਅੱਗੇ ਉਸ ਨੂੰ ਮੂੰਹ ਦੀ ਖਾਣੀ ਪਈ। ਅਬਦਾਲੀ ਲਾਹੌਰ ਛੱਡ ਕੇ ਕਾਬਲ ਚਲਾ ਗਿਆ। ਸਿੱਖਾਂ ਨੇ ਪਿੱਛੋਂ ਮਾਲਵੇ ਤੇ ਦੁਆਬੇ ਸਮੇਤ ਸਰਹੰਦ ਤੇ ਵੀ ਕਬਜ਼ਾ ਕਰ ਲਿਆ। ਅਬਦਾਲੀ ਨੇ ਫਿਰ ਗੁੱਸਾ ਖਾ ਕੇ 1764 ਵਿਚ ਸਿੱਖਾਂ ਨੂੰ ਖ਼ਤਮ ਕਰਨ ਲਈ ਹਮਲਾ ਕਰ ਦਿਤਾ। ਸਿੱਖ ਅਪਣੇ ਪੈਂਤੜੇ ਅਨੁਸਾਰ ਜੰਗਲਾਂ ਵਿਚ ਜਾ ਛਿਪੇ ਤੇ ਗੁਰੀਲਾ ਯੁੱਧ ਕਰਦੇ ਰਹੇ। ਅਬਦਾਲੀ ਦੇ ਵਾਪਸ ਮੁੜ ਜਾਣ ਤੇ ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਹੁਣ ਸਤਲੁਜ ਤੋਂ ਅਟਕ ਤਕ ਸਿੱਖਾਂ ਦਾ ਕਬਜ਼ਾ ਹੋ ਗਿਆ।

ਅਬਦਾਲੀ ਨੂੰ ਇਸ ਦੀ ਖ਼ਬਰ ਲੱਗੀ ਤਾਂ ਉਸ ਨੇ 1767 ਵਿਚ ਫਿਰ ਪੰਜਾਬ ਤੇ ਹਮਲਾ ਬੋਲ ਦਿਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਪਾਰ ਕਰਦਿਆਂ ਹੀ ਉਸ ਨੂੰ ਘੇਰ ਲਿਆ ਅਤੇ ਅਬਦਾਲੀ ਫਿਰ ਭੱਜ ਗਿਆ। ਇਸ ਜੰਗ ਵਿਚ ਜੱਸਾ ਸਿੰਘ ਆਹਲੂਵਾਲੀਆ ਸਖ਼ਤ ਜ਼ਖ਼ਮੀ ਹੋ ਗਏ ਸਨ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਸੰਘਰਸ਼ ਦੀ ਪੂਰੀ ਤਰ੍ਹਾਂ ਕਮਾਨ ਸੰਭਾਲ ਲਈ ਸੀ। ਉਸ ਦੀ ਚੜ੍ਹਤ ਵੇਖ ਕੇ ਗੁਆਂਢੀ ਰਾਜੇ ਤੇ ਕੁੱਝ ਮਿਸਲਾਂ ਦੇ ਸਰਦਾਰ ਅੰਦਰੋਂ ਅੰਦਰੀ ਈਰਖਾ ਖਾਣ ਲੱਗ ਪਏ ਸਨ ਪਰ ਜੱਸਾ ਸਿੰਘ ਕਾਮਯਾਬੀ ਦੀਆਂ ਪੌੜੀਆਂ ਲਗਾਤਾਰ ਚੜ੍ਹਦਾ ਜਾ ਰਿਹਾ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ 11 ਮਾਰਚ 1783 ਨੂੰ ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਸਮੇਤ ਦਿੱਲੀ ਤੇ ਧਾਵਾ ਬੋਲ ਦਿਤਾ ਅਤੇ ਲਾਲ ਕਿਲ੍ਹੇ ਤੇ ਖ਼ਾਲਸਾਈ ਝੰਡਾ ਝੁਲਾ ਦਿਤਾ। ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ ਤੇ ਬਿਠਾਇਆ ਗਿਆ ਤਾਂ ਇਸ ਨਾਲ ਸਿੱਖਾਂ ਵਿਚ ਰੋਸ ਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੋਈ ਮਨੁੱਖੀ ਸ੍ਰੀਰ ਤਖ਼ਤ ਕਿਵੇਂ ਬੈਠ ਗਿਆ?

ਇਸ ਵੇਲੇ ਜੱਸਾ ਸਿੰਘ ਰਾਮਗੜ੍ਹੀਆ ਕੋਲ 15 ਹਜ਼ਾਰ ਅਪਣੀ ਫ਼ੌਜ ਹੋ ਗਈ ਸੀ। ਬਘੇਲ ਸਿੰਘ ਨੇ ਕਿਸੇ ਵੇਲੇ ਮੇਰਠ ਦੀ ਸਮਰੂ ਬੇਗ਼ਮ ਨੂੰ ਬਚਾਇਆ ਸੀ ਜਿਸ ਕਰ ਕੇ ਉਸ ਨਾਲ ਗੂੜ੍ਹੇ ਆਪਸੀ ਸਬੰਧ ਸਨ। ਸਮਰੂ ਬੇਗ਼ਮ ਦੇ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ (ਦੂਜੇ) ਨਾਲ ਵੀ ਚੰਗੇ ਸਬੰਧ ਸਨ। ਇਸ ਲਈ ਉਸ ਨੇ ਇਸ ਭਾਵਨਾ ਨਾਲ ਕਿ ਕਿਸੇ ਦਾ ਨੁਕਸਾਨ ਨਾ ਹੋਵੇ ਦਿੱਲੀ ਆ ਕੇ ਤਿੰਨਾਂ ਹੀ ਸਰਦਾਰਾਂ ਦੀ ਬਾਦਸ਼ਾਹ ਨਾਲ ਸੰਧੀ ਕਰਵਾ ਦਿਤੀ। ਸੰਧੀ ਮੁਤਾਬਕ ਬਘੇਲ ਸਿੰਘ ਨੇ ਦਿੱਲੀ ਦੀ ਅਮਨ ਕਾਨੂੰਨ ਦੀ ਜ਼ਿੰਮੇਵਾਰੀ ਸੰਭਾਲੀ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਦਿੱਲੀ ਵਿਚ 7 ਗੁਰਦਵਾਰਿਆਂ ਦੀ ਉਸਾਰੀ ਕਰਵਾਈ ਜਿਨ੍ਹਾਂ ਵਿਚ ਸੀਸ ਗੰਜ, ਰਕਾਬ ਗੰਜ ਤੇ ਬੰਗਲਾ ਸਾਹਿਬ ਦੇ ਗੁਰਦਵਾਰੇ ਸ਼ਾਮਲ ਸਨ। ਜੱਸਾ ਸਿੰਘ ਰਾਮਗੜ੍ਹੀਆ ਅੱਠ ਮਹੀਨੇ ਦਿੱਲੀ ਰਹੇ। ਫਿਰ ਪਤਾ ਚਲਿਆ ਕਿ ਜੱਸਾ ਸਿੰਘ ਆਹਲੂਵਾਲੀਆ ਦੀ ਤਬੀਅਤ ਖ਼ਰਾਬ ਹੈ ਤਾਂ ਉਹ ਵਾਪਸ ਪਰਤ ਗਏ। ਹਾਲੇ ਪਟਿਆਲੇ ਹੀ ਪਹੁੰਚੇ ਸਨ ਕਿ ਪਤਾ ਚਲਿਆ ਕਿ ਉਹ ਚੱਲ ਵਸੇ ਹਨ।

ਇਸ ਦਾ ਉਨ੍ਹਾਂ ਨੂੰ ਡੂੰਘਾ ਸਦਮਾ ਪੁੱਜਾ। ਦਿੱਲੀ ਤੋਂ ਵਾਪਸ ਆਉਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਔਰੰਗਜ਼ੇਬ ਦੇ ਤਖ਼ਤ ਨੂੰ ਪੁੱਟ ਕੇ ਹਾਥੀ ਤੇ ਲੱਦ ਕੇ ਅੰਮ੍ਰਿਤਸਰ ਲੈ ਆਂਦਾ ਸੀ। ਉਸ ਨੂੰ ਹੁਣ ਰਾਮਗੜ੍ਹੀਆ ਬੁੰਗੇ ਦੇ ਤੌਰ ਉਤੇ ਜਾਣਿਆ ਜਾਂਦਾ ਹੈ। ਪਟਿਆਲੇ ਦੇ ਰਾਜਾ ਅਮਰ ਸਿੰਘ ਉਤੇ ਪਟੌਦੀ ਦੇ ਨਵਾਬ ਨੇ ਹਮਲਾ ਬੋਲਿਆ ਤਾਂ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜਾ ਅਮਰ ਸਿੰਘ ਦੀ ਮਦਦ ਕਰ ਕੇ ਪਟੌਦੀ ਨੂੰ ਹਰਾਇਆ। ਅਮਰ ਸਿੰਘ ਨੇ ਕਿਸੇ ਵੇਲੇ ਜੱਸਾ ਸਿੰਘ ਰਾਮਗੜ੍ਹੀਏ ਦੀ ਮਦਦ ਵੀ ਕੀਤੀ ਸੀ ਅਤੇ ਉਸ ਨੂੰ ਨਜ਼ਰਾਨੇ ਦੇ ਤੌਰ ਉਤੇ ਹਾਂਸੀ ਤੇ ਹਿਸਾਰ ਦੇ ਇਲਾਕੇ ਵੀ ਦੇ ਦਿਤੇ ਸਨ। ਜੱਸਾ ਸਿੰਘ ਦਾ ਇਕੋ ਹੀ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਸੀ, ਜੋ ਇਸ ਵੇਲੇ ਜਵਾਨ ਹੋ ਚੁੱਕਾ ਸੀ ਅਤੇ ਰਾਜਸੀ ਗਤੀਵਿਧੀਆਂ ਵਿਚ ਵੀ ਹਿੱਸਾ ਲੈਂਦਾ ਸੀ।

ਜੱਸਾ ਸਿੰਘ ਨੇ ਇਹ ਇਲਾਕੇ ਅਪਣੇ ਪੁੱਤਰ ਨੂੰ ਸੌਂਪ ਦਿਤੇ ਜਿਨ੍ਹਾਂ ਦਾ ਰਾਜ ਪ੍ਰਬੰਧ ਉਹ ਵਧੀਆ ਢੰਗ ਨਾਲ ਚਲਾਉਂਦਾ ਰਿਹਾ ਅਤੇ ਬਾਅਦ ਵਿਚ ਉਹ ਇਲਾਕੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੌਂਪ ਦਿਤੇ ਸਨ। ਜੱਸਾ ਸਿੰਘ ਇਕ ਬਹਾਦਰ ਤੇ ਨਿਡਰ ਯੋਧੇ ਦੇ ਨਾਲ ਨਾਲ ਇਕ ਨਰਮ ਦਿਲ ਇਨਸਾਨ ਵੀ ਸੀ ਜੋ ਲੋੜਵੰਦਾਂ ਦੀ ਮਦਦ ਕਰ ਕੇ ਖ਼ੁਸ਼ ਹੁੰਦਾ ਸੀ। ਇਕ ਸਮੇਂ ਹਿਸਾਰ ਦੇ ਹਾਕਮ ਨੇ ਇਕ ਗ਼ਰੀਬ ਬ੍ਰਾਹਮਣ ਦੀ ਲੜਕੀ ਉਧਾਲ ਲਈ। ਲੜਕੀ ਦਾ ਬਾਪ ਰੋਂਦਾ ਹੋਇਆ, ਜੱਸਾ ਸਿੰਘ ਕੋਲ ਫ਼ਰਿਆਦ ਲੈ ਕੇ ਆਇਆ ਤਾਂ ਉਸ ਕੋਲੋਂ ਪਿਉ ਦਾ ਦੁਖ ਸਹਿਨ ਨਾ ਹੋਇਆ। ਉਹ ਤੁਰਤ ਉਠਿਆ ਤੇ ਲੜਕੀ ਨੂੰ ਆਜ਼ਾਦ ਕਰਵਾ ਲਿਆਇਆ ਤੇ 5 ਹਜ਼ਾਰ ਰੁਪਏ ਸ਼ਗਨ ਦੇ ਕੇ ਉਸ ਦੇ ਘਰ ਤੋਰਿਆ। ਆਖਣ ਲੱਗੇ ਕਿ ਧੀਆਂ ਨੂੰ ਖ਼ਾਲੀ ਹੱਥ ਨਹੀਂ ਤੋਰੀਦਾ।

ਸ. ਜੱਸਾ ਸਿੰਘ ਰਾਮਗੜ੍ਹੀਆ ਦੀ 1776 ਤਕ ਪੂਰੀ ਚੜ੍ਹਤ ਹੋ ਗਈ ਸੀ ਤੇ ਉਨ੍ਹਾਂ ਦਾ ਇਕਬਾਲ ਸਿਖ਼ਰਾਂ ਤੇ ਸੀ। ਉਨ੍ਹਾਂ ਨੇ ਅਪਣੇ ਰਾਜ ਦੀਆਂ ਸਰਹੱਦਾਂ ਦੂਰ ਤਕ ਵਧਾ ਲਈਆਂ ਸਨ। ਕਨ੍ਹਈਆ ਸਰਦਾਰਾਂ ਨੂੰ ਜਿੱਤ ਕੇ ਉਨ੍ਹਾਂ ਨੇ ਬਟਾਲਾ, ਹਰਗੋਬਿੰਦਪੁਰ, ਕਲਾਨੌਰ, ਮੱਤੇਵਾਲ ਤੇ ਦਾਦੂਵਾਲ ਉਤੇ ਕਬਜ਼ਾ ਕਰ ਲਿਆ ਸੀ। ਹਰਗੋਬਿੰਦਪੁਰ ਨੂੰ ਅਪਣੀ ਰਾਜਧਾਨੀ ਬਣਾ ਕੇ ਦੂਜੇ ਪਾਸੇ ਨਿਕਲ ਗਏ ਤੇ ਅੰਮ੍ਰਿਤਸਰ, ਗੁਰਦਾਸਪੁਰ, ਮਹਿਤਾ, ਵੇਰਕਾ, ਦੀਨਾਨਗਰ, ਘੁਮਾਣ, ਸ਼ਾਹਪੁਰ ਕੰਢੀ, ਕਾਦੀਆਂ, ਟਾਂਡਾ ਉੜਮੁੜ, ਮਿਆਣੀ, ਸਰੀਂਹ, ਰਾੜ੍ਹਦੀਵਾਲਾ, ਜ਼ਹੂਰਾ, ਕਾਂਗੜਾ, ਹੁਸ਼ਿਆਰਪੁਰ, ਨੂਰਪੁਰ ਤੇ ਚੰਗਾ ਨੂੰ ਨਾਲ ਮਿਲਾ ਲਿਆ। ਫਿਰ ਮੇਰਠ, ਹਿਸਾਰ, ਮੁਜ਼ੱਫ਼ਰਗੜ੍ਹ, ਦਿੱਲੀ ਅਤੇ ਯਮੁਨਾ ਤਕ ਦਾ ਇਲਾਕਾ ਨਾਲ ਮਿਲਾ ਕੇ ਵਿਸ਼ਾਲ ਰਾਜ ਦਾ ਮਹਾਰਾਜਾ ਅਖਵਾਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹੀ ਸੀ। ਉਹ ਗ਼ਰੀਬਾਂ ਦਾ ਮਸੀਹਾ ਵੀ ਬਣਿਆ ਤੇ ਸਿੱਖਾਂ ਦਾ ਸੱਚਾ ਪੈਰੋਕਾਰ ਬਣ ਕੇ ਉਸ ਦੀ ਰਖਿਆ ਵੀ ਕੀਤੀ। ਕਿੰਨੇ ਹੀ ਗੁਰਦਵਾਰੇ ਅਤੇ ਕਿਲ੍ਹੇ ਉਸਾਰੇ। ਉਸ ਨੇ ਜੋ ਰਾਮਗੜ੍ਹੀਆ ਬੁੰਗਾ ਬਣਵਾਇਆ, ਉਹ ਤਖ਼ਤ ਸ੍ਰੀ ਗੁਰੂ ਰਾਮਦਾਸ ਤੋਂ 14 ਫ਼ੁਟ ਹੇਠ ਬਣਵਾਇਆ ਸੀ। ਇਹ ਉਨ੍ਹਾਂ ਦੀ ਸਿੱਖੀ ਪ੍ਰਤੀ ਸ਼ਰਧਾ ਤੇ ਨਿਮਰਤਾ ਦੀ ਲਖਾਇਕ ਹੈ। ਸਿੱਖੀ ਕਾਰਜ ਲਈ ਉਹ ਉਮਰ ਭਰ ਇਕ ਦਿਨ ਵੀ ਚੈਨ ਨਾਲ ਨਹੀਂ ਬੈਠੇ ਅਤੇ ਇੰਜ ਦਿਨ ਰਾਤ ਸੰਘਰਸ਼ ਵਿਚ ਰਹਿੰਦਿਆਂ ਉਹ 80 ਸਾਲ ਦੀ ਉਮਰ ਵਿਚ 1803 ਵਿਚ ਚੱਲ ਵਸੇ।

ਸੰਪਰਕ : 98726-70278




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਿਸ਼ਤ - 41

## ਲੜਾਈ ਵਿਚ ਸ਼ਾਹ ਨਿਵਾਜ਼ ਕਤਲ

ਮੁਲਤਾਨ ਤੋਂ ਤਿੰਨ ਕੋਹ ਬਾਹਰ ਲੜਾਈ ਹੋਈ। ਸ਼ਾਹ ਨਿਵਾਜ਼ ਕੌੜਾ ਮੱਲ ਦੀਆਂ ਫ਼ੌਜਾਂ ਨੂੰ ਦਬਾਈ ਆ ਰਿਹਾ ਸੀ। ਕੌੜਾ ਮੱਲ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ, 'ਪੰਥ ਦੇ ਹੁੰਦਿਆਂ ਵੀ ਮੇਰੀ ਹਾਰ ਹੋ ਜਾਏ, ਤਾਂ ਮੈਂ ਹੋਰ ਕੀਹਦਾ ਆਸਰਾ ਲਵਾਂ?' ਇਹ ਸੁਣ ਕੇ ਸਿੰਘਾਂ ਨੂੰ ਜੋਸ਼ ਆ ਗਿਆ। ਸ: ਜੱਸਾ ਸਿੰਘ ਤੇ ਸੁੱਖਾ ਸਿੰਘ ਨੇ 'ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਕੇ ਸ਼ਾਹ ਨਿਵਾਜ਼ 'ਤੇ ਹੱਲਾ ਬੋਲ ਦਿੱਤਾ। ਸ: ਜੱਸਾ ਸਿੰਘ, ਜੱਸਾ ਸਿੰਘ ਦੋ ਸਰਦਾਰ ਸਨ, ਇਕ ਪਿੰਡ ਆਹਲੂ ਦਾ ਕਲਾਲ ਤੇ ਦੂਜਾ ਪਿੰਡ ਈਚੋਗਿਲ ਦਾ ਤਖਾਣ। ਦੋਹਾਂ ਨੂੰ ਵੱਖੋ-ਵੱਖ ਬੁਲਾਉਣ ਬਦਲੇ ਪਹਿਲੇ ਨੂੰ ਆਹਲੂਵਾਲੀਆ ਕਹਿਣ ਲੱਗ ਪਏ ਤੇ ਮਗਰਲੇ ਨੂੰ ਰਾਮਗੜੀਆ। ਉਹਨਾਂ ਸਰਦਾਰਾਂ ਦੇ ਨਾਮ ਉੱਤੇ ਹੀ ਹੁਣ ਸਾਰੇ ਕਲਾਲ ਆਹਲੂਵਾਲੀਏ ਤੇ ਸਾਰੇ ਤਖਾਣ ਰਾਮਗੜੀਏ ਅਖਵਾਉਂਦੇ ਹਨ।

ਦੀ ਗੋਲੀ ਨਾਲ ਸ਼ਾਹ ਨਿਵਾਜ਼ ਥੱਲੇ ਆ ਪਿਆ ਤੇ ਭੀਮ ਸਿੰਘ ਨੇ ਭੱਜਕੇ ਉਸਦਾ ਸਿਰ ਲਾਹ ਲਿਆ'। ਹਾਕਮ ਮਾਰਿਆ ਗਿਆ, ਤਾਂ ਨਖਸਮੀਆਂ ਫ਼ੌਜਾਂ ਨੇ ਕਦ ਖਲੋਣਾ ਸੀ ? ਸ਼ਾਹ ਨਿਵਾਜ਼ ਦੀਆਂ ਫ਼ੌਜਾਂ ਨੱਸ ਉਠੀਆਂ। ਲੁੱਟ ਮਾਰ ਕਰਨ ਵਿਚ ਸਿੰਘ ਸਾਰਿਆਂ ਨਾਲੋਂ ਤਕੜੇ ਸਨ। ਸੋ ਹੱਲਾ ਕਰ ਕੇ ਉਹਨਾਂ ਸ਼ਾਹ ਨਿਵਾਜ਼ ਦਾ ਡੇਰਾ ਤੇ ਸ਼ਹਿਰ ਮੁਲਤਾਨ ਲੁੱਟ ਲਿਆ। ਇਹ ਘਟਨਾ ਸਤੰਬਰ ਜਾਂ ਅਕਤੂਬਰ, 1749 ਈ। ਦੀ ਹੈ।

ਕੌੜਾ ਮੱਲ ਨੇ ਭੀਮ ਸਿੰਘ ਨੂੰ ਸੁਨਹਿਰੀ ਕੜਿਆਂ ਦੀ ਜੋੜੀ; ਫ਼ੌਲਾਦੀ ਸੰਜੋਅ, ਬਸਤਰ ਤੇ ਘੋੜਾ ਇਨਾਮ ਦਿੱਤਾ।

## ਕੌੜਾ ਮੱਲ ਮੁਲਤਾਨ ਦਾ ਸੂਬੇਦਾਰ ਬਣਿਆ

ਸ਼ਾਹ ਨਿਵਾਜ਼ ਦਾ ਸਿਰ ਮੀਰ ਮੰਨੂੰ ਕੋਲ ਲਾਹੌਰ ਭੇਜ ਦਿੱਤਾ ਤੇ ਧੜ ਸ਼ਮਸ ਤਬਰੇਜ਼ ਦੇ ਮਕਬਰੇ ਦੇ ਅਹਾਤੇ ਵਿਚ ਦਫ਼ਨਾ ਦਿੱਤਾ। ਸਾਰੇ ਮੁਲਤਾਨ ਉਤੇ ਕੌੜਾ ਮੱਲ ਨੇ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰਫ ਦਾ ਖ਼ਿਤਾਬ ਦੇ ਕੇ ਮੁਲਤਾਨ ਦਾ ਸੂਬੇਦਾਰ ਥਾਪ ਦਿੱਤਾ।

## ਕੌੜਾ ਮੱਲ ਨੇ ਗੁਰਦਵਾਰਾ ਬਾਲ ਲੀਲਾ ਬਣਵਾਇਆ

ਕੌੜਾ ਮੱਲ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਏਸ ਜਿੱਤ ਦੀ ਖ਼ੁਸ਼ੀ ਵਿਚ ਉਹਨੇ ਯਾਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਦਰਬਾਰ ਸਾਹਿਬ ਭੇਟਾ ਕੀਤਾ ਤੇ ਤਿੰਨ ਲੱਖ ਰੁਪਇਆ ਖ਼ਰਚ ਕੇ ਨਨਕਾਣਾ ਸਾਹਿਬ ਗੁਰਦੁਆਰਾ ਬਾਲ ਲੀਲਾ ਤੇ ਉਸ ਦੇ ਨਾਲ ਦੋ ਸਰੋਵਰ ਬਣਵਾਏ। ਉਹ ਸਿੱਖਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਹੁੰਦਾ ਸੀ। ਸਿੰਘ ਉਸ ਨੂੰ ਪਿਆਰ ਨਾਲ 'ਮਿਠਾ ਮੱਲ' ਕਿਹਾ ਕਰਦੇ ਸਨ।

ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਿੱਖਾਂ ਦੇ ਹੱਕ ਵਿਚ ਏਥੋਂ ਤਕ ਲਿਖਿਆ, ਕਿ ਮੁਲਤਾਨ ਦੀ ਫ਼ਤਹਿ ਸਿੱਖਾਂ ਦੀ ਮਦਦ ਦਾ ਸਦਕਾ ਹੀ ਹੋਈ ਹੈ। ਸੋ, ਇਹਨਾਂ ਨੂੰ ਖ਼ੁਸ਼ ਰਖਣਾ ਚਾਹੀਦਾ ਹੈ। ਮੀਰ ਮੰਨੂੰ ਨੇ ਕੌੜਾ ਮੱਲ ਦੀ ਸਫ਼ਾਰਸ਼ ਉੱਤੇ ਸਿੰਘਾਂ ਦੀ ਜਾਗੀਰ ਵਿਚ ਅਗੇ ਨਾਲੋਂ ਵਾਧਾ ਕਰ ਦਿੱਤਾ, ਭਾਵ ਪਰਗਣਾ ਚੂਹਣੀਆਂ ਤੇ ਝਬਾਲ ਦੇ ਦਿੱਤੇ'। ਸਿੰਘਾਂ ਵੀ ਮੀਰ ਮੰਨੂੰ ਇਲਾਕੇ ਵਿਚ ਲੁੱਟ ਮਾਰ ਕਰਨੀ ਛੱਡ ਦਿੱਤੀ, ਤੇ ਦੇਸ ਵਿਚ ਅਮਨ ਨਾਲ ਰਹਿਣ ਲੱਗ ਦੇ ਪਏ।

## ਸਿੱਖਾਂ ਲਈ ਅਮਨ ਦੇ ਦਿਨ ਤੇ ਗੁਰਦੁਆਰਿਆਂ ਦੀ ਸੇਵਾ

ਸਭ ਤੋਂ ਪਹਿਲਾਂ ਉਹਨਾਂ ਗੁਰਦੁਆਰਿਆਂ ਦੀ ਸੇਵਾ ਕੀਤੀ। ਅੰਮ੍ਰਿਤਸਰ ਸਰੋਵਰ ਪਿਛਲੇ ਹਾਕਮਾਂ ਨੇ ਪੂਰ ਛੱਡਿਆ ਸੀ। ਉਸ ਵਿਚੋਂ ਗਾਰ ਕਢ ਕੇ ਖੂਹਾਂ ਦੇ ਪਾਣੀ ਨਾਲ ਭਰ ਦਿੱਤਾ। ਕੌੜਾ ਮੱਲ ਦੇ ਦਿੱਤੇ ਹੋਏ ਰੁਪੈ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਆਰੰਭ ਦਿੱਤੀ। ਹੋਰ ਵੀ ਸਿੱਖ ਸਰਦਾਰਾਂ ਨੇ ਯਥਾ ਸ਼ਕਤ ਭੇਟਾ ਚੜਾਈ। ਸੋ, ਇਕ ਵਾਰ ਹਰਿਮੰਦਰ ਸਾਹਿਬ ਦੀ ਸ਼ਾਨ ਫੇਰ ਚਮਕ ਉਠੀ। ਜਿਹੜੇ ਲੋਕ ਅੱਗੇ ਹਾਕਮਾਂ ਤੋਂ ਡਰਦੇ ਨੱਸ ਗਏ ਸਨ, ਉਹ ਫੇਰ ਗੁਰੂ ਕੀ ਨਗਰੀ ਆ ਵੱਸੇ। ਕੁਛ ਸਿੱਖ ਸਰਦਾਰਾਂ ਨੇ ਵੀ ਆਪਣੇ ਵਾਸਤੇ ਮਕਾਨ ਬਣਾ ਲਏ। ਜਾਗੀਰ ਤੋਂ ਅੰਮ੍ਰਿਤਸਰ ਵਿਚ ਗੁਰੂ ਕਾ ਲੰਗਰ ਚੰਗੀ ਤਰਾਂ ਚਲਣ ਲੱਗਾ। ਅਕਾਲ ਬੁੰਗੇ ਤੇ ਪਰਦਖਣਾ ਦੇ ਉਦਾਲੇ ਸਿੰਘਾਂ ਦੀ ਗਹਿਮਾ ਗਹਿਮ ਦਿਸਣ ਲੱਗੀ। ਦੋ-ਕੁ ਸਾਲ ਚੰਗੇ ਸੁਖ ਦੇ ਲੰਘ ਗਏ। ਏਸੇ ਸਮੇਂ ਕੌੜਾ ਮੱਲ ਦੇ ਅਰਦਾਸ ਕੀਤੇ ਧਨ ਨਾਲ ਨਨਕਾਣਾ ਸਾਹਿਬ ਗੁ: ਬਾਲ ਲੀਲਾ ਤੇ ਹੋਰ ਧਰਮ ਅਸਥਾਨ ਬਣਾਏ ਗਏ। ਹੋਰ ਵੀ ਜਿਥੇ ਕਿਤੇ ਕਿਸੇ ਗੁਰਦੁਆਰੇ ਦੀ ਬੇਅਦਬੀ ਕੀਤੀ ਗਈ ਸੀ, ਉਸ ਨੂੰ ਨਵੇਂ ਸਿਰਿਓਂ ਬਣਾਇਆ ਗਿਆ।

## ਨਵੇਂ ਸਿੰਘ ਸਜੇ

ਏਸ ਸੁਲਾ ਦਾ ਇਕ ਹੋਰ ਵੀ ਫ਼ਾਇਦਾ ਹੋਇਆ। ਲੋਕ ਸਮਝਣ ਲੱਗ ਪਏ, ਕਿ ਹੁਣ ਸਰਕਾਰ ਨੇ ਵੀ ਸਿੱਖਾਂ ਦੀ ਤਾਕਤ ਨੂੰ ਮੰਨ ਲਿਆ ਹੈ। ਜਿਹੜੇ ਸਿੰਘ ਅਜੇ ਤਕ ਸਰਕਾਰ ਦੇ ਬਾਗ਼ੀ ਸਮਝੇ ਜਾਂਦੇ ਸਨ, ਹੁਣ ਸਰਕਾਰ ਹਰ ਮੁਹਿੰਮ ਵਿਚ ਉਹਨਾਂ ਤੋਂ ਮਦਦ ਲੈਂਦੀ ਹੈ। ਸੋ, ਲੋਕ ਖੁੱਲ-ਮ-ਖੁੱਲਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ। ਜਿਥੇ ਅਗੇ ਮਾਪੇ ਪੁੱਤਰਾਂ ਨੂੰ ਸਿੰਘ ਸਜਣ ਤੋਂ ਰੋਕਦੇ ਸਨ, ਫਿਰ ਆਪ ਉਹਨਾਂ ਨੂੰ ਸਿੰਘ ਸਜਣ ਦੀ ਪ੍ਰੇਰਨਾ ਕਰਨ ਲਗੇ। ਕਿਉਂਕਿ ਸਿੰਘ ਸਜਣ ਨਾਲ ਗਵਾਂਢ ਵੱਸਣ ਵਾਲਿਆਂ ਉੱਤੇ ਬੜਾ ਰੁਹਬ ਪੈ ਜਾਂਦਾ ਸੀ। ਲੋਕਾਂ ਦੇ ਦਿਲਾਂ ਉੱਤੇ ਸਿੰਘਾਂ ਦਾ ਅਜੇਹਾ ਧਮਾ ਜੰਮ ਚੁੱਕਾ ਸੀ, ਕਿ ਵੈਰੀ ਹਰ ਵੇਲੇ ਉਹਨਾਂ ਤੋਂ ਡਰਦੇ ਰਹਿੰਦੇ ਸਨ ਤੇ ਸ਼ਰਧਾਲੂ ਸਿੰਘਾਂ ਦੀ ਮਦਦ ਉੱਤੇ ਮਾਣ ਰਖਦੇ ਸਨ। ਇਸ ਵੇਲੇ ਸਿੰਘਾਂ ਦੀ ਗਿਣਤੀ ਤੇ ਰੁਹਬ-ਦੋਹਾਂ ਚੀਜ਼ਾਂ-ਵਿਚ ਢੇਰ ਵਾਧਾ ਹੋਇਆ।

ਸਿੱਖਾਂ ਤੇ ਸਰਕਾਰ ਵਿਚ ਇਹ ਸਮਝੌਤਾ ਕੌੜਾ ਮੱਲ ਦੀ ਬਦੌਲਤ ਹੀ ਸੀ, ਨਹੀਂ ਤਾਂ ਸਿੱਖੀ ਦੇ ਵਿਰੋਧੀ ਮੁੱਲਾਂ ਤੇ ਹਾਕਮ ਸਦਾ ਮੀਰ ਮੰਨੂੰ ਨੂੰ ਸਿੱਖਾਂ ਦੇ ਵਿਰੁਧ ਭੜਕਾਉਂਦੇ ਰਹਿੰਦੇ ਸਨ। ਮੰਨੂੰ ਵੀ ਲਾਹੌਰ ਦੇ ਏਨੇ ਨੇੜੇ (ਅੰਮ੍ਰਿਤਸਰ ਵਿਚ) ਸਿੱਖਾਂ ਦੀ ਏਨੀ ਭਾਰੀ ਤਾਕਤ ਪਸੰਦ ਨਹੀਂ ਸੀ ਕਰਦਾ। ਪਰ ਉਹ ਸਮੇਂ ਦੀ ਉਡੀਕ ਵਿਚ ਚੁਪ ਵੱਟੀ ਬੈਠਾ ਸੀ। ਸਿੰਘ ਵੀ ਇਸ ਗੱਲ ਨੂੰ ਜਾਂਣਦੇ ਸਨ ਤੇ ਆਪਣੀ ਤਾਕਤ ਵਧਾਉਣ ਦੇ ਫਿਕਰ ਵਿਚ ਸਨ। ਸਰਕਾਰ ਤੇ ਸਿੱਖਾਂ ਦਾ ਰਾਹ ਵੱਖੋ ਵੱਖਰਾ ਸੀ। ਸਰਕਾਰ ਚਾਹੁੰਦੀ ਸੀ, ਸਿੱਖ ਸਮੂਲਚੋਂ 'ਖ਼ਤਮ ਕਰ ਦਿੱਤੇ ਜਾਣ ਤੇ ਸਿੰਘਾਂ ਦਾ ਨਸ਼ਾਨਾ ਸੀ :

☛ ਬਾਕੀ ਅਗਲੇ ਅੰਕ ਵਿੱਚ

ਰਾਜ ਕਰੇਗਾ ਖ਼ਾਲਸਾ'

ਆਕੀ ਰਹੇ ਨ ਕੋਏ।

ਸੋ, ਦੋਹਾਂ ਦੇ ਮਿਲਾਪ ਉੱਤੇ ਬਹੁਤਾ ਭਰੋਸਾ ਨਹੀਂ ਸੀ ਰਖਿਆ ਜਾ ਸਕਦਾ। ਮੀਰ ਮੰਨੂੰ ਨੇ ਲਾਹੌਰ ਤੇ ਮੁਲਤਾਨ ਵਿਚ ਅਮਨ ਕਾਇਮ ਕਰ ਲਿਆ ਸੀ, ਪਰ ਦਿੱਲੀ ਤੇ ਕਾਬਲ ਦਾ ਡਰ ਉਹਦੇ ਦਿਲੋਂ ਨਹੀਂ ਸੀ ਗਿਆ। ਦਿੱਲੀ ਵਿਚ ਉਹਦਾ ਵੈਰੀ ਸਫ਼ਦਰ ਜੰਗ ਵਜ਼ੀਰ ਬੈਠਾ ਸੀ ਤੇ ਅਫ਼ਗਾਨਸਤਾਨ ਵਿਚ ਅਹਿਮਦ ਸ਼ਾਹ ਅਬਦਾਲੀ। ਉਹ ਜਾਣਦਾ ਸੀ, ਕਿ ਪੰਜਾਬ ਉੱਤੇ ਕਬਜ਼ਾ ਕਰਨ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਲਿਖਤ : ਅਜੈਪਾਲ ਸਿੰਘ ਚਵਿੰਡਾ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸਨ। ਆਪ ਜੀ ਸਿੱਖਾਂ ਦੇ ਨੌਵੇਂ ਗੁਰੂ ਵੱਜੋਂ ਗੁਰਗੱਦੀ ਉੱਤੇ ਬਿਰਾਜਮਾਨ ਹੋਏ। ਆਪ ਬਚਪਨ ਤੋਂ ਹੀ ਵੈਰਾਗੀ ਅਤੇ ਉਪਰਾਮ ਤਬੀਅਤ ਦੇ ਮਾਲਕ ਸਨ। ਆਪ ਜੀ ਬਾਬਾ ਬਕਾਲਾ ਵਿਖੇ ਸਾਰਾ ਸਮਾਂ ਬਾਣੀ ਸਿਮਰਨ ਅਤੇ ਪ੍ਰਭੂ ਰੰਗ ਵਿਚ ਲੀਨ ਰਹਿੰਦੇ ਸਨ। ਸੰਨ 1664 ਈ. ਵਿਚ ਗੁਰਿਆਈ ਗੁਰਗੱਦੀ ਮਿਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਸਿੱਖੀ ਪ੍ਰਚਾਰ ਦਾ ਸਥਾਨ ਬਣਾਇਆ ਅਤੇ ਉਥੇ ਰਹਿ ਕੇ ਬਾਣੀ ਦੀ ਰਚਨਾ ਕੀਤੀ।

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸਨ ਇਸ ਕਾਰਨ ਗੁਰੂ ਜੀ ਦੀਆਂ ਰਚਨਾਵਾਂ ਵਿਚ ਵਧੇਰੇ ਕਰਕੇ ਵੈਰਾਗ ਹੀ ਝਲਕਦਾ ਹੈ ਜਿਵੇਂ-

ਸੋਰਠਿ ਮਹਲਾ 9
ਜੋ ਨਰ ਦੁਖ ਮਹਿ ਦੁਖ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਕਾ ਕੈ
ਕੰਚਨ ਮਾਟੀ ਮਾਨੈ॥ਰਹਾਉ॥ (ਆਦਿ ਗ੍ਰੰਥ, ਪੰਨਾ 633)

ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ-

ਦੇਵਗੰਧਾਰੀ ਮਹਲਾ 9
ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥ਰਹਾਉ॥
(ਆਦਿ ਗ੍ਰੰਥ, ਪੰਨਾ 536)

ਆਪ ਜੀ ਦੀ ਇਕ ਰਚਨਾ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਨੂੰ ਪੰਡਿਤ ਵਿਸ਼ਨੂੰ ਦਿਗੰਬਰ ਨੇ ਰਾਗ ਮੀਆਂ ਮਲਾਰ ਵਿਚ ਨਿਬੱਧ ਕਰਕੇ ਗਾਇਆ ਹੈ।

ਗੁਰਮਤਿ ਸੰਗੀਤ ਦਾ ਪ੍ਰਚਾਰ ਤੇ ਪਾਸਾਰ-

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਪਣਾ ਮਹਾਨ ਯੋਗਦਾਨ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਚਾਰ ਪਾਤਸ਼ਾਹੀਆਂ ਮਾਝੇ ਅਤੇ ਦੁਆਬੇ ਵਿਚ ਹੀ ਧਰਮ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੀ ਜੜ੍ਹ ਪੱਕੀ ਕਰਦੀਆਂ ਰਹੀਆਂ ਸਨ। ਸਿਰਫ ਛੇਵੇਂ ਪਾਤਸ਼ਾਹ ਹੀ ਪੀਲੀਭੀਤ ਤੱਕ ਗਏ ਸਨ। ਸੋ ਮਾਲਵੇ ਬਾਂਗਰ ਆਦਿ ਇਲਾਕਿਆਂ ਵਿਚ ਜਾਣ ਦੀ ਲੋੜ ਗੁਰੂ ਜੀ ਨੇ ਮਹਿਸੂਸ ਕੀਤੀ ਇਸ ਕਰਕੇ ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣਾ ਪੱਕਾ ਸਥਾਨ ਬਣਾਇਆ ਤੇ ਧਰਮ ਪ੍ਰਚਾਰ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ।

ਰਾਗ ਅਧੀਨ ਬਾਣੀ ਦੀ ਰਚਨਾ-

ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਗ ਅਧੀਨ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਵਿਲੱਖਣਤਾ ਅਤੇ ਮੌਲਿਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਪ ਜੀ ਦੀ ਬਾਣੀ ਵਿਚ ਸੰਗੀਤਾਤਮਕਤਾ ਦੀ ਨਵੀਂ ਨੁਹਾਰ ਵੀ ਸਾਹਮਣੇ ਆਉਂਦੀ ਹੈ ਅਤੇ ਆਪ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਤੇ ਰਾਮ ਨਾਮ ਸਿਮਰਨ ਦੇ ਵਿਚਾਰ ਪ੍ਰਬਲ ਹਨ।

ਗੁਰੂ ਜੀ ਨੇ ਕੁਲ 17 ਰਾਗਾਂ ਵਿਚ ਬਾਣੀ ਉਚਾਰੀ ਜਿਵੇਂ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਸਾਰੰਗ, ਜੈਜਾਵੰਤੀ ਆਦਿ। ਜੈਜਾਵੰਤੀ ਰਾਗ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ।

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ-

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਗੁਰੂ ਜੀ ਨੇ ਵੱਖ-ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ ਹੈ। ਆਪ ਜੀ ਨੇ ਬਾਣੀ ਨੂੰ ਉਚਾਰਨ ਲਈ ਪਦੇ, ਅਸ਼ਟਪਦੀਆਂ ਆਦਿ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ ਨੂੰ ਅਪਣਾਇਆ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਬਹੁਤ ਮਹੱਤਵ ਹੈ। ਆਪ ਜੀ ਦੇ ਸੰਬੰਧ ਵਿਚ ਇਹ ਵੀ ਪ੍ਰਚਲਿਤ ਹੈ ਕਿ ਇਕ ਵਾਰੀ ਆਪ ਜੌਨਪੁਰ ਵਿਖੇ ਗਏ ਉਥੇ ਰਾਗੀ ਗੁਰਬਖਸ਼ ਜੀ ਦੇ ਘਰ ਕੁਝ ਸਮਾਂ ਠਹਿਰੇ ਅਤੇ ਉਸਨੂੰ ਕੀਰਤਨ ਲਈ ਮਿਰਦੰਗ ਸਾਜ਼ ਦੀ ਬਖਸ਼ਿਸ਼ ਕੀਤੀ। ਮਿਰਦੰਗ ਸਾਜ਼ ਗੁਰਦੁਆਰਾ ਸੰਗਤਿ ਮ੍ਰਿਦੰਗਾਵਲੀ ਜੌਨਪੁਰ ਵਿਖੇ ਅੱਜ ਵੀ ਵਿਸ਼ੇਸ਼ ਸਨਮਾਨ ਸਹਿਤ ਸੁਰੱਖਿਅਤ ਪਿਆ ਹੈ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ-

ਗੁਰੂ ਜੀ ਨੇ ਆਪਣੇ ਤੋਂ ਪੂਰਵ ਗੁਰੂ ਸਾਹਿਬਾਨਾਂ ਦੁਆਰਾ ਚਲਾਈ ਗਈ ਕੀਰਤਨ ਪਰੰਪਰਾ ਨੂੰ ਕਿਰਿਆਤਮਕ ਤੌਰ ਤੇ ਸੁਰੱਖਿਅਤ ਹੀ ਨਹੀਂ ਰੱਖਿਆ ਸਗੋਂ ਨਿੱਜੀ ਯੋਗਦਾਨ ਦੁਆਰਾ ਪ੍ਰਫੁੱਲਤ ਵੀ ਕੀਤਾ। ਆਪ ਜੀ ਨੇ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਹਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਨੂੰ ਸੋਦਰਿ ਦੀ ਚੌਕੀ ਦਾ ਕੀਰਤਨ ਹੁੰਦਾ ਸੀ।

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ-

ਪਹਿਲੇ ਗੁਰੂ ਜੀ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ ਜਿਨ੍ਹਾਂ ਦਾ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਹੈ।

ਉਪਰੋਕਤ ਵਿਚਾਰਧਾਰਾ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਹਨਾਂ ਬਾਣੀ ਦੀ ਪ੍ਰਸਤੁਤੀ ਲਈ ਗੁਰਮਤਿ ਸੰਗੀਤ ਪ੍ਰਬੰਧ ਨੂੰ ਕਿਰਿਆਤਮਕ ਰੂਪ ਵਿਚ ਪ੍ਰਫੁੱਲਤ ਕਰਨ ਦਾ ਯਤਨ ਕੀਤਾ। ਉਹਨਾਂ ਗੁਰਮਤਿ ਸੰਗੀਤ ਨੂੰ ਵਿਭਿੰਨ ਰਾਗਾਂ, ਗਾਇਨ-ਸ਼ੈਲੀਆਂ ਅਤੇ ਉਪਕਰਨਾਂ ਸਹਿਤ ਵਿਸਤ੍ਰਿਤ ਅਤੇ ਕਿਰਿਆਤਮਕ ਰੂਪ ਦਿੱਤਾ। ਗੁਰੂ ਜੀ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਗਾਇਨ ਸ਼ੈਲੀਆਂ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿਚ ਜਿਹੜਾ ਯੋਗਦਾਨ ਪਾਇਆ ਉਸ ਦੇ ਫਲਸਰੂਪ ਗੁਰਮਤਿ ਸੰਗੀਤ ਸਾਡੇ ਕੋਲ ਇਕ ਵਡੇਰੀ ਪਰੰਪਰਾ ਵੱਜੋਂ ਵਿਦਮਾਨ ਹੈ। ਇਸ ਦੇ ਨਾਲ ਹੀ ਇਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਨੇ ਇਸ ਨੂੰ ਸਿੱਖੀ ਜੀਵਨ ਦੇ ਰੋਜ਼ਾਨਾ ਅਤੇ ਵਿਸ਼ੇਸ਼ ਕਰ ਸਮਾਗਮ, ਉਤਸਵਾਂ ਆਦਿ ਦਾ ਅਨਿਖੜ ਅੰਗ ਬਣਾ ਕੇ ਸਜੀਵ ਅਤੇ ਵਿਹਾਰਕ ਰੂਪ ਵੀ ਪ੍ਰਦਾਨ ਕੀਤਾ। ਉਕਤ ਚਰਚਾ ਦੇ ਅੰਤਰਗਤ ਵਰਨਿਤ ਵਿਕਾਸ ਸੰਖੇਪ ਰੂਪ ਵਿਚ ਕੀਤਾ ਗਿਆ ਹੈ ਜਿਸ ਕਰਕੇ ਇਸ ਸੰਬੰਧੀ ਵਿਸਤ੍ਰਿਤ ਅਧਿਐਨ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

# ਚੇਤਿਆਂ 'ਚ ਵਸਿਆ ਪੁਰਾਣਾ ਘਰ

ਲੇਖਕ : ਸਤਵਿੰਦਰ ਸਿੰਘ ਮੜੌਲਵੀ
ਸੰਪਰਕ: 9463492426



ਘਰ ਮਨੁੱਖ ਦਾ ਟਿਕਾਣਾ ਹੈ ਅਤੇ ਇਹ ਟਿਕਾਣਾ ਸਭ ਜੀਵ-ਜੰਤੂ ਤੇ ਪੰਛੀ ਵੀ ਬਣਾਉਂਦੇ ਹਨ। ਮਨੁੱਖ ਭਾਵੇਂ ਬਾਹਰ ਜਿੰਨਾ ਚਿਰ ਮਰਜ਼ੀ ਕੰਮ ਕਰਦਾ ਰਹੇ ਪਰ ਆਪਣੇ ਘਰ ਆ ਕੇ ਉਸ ਦੇ ਮਨ ਨੂੰ ਟਿਕਾਅ ਆ ਜਾਂਦਾ ਹੈ। ਉਹ ਆਪਣੇ ਆਪ ਨੂੰ ਬੜਾ ਸੁਰੱਖਿਅਤ ਤੇ ਤਣਾਅ ਰਹਿਤ ਮਹਿਸੂਸ ਕਰਨ ਲੱਗਦਾ ਹੈ।

ਜਿਸ ਘਰ ਵਿੱਚ ਤੁਹਾਡਾ ਜਨਮ ਹੋਇਆ ਹੋਵੇ ਜਾਂ ਜਿਸ ਵਿੱਚ ਤੁਸੀਂ ਆਪਣਾ ਬਚਪਨ ਗੁਜ਼ਾਰਿਆ ਹੋਵੇ, ਉਸ ਘਰ ਦੀ ਅਹਿਮੀਅਤ ਹੀ ਹੋਰ ਹੁੰਦੀ ਹੈ। ਕਿਸੇ ਸਮੇਂ ਭਾਵੇਂ ਮਜਬੂਰੀ ਵੱਸ ਤੁਹਾਨੂੰ ਆਪਣਾ ਇਹ ਜੱਦੀ ਘਰ ਛੱਡ ਕੇ ਕਿਸੇ ਹੋਰ ਪਾਸੇ ਰਹਿਣਾ ਪੈ ਜਾਵੇ ਪਰ ਫਿਰ ਵੀ ਉਹ ਪੁਰਾਣਾ ਘਰ ਤੁਹਾਡੇ ਚੇਤਿਆਂ ਵਿੱਚ ਸਦਾ ਵਸਿਆ ਰਹਿੰਦਾ ਹੈ।

ਪਿੰਡ ਵਿਚਲੇ ਆਮ ਪੁਰਾਣੇ ਘਰਾਂ ਦੀ ਤਰ੍ਹਾਂ ਹੀ ਸਾਡਾ ਪੁਰਾਣਾ ਘਰ ਵੀ ਹੁੰਦਾ ਸੀ। ਇਸ ਦੀ ਬਣਤਰ ਪੁਰਾਣੇ ਘਰਾਂ ਵਰਗੀ ਹੀ ਸੀ, ਭਾਵ ਥੱਲੇ ਤੋਂ ਕੱਚਾ ਅਤੇ ਉੱਪਰ ਛੱਤ ਬਾਲਿਆਂ ਵਾਲ਼ੀ। ਵਿਹੜਾ ਇਸ ਦਾ ਕੋਈ ਜ਼ਿਆਦਾ ਵੱਡਾ ਨਹੀਂ ਸੀ ਪਰ ਇਸ ਦੇ ਵਿਹੜੇ ਵਿੱਚ ਲੱਗੇ ਹੋਏ ਜਮੋਏ ਅਤੇ ਡਕੈਣ ਦੇ ਰੁੱਖ ਇਸ ਨੂੰ ਚਾਰ ਚੰਦ ਲਾਉਂਦੇ ਸਨ।

ਸਾਡੇ ਪੁਰਾਣੇ ਘਰ ਵਿੱਚ ਇੱਕ ਚਾਰ ਖਣਾਂ ਦਾ ਵੱਡਾ ਕਮਰਾ ਅਤੇ ਦੋ ਦੋ ਖਣਾਂ ਦੀ ਇੱਕ ਰਸੋਈ ਤੇ ਮੂਹਰਲੇ ਪਾਸੇ ਵਰਾਂਡਾਂ ਸੀ/ ਹੈ। ਪੁਰਾਣੇ ਸਮਿਆਂ ਅਨੁਸਾਰ ਇਸ ਵਿੱਚ ਨਾ ਕੋਈ ਬੈਠਕ ਸੀ ਅਤੇ ਨਾ ਹੀ ਟਾਇਲਟ ਜਾਂ ਬਾਥਰੂਮ।

ਉਸ ਸਮੇਂ ਆਰਥਿਕ ਕਮਜ਼ੋਰੀਆਂ ਬਹੁਤ ਸਨ, ਜਿਸ ਕਰ ਕੇ ਇਸ ਦੀ ਲਿਪਾਈ ਵੀ ਬਹੁਤ ਦੇਰ ਬਾਅਦ ਕਰਵਾਈ ਗਈ।

ਛੱਤ ਕੱਚੀ ਹੋਣ ਕਰਕੇ ਗਰਮੀਆਂ ਵਿੱਚ ਇਸ ਅੰਦਰ ਠੰਢਕ ਰਹਿੰਦੀ ਅਤੇ ਸਰਦੀਆਂ ਵਿੱਚ ਇਹ ਨਿੱਘਾ ਰਹਿੰਦਾ ਸੀ। ਛੇ ਜੀਅ ਅਸੀਂ ਖ਼ੁਦ ਇਸ ਵਿੱਚ ਬਿਨਾਂ ਕਿਸੇ ਤਣਾਅ ਤੋਂ ਬੜੇ ਆਰਾਮ ਨਾਲ ਰਹਿੰਦੇ ਰਹੇ; ਜੇਕਰ ਕੋਈ ਪ੍ਰਾਹੁਣਾ ਆ ਜਾਂਦਾ, ਉਹ ਵੀ ਇਸ ਵਿੱਚ ਬੜੇ ਆਰਾਮ ਨਾਲ ਰਾਤ ਕੱਟ ਲੈਂਦਾ ਸੀ। ਗਰਮੀਆਂ ਦੇ ਮਹੀਨੇ ਵਿੱਚ ਅਸੀਂ ਪਿੰਡ ਦੇ ਆਮ ਲੋਕਾਂ ਦੀ ਤਰ੍ਹਾਂ ਇਸ ਦੀ ਛੱਤ 'ਤੇ ਸੌਂ ਜਾਂਦੇ। ਜਾਲ਼ੀ ਰਹਿਤ ਤਾਕੀਆਂ ਅਤੇ ਰੋਸ਼ਨਦਾਨ; ਇਸ ਵਿੱਚ ਹਵਾਦਾਰੀ ਤੇ ਚਾਨਣ ਦਾ ਪ੍ਰਬੰਧ ਕਰਦੇ ਸਨ। ਰੋਸ਼ਨਦਾਨਾਂ ਦੇ ਵਿਚਦੀ ਹੋ ਕੇ ਘਰੇਲੂ ਚਿੜੀਆਂ ਦਾ ਆਮ ਹੀ ਆਉਣਾ ਜਾਣਾ ਸੀ। ਉਨ੍ਹਾਂ ਸਮਿਆਂ ਵਿੱਚ ਘਰੇਲੂ ਚਿੜੀਆਂ ਘਰਾਂ ਵਿੱਚ ਆਮ ਹੀ ਆਪਣੇ ਆਲ੍ਹਣੇ ਬਣਾ ਕੇ ਰਿਹਾ ਕਰਦੀਆਂ ਸਨ। ਸਾਡੇ ਘਰ ਵਿੱਚ ਵੀ ਇੱਕ ਦੋ ਜੋੜੇ ਬੜੇ ਆਰਾਮ ਨਾਲ ਆਪਣੇ ਆਲ੍ਹਣੇ ਬਣਾ ਕੇ ਰਹਿੰਦੇ ਸਨ। ਸਵੇਰ ਹੁੰਦੇ ਸਾਰ ਹੀ ਚਿੜੀਆਂ ਚੀਂ-ਚੀਂ ਕਰਕੇ ਉੱਠ ਜਾਂਦੀਆਂ ਤੇ ਨਾਲ ਹੀ ਸਾਨੂੰ ਉਠਾ ਲੈਂਦੀਆਂ। ਗਾਰਡਰਾਂ ਦੇ ਕੋਲ਼ ਬਾਲਿਆਂ ਦੀਆਂ ਖੋੜਾਂ-ਮੋਰੀਆਂ ਵਿੱਚ ਉਨ੍ਹਾਂ ਨੇ ਆਪਣੇ ਆਲ੍ਹਣੇ ਬਣਾਏ ਹੁੰਦੇ ਸਨ। ਮਾਂ ਦੇ ਵਿਆਹ ਦੀ ਪੇਟੀ ਦੇ ਥੱਲੇ ਹਰ ਸਾਲ ਬਿੱਲੀ, ਬਲੂੰਗੜੇ ਦਿਆ ਕਰਦੀ ਸੀ ।

ਇਸ ਦੇ ਕੱਚੇ ਅੰਦਰਾਂ ਨੂੰ ਮਾਂ, ਮਹੀਨੇ ਵਿਚ ਇੱਕ-ਅੱਧ ਵਾਰ ਗੋਹੇ ਮਿੱਟੀ ਨਾਲ ਜ਼ਰੂਰ ਲਿੱਪ ਦਿਆ ਕਰਦੀ ਸੀ। ਲਿੱਪੇ ਹੋਏ ਥਾਂ 'ਤੇ ਬੜੀ ਅਜੀਬ ਜਿਹੀ ਵਾਸ਼ਨਾ ਆਉਂਦੀ ਰਹਿੰਦੀ। ਲਿੱਪਣ ਨਾਲ ਘਰ ਬੜਾ ਸਾਫ਼ ਸੁਥਰਾ ਜਿਹਾ ਲੱਗਦਾ। ਇਸ ਨੂੰ ਹੋਰ ਸੋਹਣਾ ਬਣਾਉਣ ਲਈ ਮਾਂ ਤੌੜੀ ਵਿੱਚ ਪਾਂਡੂ ਘੋਲ਼ ਕੇ, ਇੱਕ ਲੀਰ ਨਾਲ ਕੰਧਾਂ ਦੇ ਆਲ਼ੇ ਦੁਆਲ਼ੇ ਪੱਟੀ ਬਣਾਉਂਦੀ ਅਤੇ ਕਦੇ ਕਦਾਈਂ ਵਿਚਕਾਰ ਫੁੱਲ ਵੀ ਬਣਾ ਦਿੰਦੀ। ਇਸ ਨਾਲ ਇਸ ਦੀ ਸੁੰਦਰਤਾ ਹੋਰ ਵੀ ਵਧ ਜਾਂਦੀ ਸੀ। ਇਸ ਦੀਆਂ ਕੰਧਾਂ ਉੱਤੇ ਅਸੀਂ ਨਵੇਂ ਸਾਲ ਦੇ ਕੈਲੰਡਰ ਲਗਾਏ ਹੁੰਦੇ ਅਤੇ ਵੱਖ-ਵੱਖ ਤਰ੍ਹਾਂ ਦੀਆਂ ਧਾਰਮਿਕ ਤੇ ਸੱਭਿਆਚਾਰਕ ਤਸਵੀਰਾਂ ਵੀ ਲਗਾਈਆਂ ਹੁੰਦੀਆਂ ਸਨ ।

ਚੁੱਲ੍ਹੇ-ਅੰਗੀਠੀ ਵਾਲ਼ੀ ਇਸ ਘਰ ਦੀ ਰਸੋਈ ਵਿਚ ਮਾਂ ਗਰਮ ਗਰਮ ਰੋਟੀਆਂ ਬਣਾਉਂਦੀ ਰਹਿੰਦੀ ਅਤੇ ਅਸੀਂ ਸਾਰੇ ਉਸ ਸਮੇਂ ਰਸੋਈ ਵਿੱਚ ਬੋਰੀਆਂ ਵਿਛਾ ਕੇ ਜਾਂ ਲੱਕੜ ਦੀਆਂ ਪਟੜੀਆਂ 'ਤੇ ਬੈਠ ਕੇ ਹੀ ਰੋਟੀ ਖਾਂਦੇ ਹੁੰਦੇ ਸੀ।

ਬਰਸਾਤਾਂ ਦੇ ਦਿਨਾਂ ਵਿੱਚ ਭਾਵੇਂ ਇਸ ਦੀ ਛੱਤ ਥਾਂ ਥਾਂ ਤੋਂ ਚੋਣ ਲੱਗ ਪੈਂਦੀ ਅਤੇ ਕਈ ਕਈ ਦਿਨਾਂ ਦੀਆਂ ਝੜੀਆਂ ਸਾਨੂੰ ਰੋਣ -ਹਾਕਾ ਕਰ ਦਿੰਦੀਆਂ ਪਰ ਫਿਰ ਵੀ ਇਹ ਸਾਨੂੰ ਬਹੁਤ ਪਿਆਰਾ ਲੱਗਦਾ।

ਉਸ ਸਮੇਂ ਸਾਡੇ ਸਾਰੇ ਚਾਚੇ ਤਾਇਆਂ ਦੇ ਘਰ ਇੱਕ ਛੋਟੀ ਜਿਹੀ ਬੀਹੀ ਵਿੱਚ ਹੀ ਹੁੰਦੇ ਸਨ ਅਤੇ ਖ਼ੂਬ ਰੌਣਕਾਂ ਬਣੀਆਂ ਰਹਿੰਦੀਆਂ ਸਨ। ਡੰਗਰ-ਵੱਛਾ ਵੀ ਬਾਹਰ ਵਿਹੜੇ ਵਿਚ ਖੜ੍ਹਾ ਰਹਿੰਦਾ। ਨਲ਼ਕਾ, ਟੋਕੇ ਵਾਲੀ ਮਸ਼ੀਨ, ਓਟੀਏ ਸਭ ਬਾਹਰ ਵਿਹੜੇ ਵਿੱਚ ਹੀ ਹੁੰਦੇ ਸਨ। ਸਾਡੇ ਸਾਰੇ ਭੈਣ ਭਰਾਵਾਂ ਦੇ ਵਿਆਹ ਇਸ ਛੋਟੇ ਜਿਹੇ ਘਰ ਵਿੱਚ ਹੀ ਹੋਏ। ਮੇਰੀ ਮਾਂ ਅਨੁਸਾਰ ਮੇਰਾ ਆਪਣਾ ਜਨਮ ਵੀ ਇੱਥੇ ਹੀ ਹੋਇਆ ਸੀ।

ਅੱਜ-ਕਲ੍ਹ ਵੀ ਮੇਰੀ ਰਿਹਾਇਸ਼ ਆਪਣੇ ਪਿੰਡ ਦੇ ਥੋੜ੍ਹੀ ਬਾਹਰਲੇ ਪਾਸੇ ਹੈ ਅਤੇ ਇਹ ਪੁਰਾਣਾ ਘਰ ਪਿੰਡ ਦੇ ਅੰਦਰਲੇ ਪਾਸੇ ਬਣਿਆ ਹੋਇਆ ਹੈ। ਜਦੋਂ ਵੀ ਕਦੇ ਪਿੰਡ ਵਿੱਚ ਜਾਂ ਆਪਣੇ ਚਾਚੇ ਤਾਇਆਂ ਦੇ ਘਰ ਖ਼ਬਰਸਾਰ ਲੈਣ ਲਈ ਜਾਂਦਾ ਹਾਂ ਤਾਂ ਇਸ ਨੂੰ ਵੇਖ ਕੇ ਅੱਜ ਵੀ ਬੜਾ ਮੋਹ ਆਉਂਦਾ ਹੈ।

ਪੰਜਾਬੀ ਦੇ ਪ੍ਰਸਿੱਧ ਵਾਰਤਕਕਾਰ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਮਸ਼ਹੂਰ ਨਿਬੰਧ ''ਘਰ ਦਾ ਪਿਆਰ'' ਵਿੱਚ ਘਰ ਬਾਰੇ ਬੜੀਆਂ ਖ਼ੂਬਸੂਰਤ ਤੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਪ੍ਰਸਿੱਧ ਫ਼ਿਲਮੀ ਅਦਾਕਾਰ ਤੇ ਸਾਹਿਤਕਾਰ ਬਲਰਾਜ ਸਾਹਨੀ ਮੁੰਬਈ ਤੋਂ ਆਪਣੇ ਦੋਸਤਾਂ ਨਾਲ ਆਪਣਾ ਜੱਦੀ ਘਰ, ਜਿਹੜਾ ਕਿ ਪਿੰਡ ਭੇਰੇ 'ਚ ਬਣਿਆ ਹੋਇਆ ਸੀ, ਨੂੰ ਵੇਖਣ ਲਈ ਬਕਾਇਦਾ ਤੌਰ 'ਤੇ ਪਾਕਿਸਤਾਨ ਵਿਖੇ ਪਹੁੰਚੇ ਸਨ ਅਤੇ ਇਸ ਨੂੰ ਵੇਖ ਕੇ ਬੜਾ ਭਾਵੁਕ ਵੀ ਹੋਏ। ਇਸ ਦਾ ਜ਼ਿਕਰ ਉਨ੍ਹਾਂ ਨੇ ਆਪਣੀ ਪ੍ਰਸਿੱਧ ਪੁਸਤਕ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿੱਚ 'ਮੁੜ ਵੇਖਿਆ ਪਿੰਡ' ਸਿਰਲੇਖ ਹੇਠ ਕੀਤਾ ਹੈ।

ਭਾਵੇਂ ਸਾਡੇ ਪੁਰਾਣੇ ਘਰ ਦੀ ਮਲਕੀਅਤ ਅੱਜ-ਕੱਲ੍ਹ ਮੇਰੇ ਵੱਡੇ ਭਰਾ ਕੋਲ਼ ਹੈ ਪਰ ਅੱਜ ਵੀ ਮੈਨੂੰ ਇਹ ਆਪਣਾ ਆਪਣਾ ਲੱਗਦਾ ਹੈ।

# ਸਰਕਾਰੀ ਸਕੂਲਾਂ ਵਿਚ ਅਕਾਦਮਿਕ ਮਾਹੌਲ ਵੱਲ ਧਿਆਨ ਦੇਣ ਦੀ ਲੋੜ

ਪ੍ਰਿੰਸੀਪਲ ਵਿਜੈ ਕੁਮਾਰ
ਸੰਪਰਕ: vijaykumarbehki@gmail.com

ਸੂਬੇ 'ਚ ਸਮੇਂ-ਸਮੇਂ ਦੀਆਂ ਸਰਕਾਰਾਂ ਨਵੇਂ-ਨਵੇਂ ਤਰਜਬੇ ਕਰ ਕੇ ਅਤੇ ਮੀਡੀਆ ਵਿਚ ਪ੍ਰਚਾਰ ਕਰ ਕੇ ਲੋਕਾਂ ਨੂੰ ਇਹ ਦੱਸਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ ਕਿ ਉਨ੍ਹਾਂ ਨੂੰ ਸੂਬੇ ਦੇ ਬੱਚਿਆਂ ਦੀ ਸਿੱਖਿਆ ਦਾ ਬਹੁਤ ਫ਼ਿਕਰ ਹੈ। ਉਹ ਸੂਬੇ ਦੀ ਸਿੱਖਿਆ ਦਾ ਮਿਆਰ, ਨੁਹਾਰ, ਦਿਸ਼ਾ ਅਤੇ ਦਸ਼ਾ ਬਦਲਣ ਲਈ ਬੇਹੱਦ ਯਤਨ ਕਰ ਰਹੀਆਂ ਹਨ ਜਿਹੜੇ ਯਤਨ ਉਨ੍ਹਾਂ ਤੋਂ ਪਹਿਲਾਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ ਪਰ ਹਕੀਕਤ ਸਰਕਾਰਾਂ ਦੇ ਪ੍ਰਚਾਰ ਤੋਂ ਉੱਕਾ ਹੀ ਉਲਟ ਹੁੰਦੀ ਹੈ। ਸਿੱਖਿਆ ਮਾਹਿਰਾਂ ਦਾ ਇਹ ਕਹਿਣਾ ਹੈ ਕਿ ਵਿਸ਼ਵ ਬੈਂਕ ਤੋਂ ਆਉਣ ਵਾਲੀ ਮਾਲੀ ਸਹਾਇਤਾ ਨਾਲ ਸਕੂਲਾਂ ਦੀਆਂ ਬਣਾਈਆਂ ਕੇਵਲ ਸਮਾਰਟ ਇਮਾਰਤਾਂ ਅਤੇ ਮੀਡੀਆ 'ਚ ਕੀਤਾ ਪ੍ਰਚਾਰ ਕਦੇ ਵੀ ਸਿੱਖਿਆ ਦਾ ਮਿਆਰ ਅਤੇ ਨੁਹਾਰ ਨੂੰ ਬਦਲ ਨਹੀਂ ਸਕਦਾ। ਸਰਕਾਰਾਂ ਆਪਣੀ ਗਲਤਫਹਿਮੀ ਦੂਰ ਕਰਨ ਲਈ ਸਕੂਲਾਂ ਦੇ ਅਕਾਦਮਿਕ ਮਾਹੌਲ ਦਾ ਨਿਰੀਖਣ ਕਰਵਾ ਲੈਣ, ਸਾਰੀ ਸੱਚਾਈ ਆਪਣੇ ਆਪ ਸਾਹਮਣੇ ਆ ਜਾਵੇਗੀ। ਜੇਕਰ ਸਰਕਾਰਾਂ ਨੇ ਸਿੱਖਿਆ ਦਾ ਮਿਆਰ ਉੱਚਾ ਚੁੱਕ ਦਿੱਤਾ ਹੈ ਤਾਂ ਫੇਰ ਸਿੱਖਿਆ ਵਿਭਾਗ ਨੂੰ ਪ੍ਰੀਖਿਆਵਾਂ ਦੇ ਨਤੀਜੇ 100 ਫ਼ੀਸਦ ਲਿਆਉਣ ਲਈ ਸ਼ਤ ਪ੍ਰਤੀਸ਼ਤ ਮਿਸ਼ਨ ਅਤੇ ਸਮਰਥ ਮੁਹਿੰਮ ਚਲਾਉਣ ਦੀ ਲੋੜ ਕਿਉਂ ਪਈ? ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਚੰਗੇ ਵਿਖਾਉਣ ਲਈ ਸੌ ਤਰ੍ਹਾਂ ਦੇ ਹੀਲੇ ਵਸੀਲੇ ਕਿਉਂ ਕਰਨੇ ਪੈਂਦੇ ਹਨ? ਸਰਕਾਰਾਂ ਨੂੰ ਸਰਕਾਰੀ ਸਕੂਲਾਂ 'ਚ ਬੱਚੇ ਦਾਖਲ ਕਰਾਉਣ ਲਈ ਮੁਹਿੰਮਾਂ ਕਿਉਂ ਚਲਾਉਣੀਆਂ ਪੈਂਦੀਆਂ ਹਨ? ਚੰਗੇ ਪ੍ਰਾਈਵੇਟ ਮਾਡਲ ਸਕੂਲਾਂ 'ਚ ਬੱਚਿਆਂ ਨੂੰ ਦਾਖਲਾ ਔਖੇ ਹੋ ਕੇ ਇਸ ਲਈ ਮਿਲਦਾ ਹੈ ਕਿਉਂਕਿ ਉਨ੍ਹਾਂ 'ਚ ਸਾਰੀਆਂ ਸਹੂਲਤਾਂ ਹੋਣ ਦੇ ਨਾਲ ਨਾਲ ਉਨ੍ਹਾਂ ਦਾ ਅਕਾਦਮਿਕ ਮਾਹੌਲ ਵਧੀਆ ਹੁੰਦਾ ਹੈ।

ਸਿੱਖਿਆ ਵਿਭਾਗ ਸਰਕਾਰੀ ਸਕੂਲਾਂ 'ਚ ਬੱਚੇ ਵਧਾਉਣ ਲਈ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਜਮਾਤ ਸ਼ੁਰੂ ਕਰਨ ਜਾ ਰਿਹਾ ਹੈ। ਪ੍ਰਾਈਵੇਟ ਮਾਡਲ ਸਕੂਲਾਂ ਵਾਂਗ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਜਮਾਤ ਸ਼ੁਰੂ ਕਰਨਾ ਬਹੁਤ ਚੰਗੀ ਗੱਲ ਹੈ ਪਰ ਸਵਾਲ ਇਹ ਹੈ ਕਿ ਕੀ ਸਿੱਖਿਆ ਵਿਭਾਗ ਨੇ ਪ੍ਰੀ-ਪ੍ਰਾਇਮਰੀ ਜਮਾਤ ਚਲਾਉਣ ਲਈ ਕਿਸੇ ਤਰ੍ਹਾਂ ਦੀ ਕੋਈ ਤਿਆਰੀ ਕੀਤੀ ਹੈ? ਕੀ ਉਨ੍ਹਾਂ ਬੱਚਿਆਂ ਨੂੰ ਪੜ੍ਹਾਉਣ ਲਈ ਐੱਨਟੀਟੀ ਅਧਿਆਪਕਾਂ ਦੀ ਕੋਈ ਭਰਤੀ ਕੀਤੀ ਹੈ? ਕੀ ਪ੍ਰੀ-ਪ੍ਰਾਇਮਰੀ ਜਮਾਤ ਦੇ ਬੱਚਿਆਂ ਲਈ ਵਿਸ਼ੇਸ਼ ਸਾਜ਼ੋ-ਸਮਾਨ ਤੇ ਮੇਜ਼ ਕੁਰਸੀਆਂ ਵਾਲੇ ਕਮਰੇ ਤਿਆਰ ਕੀਤੇ ਹਨ ? ਕੀ ਪ੍ਰੀ-ਪ੍ਰਾਇਮਰੀ ਜਮਾਤ ਦੇ ਤਿੰਨ ਸਾਲ ਦੀ ਉਮਰ ਦੇ ਬੱਚਿਆਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਦੇ ਮਲ-ਮੂਤਰ ਦੀ ਸਫ਼ਾਈ ਲਈ ਦਰਜਾ ਕਰਮਚਾਰੀਆਂ ਦੀ ਭਰਤੀ ਕੀਤੀ ਹੈ? ਕੀ ਉਨ੍ਹਾਂ ਨੂੰ ਨੀਂਦ ਆਉਣ ਦੀ ਸਥਿਤੀ ਵਿਚ ਉਨ੍ਹਾਂ ਨੂੰ ਸੁਲਾਉਣ ਲਈ ਕਮਰੇ ਅਤੇ ਬੈੱਡ ਦਾ ਬੰਦੋਬਸਤ ਕੀਤਾ ਹੈ? ਕੀ ਪ੍ਰੀ ਪ੍ਰਾਇਮਰੀ ਜਮਾਤ ਦੇ ਬੱਚਿਆਂ ਲਈ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੇ ਖਿਡੌਣਿਆਂ, ਝੂਲਿਆਂ ਅਤੇ ਡਿਸਪਲੇਅ ਬੋਰਡਾਂ ਦਾ ਪ੍ਰਬੰਧ ਕੀਤਾ ਗਿਆ ਹੈ? ਜੇਕਰ ਪ੍ਰਾਇਮਰੀ ਸਕੂਲਾਂ ਵਿਚ ਸ਼ੁਰੂ ਕੀਤੀ ਗਈ ਪ੍ਰੀ-ਪ੍ਰਾਇਮਰੀ ਜਮਾਤ ਨੂੰ ਪੜ੍ਹਾਉਣ ਦਾ ਕੰਮ ਪ੍ਰਾਇਮਰੀ ਅਧਿਆਪਕਾਂ ਨੂੰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਉੱਤੇ ਕੰਮ ਦਾ ਬੋਝ ਵਧੇਗਾ। ਪ੍ਰੀ-ਪ੍ਰਾਇਮਰੀ ਜਮਾਤ ਦੇ ਬੱਚਿਆਂ ਦੀ ਸਾਂਭ ਸੰਭਾਲ, ਦਾਖਲਾ, ਸਾਮਾਨ ਦੀ ਖਰੀਦੋ-ਫਰੋਖਤ, ਉਨ੍ਹਾਂ ਦੀ ਪੜ੍ਹਾਈ ਅਤੇ ਹੋਰ ਕੰਮਾਂ ਵਿਚ ਦੂਜੀਆਂ ਜਮਾਤਾਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ। ਪ੍ਰਾਇਮਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਜਮਾਤ ਸ਼ੁਰੂ ਹੋਣ ਨਾਲ ਬਾਲ ਬਾੜੀ ਸਕੂਲਾਂ 'ਚ ਬੱਚਿਆਂ ਦੀ ਗਿਣਤੀ ਦਾ ਘਟਣਾ ਆਪਣੇ ਆਪ ਵਿੱਚ ਇੱਕ ਸਮੱਸਿਆ ਹੈ। ਸਰਕਾਰ ਨੇ ਬਾਲ ਬਾੜੀ ਸਕੂਲਾਂ 'ਚ ਬੱਚੇ ਘਟਣ ਬਾਰੇ ਕੀ ਯੋਜਨਾ ਬਣਾਈ ਹੈ? ਸੂਬੇ 'ਚ 13 ਫ਼ੀਸਦ ਪ੍ਰਾਇਮਰੀ ਸਕੂਲਾਂ ਵਿਚ ਪੰਜ ਜਮਾਤਾਂ ਨੂੰ ਪੜ੍ਹਾਉਣ ਲਈ ਕੇਵਲ ਇੱਕ ਅਧਿਆਪਕ ਹੈ। ਕੀ ਉਨ੍ਹਾਂ ਸਕੂਲਾਂ ਵਿਚ ਇਹ ਪ੍ਰੀ-ਪ੍ਰਾਇਮਰੀ ਜਮਾਤ ਚੱਲ ਸਕੇਗੀ?

ਕੀ ਅਧਿਆਪਕਾਂ ਤੋਂ ਬਗੈਰ ਸਕੂਲਾਂ ਦਾ ਅਕਾਦਮਿਕ ਮਾਹੌਲ ਵਧੀਆ ਹੋ ਸਕਦਾ ਹੈ? ਸਿੱਖਿਆ ਵਿਭਾਗ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਦਾ ਮੁਕਾਬਲਾ ਪ੍ਰਾਈਵੇਟ ਸਕੂਲਾਂ ਨਾਲ ਹੈ। ਚੰਗੇ ਪ੍ਰਾਈਵੇਟ ਮਾਡਲ ਸਕੂਲਾਂ ਦੀ ਗੱਲ ਤਾਂ ਛੱਡੋ ਸਾਧਾਰਨ ਮਾਡਲ ਸਕੂਲਾਂ 'ਚ ਜਾ ਕੇ ਵੇਖੋ ਕਿ ਉਹ ਪ੍ਰੀ-ਪ੍ਰਾਇਮਰੀ ਜਮਾਤ ਕਿਵੇਂ ਚਲਾਉਂਦੇ ਹਨ। ਸਰਕਾਰੀ ਅਤੇ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਫਰਕ ਇਹ ਹੈ ਕਿ ਪ੍ਰਾਈਵੇਟ ਮਾਡਲ ਸਕੂਲ ਕੁੱਝ ਕਰਨ ਤੋਂ ਪਹਿਲਾਂ ਉਸ ਦੀ ਪੂਰੀ ਵਿਉਂਤਬੰਦੀ ਅਤੇ ਉਸ ਲਈ ਲੋੜੀਂਦੇ ਪ੍ਰਬੰਧ ਕਰਦੇ ਹਨ ਪਰ ਸਿੱਖਿਆ ਵਿਭਗ ਪ੍ਰਬੰਧਾਂ ਤੇ ਵਿਉਂਤਬੰਦੀ ਤੋਂ ਬਿਨਾਂ ਹੀ ਸ਼ੁਰੂ ਕਰ ਦਿੰਦਾ ਹੈ। ਜੇਕਰ ਸਿੱਖਿਆ ਵਿਭਾਗ ਸੱਚਮੁੱਚ ਹੀ ਪ੍ਰੀ-ਪ੍ਰਾਇਮਰੀ ਜਮਾਤ ਨੂੰ ਸਫਲ ਬਣਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਇਨ੍ਹਾਂ ਸਾਰੀਆਂ ਗੱਲਾਂ ਵੱਲ ਬਣਦਾ ਧਿਆਨ ਦੇਣਾ ਪਵੇਗਾ। ਸਿੱਖਿਆ ਵਿਭਾਗ ਵੱਲੋਂ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਦਾਖਲ ਕਰਾਉਣ ਲਈ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ 'ਚ ਕੈਂਪਸ ਮੈਂਨੇਜਰ, ਸੁਰੱਖਿਆ ਗਾਰਡ, ਸਫਾਈ ਕਰਮਚਾਰੀ ਸਮਾਰਟ ਕਲਾਸਰੂਮ, ਹਾਈ ਸਪੀਡ ਇੰਟਰਨੈੱਟ, ਵਿਸ਼ਵ ਪੱਧਰੀ ਸਹੂਲਤਾਂ ਵਾਲੇ ਕਲਾਸਰੂਮ ਆਦਿ ਸਹੂਲਤਾਂ ਦੇ ਕੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ ਪਰ ਸਿੱਖਿਆ ਨਾਲ ਜੁੜੇ ਸਿੱਖਿਆ ਸ਼ਾਸਤਰੀਆਂ ਦਾ ਸਿੱਖਿਆ ਵਿਭਾਗ ਦੀ ਇਸ ਦਲੀਲ ਬਾਰੇ ਇਹ ਕਹਿਣਾ ਹੈ ਕਿ ਸਿੱਖਿਆ ਵਿਭਾਗ ਦਾ ਸਰਕਾਰੀ ਸਕੂਲਾਂ 'ਚ ਇਹ ਸਹੂਲਤਾਂ ਦੇਣਾ ਬਹੁਤ ਚੰਗੀ ਗੱਲ ਹੈ ਪਰ ਸਰਕਾਰੀ ਸਕੂਲਾਂ ਦੀ ਬਦਲੀ ਹੋਈ ਤਸਵੀਰ ਦਾ ਦੂਜਾ ਰੁਖ ਇਹ ਹੈ ਕਿ ਇਹ ਸਹੂਲਤਾਂ ਕੇਵਲ ਚੋਣਵੇਂ ਸਕੂਲਾਂ ਵਿਚ ਹੀ ਹਨ।

ਹੁਣ ਜੇਕਰ ਸਰਕਾਰੀ ਸਕੂਲਾਂ ਦੇ ਅਕਾਦਮਿਕ ਮਾਹੌਲ ਦੀ ਗੱਲ ਕੀਤੀ ਜਾਵੇ ਤਾਂ 500 ਤੋਂ ਉਪਰ ਸੀਨੀਅਰ ਸੈਕੰਡਰੀ ਤੇ ਹਾਈ ਸਕੂਲਾਂ 'ਚ ਪ੍ਰਿੰਸੀਪਲਾਂ ਅਤੇ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਐਮੀਨੈਂਸ ਸਕੂਲ ਖੋਲ੍ਹ ਤਾਂ ਦਿੱਤੇ ਗਏ ਸਨ ਪਰ ਕਈ ਸਕੂਲਾਂ 'ਚ ਮੁੱਖ ਵਿਸ਼ਿਆਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਐਮੀਨੈਂਸ ਸਕੂਲਾਂ ਵਿਚ ਇਸ ਵਿਦਿਅਕ ਵਰ੍ਹੇ ਤੋਂ ਜਮਾਤਾਂ ਦੁੱਗਣੀਆਂ ਹੋ ਜਾਣਗੀਆਂ ਪਰ ਉਨ੍ਹਾਂ ਸਕੂਲਾਂ ਵਿਚ ਲੈਕਚਰਾਰਾਂ ਦੀ ਦੂਜੀ ਅਸਾਮੀ ਨਹੀਂ ਦਿੱਤੀ ਗਈ। ਇਸ ਨਾਲ ਦੂਜੇ ਲੈਕਚਰਾਰਾਂ ਉੱਤੇ ਬੱਚਿਆਂ ਦੀ ਪੜ੍ਹਾਈ ਦਾ ਬੋਝ ਵਧੇਗਾ ਤੇ ਦੂਜੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੋਵੇਗੀ। ਸੂਬੇ ਦੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਸੇਵਾਮੁਕਤ ਅਤੇ ਪਦਉੱਨਤ ਹੋਏ ਅਧਿਆਪਕਾਂ, ਲੈਚਰਾਰਾਰਾਂ ਅਤੇ ਸਕੂਲ ਮੁਖੀਆਂ ਦੀਆਂ ਅਸਾਮੀਆਂ 'ਤੇ ਨਿਯੁਕਤੀਆਂ ਨਹੀਂ ਹੋਈਆਂ। ਕੈਂਪਸ ਮੈਨੇਜਰਾਂ ਅਤੇ ਸਕਿਉਰਿਟੀ ਗਾਰਡ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਚੰਗੇ ਅਕਾਦਮਿਕ ਮਾਹੌਲ ਲਈ ਸਕੂਲਾਂ ਵਿਚ ਅਧਿਆਪਕਾਂ ਦੀ ਲੋੜ ਹੈ। ਸਕੂਲ ਮੁਖੀ ਸਕੂਲ ਗ੍ਰਾਂਟਾਂ ਖਰਚ ਕਰਨ ਵਿੱਚ ਰੁੱਝੇ ਹੋਏ ਹਨ। ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲਏ ਜਾ ਰਹੇ ਹਨ। ਕੀ ਅਜਿਹੇ ਵਾਤਾਵਰਨ 'ਚ ਸਰਕਾਰੀ ਸਕੂਲਾਂ ਦਾ ਅਕਾਦਮਿਕ ਮਾਹੌਲ ਵਧੀਆ ਹੋ ਸਕੇਗਾ? ਬਹੁਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਸਾਇੰਸ ਅਤੇ ਕਾਮਰਸ ਗਰੁੱਪ ਇਸ ਲਈ ਨਹੀਂ ਚੱਲ ਰਹੇ ਕਿਉਂਕਿ ਉਨ੍ਹਾਂ ਸਕੂਲਾਂ ਵਿਚ ਸਾਇੰਸ ਅਤੇ ਕਾਮਰਸ ਵਿਸ਼ਿਆਂ ਦੇ ਪੂਰੇ ਅਧਿਆਪਕ ਨਹੀਂ ਹਨ। ਸੀਨੀਅਰ ਸੈਕੰਡਰੀ ਸਕੂਲਾਂ ਵਿਚ ਬੱਚਿਆਂ ਨੂੰ ਉਹ ਵਿਸ਼ੇ ਪੜ੍ਹਨੇ ਪੈਂਦੇ ਹਨ, ਜਿਹੜੇ ਵਿਸ਼ੇ ਉਹ ਪੜ੍ਹਨਾ ਨਹੀਂ ਚਾਹੁੰਦੇ ਕਿਉਂਕਿ ਜਾਂ ਤਾਂ ਉਨ੍ਹਾਂ ਵਿਸ਼ਿਆਂ ਦੇ ਅਧਿਆਪਕ ਨਹੀਂ ਹੁੰਦੇ ਜਾਂ ਫੇਰ ਉਨ੍ਹਾਂ ਵਿਸ਼ਿਆਂ ਦੀਆਂ ਅਸਾਮੀਆਂ ਖਾਲੀ ਪਈਆਂ ਹੁੰਦੀਆਂ ਹਨ। ਜਿਨ੍ਹਾਂ ਗਰੀਬ ਬੱਚਿਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਨਹੀਂ ਪੜ੍ਹਾ ਸਕਦੇ, ਉਨ੍ਹਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਪੜ੍ਹਾਉਣੇ ਹੀ ਪੈਣਗੇ। ਇਹ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਕਾਰੀ ਸਕੂਲਾਂ ਦਾ ਅਕਾਦਮਿਕ ਮਾਹੌਲ ਚੰਗਾ ਬਣਾਉਣ। ਸਰਕਾਰੀ ਸਕੂਲਾਂ ਦਾ ਅਕਾਦਮਿਕ ਮਾਹੌਲ ਵਧੀਆ ਬਣਾਉਣ ਲਈ ਸਭ ਤੋਂ ਪਹਿਲਾਂ ਤਾਂ ਸਕੂਲਾਂ ਵਿੱਚ ਹਰ ਵਰਗ ਦੀ ਹਰ ਅਸਾਮੀ ਭਰੀ ਜਾਵੇ। ਅਧਿਆਪਕਾਂ ਤੋਂ ਗੈਰ-ਵਿੱਦਿਅਕ ਕੰਮ ਹਰ ਹਾਲਤ ਵਿਚ ਲੈਣੇ ਬੰਦ ਕੀਤੇ ਜਾਣ। ਅਧਿਆਪਕਾਂ ਦੀਆਂ ਭਰਤੀਆਂ ਅਤੇ ਤਰੱਕੀਆਂ ਦੀਆਂ ਸੂਚੀਆਂ ਪਹਿਲਾਂ ਹੀ ਤਿਆਰ ਰੱਖੀਆਂ ਜਾਣ, ਕੋਈ ਵੀ ਅਸਾਮੀ ਖਾਲੀ ਹੋਣ 'ਤੇ ਉਸ ਨੂੰ ਤੁਰੰਤ ਭਰ ਦਿੱਤਾ ਜਾਵੇ ਜਾਂ ਫੇਰ ਪਹਿਲਾਂ ਵਾਂਗ ਆਰਜ਼ੀ ਤੌਰ 'ਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਸ਼ੁਰੂ ਕੀਤੀਆਂ ਜਾਣ। ਪ੍ਰੀਖਿਆਵਾਂ ਦੇ ਦਿਨਾਂ ਵਿਚ ਬੱਚਿਆਂ ਨੂੰ ਪੜ੍ਹਾਈ ਕਰਾਉਣ ਤੋਂ ਇਲਾਵਾ ਹੋਰ ਕੁਝ ਨਾ ਕਰਾਇਆ ਜਾਵੇ। ਜਿਸ ਦਿਨ ਸਰਕਾਰੀ ਸਕੂਲਾਂ ਦਾ ਅਕਾਦਮਿਕ ਮਾਹੌਲ ਵਧੀਆ ਬਣ ਜਾਵੇਗਾ, ਉਸ ਦਿਨ ਤੋਂ ਦਾਖਲੇ ਲਈ ਕੋਈ ਮੁਹਿੰਮ ਨਹੀਂ ਚਲਾਉਣੀ ਪਵੇਗੀ।

# ਖੇਡਾਂ, ਸਿਆਸਤ ਅਤੇ ‘ਗ਼ੈਰਾਂ’ ਦਾ ਖ਼ੌਫ਼

ਲੇਖਕ : ਰੋਹਿਤ ਮਹਾਜਨ



ਜਿਵੇਂ ਹੀ ਚੁਣਾਵੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ, ਕੱਟੜਤਾ ਜਾਂ ਫ਼ਿਰਕਾਪਰਸਤੀ ਸਿਰ ਚੜ੍ਹ ਕੇ ਬੋਲਣ ਲੱਗਦੇ ਹਨ, ਗ਼ੈਰਾਂ ’ਤੇ ਬੇਇਤਬਾਰੀ ’ਚੋਂ ਪੈਦਾ ਹੋਣ ਵਾਲੇ ਵੱਖ-ਵੱਖ ਤਰ੍ਹਾਂ ਦੇ ਡਰਾਂ ਵਿੱਚ ਅਜਿਹਾ ਹੀ ਹੁੰਦਾ ਹੈ। ਅਜਨਬੀਆਂ ਦੇ ਇਸ ਭੈਅ ਨੂੰ ਵਿਕਾਸਵਾਦ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਆਪਣੀ ਕਿਤਾਬ ‘ਸਨੇਕਸ, ਸਨਸੈੱਟ ਐਂਡ ਸ਼ੇਕਸਪੀਅਰ’ ਵਿੱਚ ਵਿਕਾਸਵਾਦੀ ਜੀਵ ਵਿਗਿਆਨੀ ਗੌਰਡਨ ਓਰੀਅਨਜ਼ ਲਿਖਦੇ ਹਨ: “ਪੂਰੇ ਮਾਨਵੀ ਇਤਿਹਾਸ ਵਿੱਚ ਅਸੀਂ ਆਪਣੀ ਨਸਲ ਜਾਂ ਕਬੀਲੇ ਤੋਂ ਬਾਹਰਲੇ ਲੋਕਾਂ ’ਤੇ ਇਤਬਾਰ ਨਹੀਂ ਕੀਤਾ... ਅਸੀਂ ਮੰਨਦੇ ਹਾਂ ਕਿ ਓਪਰਾ ਇਨਸਾਨ ਸਾਡਾ ਨੁਕਸਾਨ ਕਰ ਸਕਦਾ ਹੈ ਕਿਉਂਕਿ ਅਰਬਾਂ ਸਾਲ ਪਹਿਲਾਂ, ਪਰਿਵਾਰਕ ਸਮੂਹ ਤੋਂ ਬਾਹਰਲੇ ਵਣਮਾਨਸ ਸੰਭਾਵੀ ਤੌਰ ’ਤੇ ਹਮਲਾ ਕਰਨ ਵਾਲੀ ਧਿਰ ਹੁੰਦੇ ਸਨ।”

ਹੁਣ ਅਸੀਂ ਪੁਰਾਤਨ ਸਮਿਆਂ ’ਚ ਨਹੀਂ ਰਹਿ ਰਹੇ ਅਤੇ ਸਰਹੱਦ ਪਾਰੋਂ ਜੰਗਾਂ ਤੇ ਹਮਲੇ ਵੀ ਕਾਫ਼ੀ ਘੱਟ ਹੁੰਦੇ ਹਨ; ਹੁਣ ਅਸੀਂ ਜਾਣਦੇ ਹਾਂ ਕਿ ਵਿਦੇਸ਼ੀ ਧਰਤੀਆਂ ’ਤੇ ਬਾਹਰਲੇ ਲੋਕਾਂ ਨਾਲ ਸਾਡਾ ਮੇਲ-ਜੋਲ ਅਕਸਰ ਵਾਹਵਾ ਵਧੀਆ ਹੁੰਦਾ ਹੈ, ਦੋ ਸ਼ਖ਼ਸ ਜਿਹੜੇ ਇੱਕ-ਦੂਜੇ ਲਈ ਬਿਲਕੁਲ ਅਜਨਬੀ ਹੁੰਦੇ ਹਨ, ਅਕਸਰ ਵਧੀਆ ਤੋਂ ਵਧੀਆ ਸਲੂਕ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪੋ-ਆਪਣੀ ਨਸਲ/ਦੇਸ਼ ਦੀ ਨੁਮਾਇੰਦਗੀ ਕਰ ਰਹੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਖ਼ਤਰਾ ਜ਼ਿਆਦਾਤਰ ਘਰਾਂ ’ਚ ਘਾਤ ਲਾ ਕੇ ਬੈਠਾ ਹੁੰਦਾ ਹੈ, ਇਹ ਕਿਸੇ ਦਰਿੰਦੇ ਦੇ ਰੂਪ ਵਿਚ ਹੋ ਸਕਦਾ ਹੈ ਜੋ ਕਿਸੇ ਨਿਆਣੇ ਨੂੰ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾ ਸਕਦਾ ਹੋਵੇ ਜਾਂ ਫਿਰ ਰਿਸ਼ਤੇਦਾਰ ਜੋ ਜਾਇਦਾਦ ਜਾਂ ਹੋਰ ਸੰਪਤੀ ਹਥਿਆਉਣ ਦੀ ਲਾਲਸਾ ਰੱਖਦੇ ਹੋਣ। ਜਦ ਤੁਹਾਨੂੰ ਅੰਦਰੋਂ ਸਲਾਮਤੀ ਦਾ ਅਹਿਸਾਸ ਹੋ ਰਿਹਾ ਹੋਵੇ, ਉਦੋਂ ਅਜਨਬੀ ਸਭ ਤੋਂ ਵੱਡਾ ਖ਼ਤਰਾ ਨਹੀਂ ਹੁੰਦੇ।

ਖੇਡਾਂ ਜੋ ਸਰੀਰਕ ਸਮਰੱਥਾ ਤੇ ਟੀਮ ਭਾਵਨਾ ਦਾ ਜਸ਼ਨ ਹਨ, ਕਿਸੇ ਖਿਡਾਰੀ ਅੰਦਰਲੇ ਨਸਲਵਾਦ ਤੇ ਸਾਹਮਣੇ ਵਾਲੇ (ਬਾਹਰਲੇ) ਦੇ ਭੈਅ ਨੂੰ ਟੁਕੜੇ-ਟੁਕੜੇ ਕਰ ਕੇ ਧੂੜ ਵਿੱਚ ਤਬਦੀਲ ਕਰ ਦਿੰਦੀਆਂ ਹਨ ਪਰ ਆਪਣੀ ਟੀਮ ਲਈ ਕੱਟੜ ਭਾਵਨਾਵਾਂ ਨਾਲ ਭਰੇ ਪ੍ਰਸ਼ੰਸਕ ਅਕਸਰ ਘਿਨਾਉਣੇ ਨਸਲਵਾਦੀਆਂ ਵਿੱਚ ਬਦਲ ਜਾਂਦੇ ਹਨ।

ਲੇਖਕ ਨੇ ਬਰਤਾਨੀਆ ਤੇ ਆਸਟਰੇਲੀਆ ਦੇ ਕ੍ਰਿਕਟ ਮੈਦਾਨਾਂ ਵਿਚ ਮੇਜ਼ਬਾਨ ਟੀਮ ਦੇ ਪ੍ਰਸ਼ੰਸਕਾਂ ਨੂੰ ਭਾਰਤੀ ਤੇ ਪਾਕਿਸਤਾਨੀ ਹਮਾਇਤੀਆਂ ਨੂੰ ਗਾਲਾਂ ਕੱਢਦੇ ‘ਆਪਣੇ ਮੁਲਕ ਵਾਪਸ ਜਾਓ’ ਦੇ ਰਾਗ ਅਲਾਪਦਿਆਂ ਸੁਣਿਆ ਹੈ ਜਾਂ ਰੀਓ ਡੀ ਜਨੇਰੀਓ ਵਿਚ ਬ੍ਰਾਜ਼ੀਲ ਤੇ ਅਰਜਨਟੀਨਾ ਦੇ ਫੁਟਬਾਲ ਪ੍ਰਸ਼ੰਸਕਾਂ ਵਿਚਾਲੇ ਭਿਆਨਕ ਟਕਰਾਓ ਹੁੰਦਾ ਵੀ ਦੇਖਿਆ ਹੈ; ਭਾਰਤੀ ਮੈਦਾਨਾਂ ਵਿਚ ਪ੍ਰਸ਼ੰਸਕਾਂ ਵੱਲੋਂ ਵੈਸਟ ਇੰਡੀਜ਼ ਦੇ ਖਿਡਾਰੀਆਂ ਨੂੰ ‘ਕਾਲੂ’ ਕਹਿੰਦਿਆਂ ਤੇ ਬਰਤਾਨੀਆ ਦੇ ਸਿਆਹਫਾਮ ਖਿਡਾਰੀ ਨੂੰ ਉੱਥੋਂ ਦੇ ਮੈਦਾਨ ਵਿੱਚ ‘ਕਾਲੀਆ’ ਕਹਿੰਦਿਆਂ ਸੁਣਿਆ ਹੈ! ਆਈਪੀਐੱਲ ਦੌਰਾਨ ਵੈਸਟ ਇੰਡੀਜ਼ ਦੇ ਸਾਬਕਾ ਕਪਤਾਨ ਡੈਰੇਨ ਸੈਮੀ ਨੂੰ ਟੀਮ ਦੇ ਸਾਥੀ ਖਿਡਾਰੀ ‘ਕਾਲੂ’ ਕਹਿ ਕੇ ਬੁਲਾਉਂਦੇ ਸਨ ਤੇ ਉਹ ਇਸ ਨੂੰ ਮੋਹ ਭਿੱਜਿਆ ਕੋਈ ਸ਼ਬਦ ਮੰਨਦਾ ਰਿਹਾ।

ਭਾਰਤੀ ਖਿਡਾਰੀ ਹੁਣ ਤੱਕ ਖੇਡ ’ਚ ਰੰਗਭੇਦ ਦੀ ਬਜਾਇ ਨਸਲਵਾਦ ਬਾਰੇ ਹੀ ਜ਼ਿਆਦਾ ਗੱਲ ਕਰਦੇ ਰਹੇ ਹਨ। ਭਾਰਤ ਲਈ ਖੇਡ ਚੁੱਕੇ ਤਾਮਿਲਨਾਡੂ ਦੇ ਕ੍ਰਿਕਟਰ ਅਭਿਨਵ ਮੁਕੁੰਦ ਨੇ ਆਪਣੇ ਕਾਲੇ ਰੰਗ ਕਰ ਕੇ ਸ਼ਰਮ ਮਹਿਸੂਸ ਕਰਨ ਬਾਰੇ ਗੱਲ ਕੀਤੀ ਹੈ, ਉਨ੍ਹਾਂ ਕਿਹਾ: “ਕਈ ਸਾਲਾਂ ਤੱਕ ‘ਬਲੈਕੀ’ ਸੱਦਿਆ ਜਾਣਾ ਆਮ ਜਿਹੀ ਗੱਲ ਰਹੀ।” ਭਾਰਤੀ ਹਾਕੀ ਦੇ ਸੁਪਰਸਟਾਰ ਰਹੇ ਭਾਸਕਰ ਪਿੱਲੈ ਨੇ ਕੁਝ ਸਾਲ ਪਹਿਲਾਂ ਕਿਹਾ ਸੀ: “ਮੈਂ ਸੋਹਣੇ ਸੁਨੱਖੇ ਖਿਡਾਰੀਆਂ ਦੀ ਟੀਮ ਵਿਚ ਸੀ... ਮੈਂ ਦੇਖਿਆ ਕਿ ਮੈਂ ਉਨ੍ਹਾਂ ਵਰਗਾ ਨਹੀਂ ਦਿਸਦਾ, ਮੈਂ ਕਾਲਾ ਸੀ। ਜਦ ਅਸੀਂ ਆਸਟਰੇਲੀਆ ਤੇ ਯੂਰੋਪ ਜਾਂਦੇ, ਮੈਂ ਹੋਰ ਵੀ ਜ਼ਿਆਦਾ ਬੁਰਾ ਮਹਿਸੂਸ ਕਰਦਾ ਕਿਉਂਕਿ ਸਾਰੇ ਬਹੁਤ ਗੋਰੇ ਸਨ। ਲੋਕਾਂ ’ਚ ਵਿਚਰਦਿਆਂ ਤੁਸੀਂ ਹੀਣ ਮਹਿਸੂਸ ਕਰਦੇ ਹੋ... ਹੁਣ ਵੀ ਕਈ ਵੱਡੇ ਸਮਾਗਮਾਂ ਵਿਚ ਲੋਕਾਂ, ਪ੍ਰਬੰਧਕਾਂ ਤੇ ਮੀਡੀਆ ਦਾ ਤੁਹਾਡੇ ਵੱਲ ਰਵੱਈਆ ਵੱਖਰਾ ਹੀ ਹੁੰਦਾ ਹੈ।”

ਧਾਰਮਿਕ ਫ਼ਿਰਕੂਵਾਦ ਵੀ ਨਫ਼ਰਤ ਦਾ ਕਾਰਨ ਬਣਦਾ ਹੈ। ਅਕਤੂਬਰ 2021 ਵਿਚ ਟੀ20 ਵਿਸ਼ਵ ਕੱਪ ਵਿਚ ਪਾਕਿਸਤਾਨ ਹੱਥੋਂ ਭਾਰਤ ਦੀ ਹਾਰ ਮਗਰੋਂ ਮੁਹੰਮਦ ਸ਼ਮੀ ਨੂੰ ਕਾਫ਼ੀ ਪ੍ਰੇਸ਼ਾਨ ਕੀਤਾ ਗਿਆ; ਉਮੀਦ ਮੁਤਾਬਕ ਤਤਕਾਲੀ ਕਪਤਾਨ ਵਿਰਾਟ ਕੋਹਲੀ ਨੇ ਅਪਮਾਨਜਨਕ ਟਿੱਪਣੀਆਂ ਵਾਲਿਆਂ ਨੂੰ ਸਖ਼ਤ ਲਹਿਜ਼ੇ ਵਿੱਚ ‘ਬੁਜ਼ਦਿਲ’ ਕਹਿ ਕੇ ਨਕਾਰਿਆ, ਤੇ ‘ਕਿਸੇ ਨੂੰ ਉਸ ਦੇ ਧਰਮ ਦੇ ਆਧਾਰ ’ਤੇ ਨਿਸ਼ਾਨਾ ਬਣਾਉਣ ਲਈ’ ਉਨ੍ਹਾਂ ਦੀ ਆਲੋਚਨਾ ਕੀਤੀ।

ਭਾਰਤੀ ਸਮਾਜ ਨੂੰ, ਤੇ ਇਸ ਤਰ੍ਹਾਂ ਲੋਕਤੰਤਰ ਨੂੰ ਚਿੰਬੜੀ ਇਕ ਹੋਰ ਬਿਮਾਰੀ ਜਾਤੀਵਾਦ ਖੇਡਾਂ ਲਈ ਵੀ ਮੁਸੀਬਤ ਖੜ੍ਹੀ ਕਰਦੀ ਹੈ। ਕ੍ਰਿਕਟਰ ਸੁਰੇਸ਼ ਰੈਨਾ ਨੇ ਇਕ ਵਾਰ ਕਿਹਾ ਸੀ ਕਿ ਉਸ ਦੀ (ਉੱਚੀ) ਜਾਤੀ ਕਾਰਨ ਉਸ ਲਈ ਚੇਨੱਈ ਦਾ ਸਭਿਆਚਾਰ ਅਪਨਾਉਣਾ ਸੌਖਾ ਰਿਹਾ; 2021 ਵਿਚ ਯੁਵਰਾਜ ਸਿੰਘ ਨੂੰ ਐੱਸਸੀ ਭਾਈਚਾਰੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਕੁਝ ਸਮੇਂ ਲਈ ਗ੍ਰਿਫਤਾਰ ਕੀਤਾ ਗਿਆ ਸੀ। 2022 ਵਿਚ ਭਾਰਤ ਤੇ ਬੰਗਲਾਦੇਸ਼ ਦਰਮਿਆਨ ਟੈਸਟ ਮੈਚ ਦੌਰਾਨ ਇਕ ਭਾਰਤੀ ਖਿਡਾਰੀ ਆਪਣੇ ਸਾਥੀ ਨੂੰ ‘ਛਪਰੀ’ ਕਹਿੰਦਿਆਂ ਸੁਣਿਆ ਗਿਆ ਸੀ। ਇਹ ਅਪਮਾਨਜਨਕ ਸ਼ਬਦ ਪੱਛੜੀ ਜਾਤੀ ਛੱਪਰਬੰਦ ਲਈ ਬੋਲਿਆ ਜਾਂਦਾ ਹੈ।

ਅਜਨਬੀਆਂ ਬਾਰੇ ਅਨੋਖੇਪਣ ਦੀ ਭਾਵਨਾ ਖ਼ਤਮ ਕਰਨ ਨਾਲ ਹੀ ‘ਬਾਹਰਲਿਆਂ ਦਾ ਭੈਅ’ ਖ਼ਤਮ ਹੋ ਸਕੇਗਾ। ਖੇਡਾਂ ਅਤੇ ਖੇਡਣ ਲਈ ਕੀਤਾ ਜਾਣ ਵਾਲਾ ਸਫ਼ਰ ਇਸ ‘ਈਕੋ ਚੈਂਬਰ’ ਤੋਂ ਨਿਜਾਤ ਦਿਵਾ ਸਕਦਾ ਹੈ ਕਿਉਂਕਿ ਇਸ ਕਟਹਿਰੇ (ਚੈਂਬਰ) ਵਿਚ ਬੰਦੇ ਦਾ ਸਾਹਮਣਾ ਸਿਰਫ਼ ਉਨ੍ਹਾਂ ਵਿਚਾਰਾਂ-ਖਿਆਲਾਂ ਨਾਲ ਹੀ ਹੁੰਦਾ ਹੈ ਜੋ ਉਸ ਦੀ ਸੋਚ ਨਾਲ ਮੇਲ ਖਾਂਦੇ ਹਨ। ਖੇਡ ’ਚੋਂ ਮਿਲਦੇ ਇਸ ਮੌਕੇ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ ਕਿਉਂਕਿ ਇਹ ਮਨ ਨੂੰ ਕਈ ਬੰਧਨਾਂ ਤੋਂ ਮੁਕਤ ਕਰ ਸਕਦਾ ਹੈ।

ਪਹਿਲੀ ਵਾਰ ਪਾਕਿਸਤਾਨੀ ਨਾਗਰਿਕਾਂ ਨੂੰ ਮੈਂ ਚੰਡੀਗੜ੍ਹ ਵਿਚ ਮਿਲਿਆ ਸੀ ਜੋ ਅੱਲੜ੍ਹ ਉਮਰ ਦੇ ਟੈਨਿਸ ਖਿਡਾਰੀ ਸਨ ਤੇ ਕਰੀਬ ਤਿੰਨ ਦਹਾਕੇ ਪਹਿਲਾਂ ਇੱਥੇ ਟੂਰਨਾਮੈਂਟ ਖੇਡਣ ਆਏ ਸਨ। ਉਹ ਦੋਸਤਾਨਾ ਤੇ ਖ਼ੁਸ਼ਮਿਜ਼ਾਜ ਸਨ ਅਤੇ ਉਨ੍ਹਾਂ ਨਾਲ ਹਿੰਦੀ ਜਾਂ ਪੰਜਾਬੀ ਵਿਚ ਗੱਲ ਕਰਨੀ ਸੌਖੀ ਸੀ ਪਰ ਵਿਹਾਰਕ ਤੌਰ ’ਤੇ ਦੇਖਿਆ ਜਾਵੇ ਤਾਂ ਭਾਸ਼ਾ ਦੇ ਬੰਧਨ ਕਾਰਨ ਸਾਡੇ ਆਪਣੇ ਖਿਡਾਰੀ ਲਿਏਂਡਰ ਪੇਸ ਨਾਲ ਗੱਲਬਾਤ ਕਰਨੀ ਅਸਲ ਵਿਚ ਓਨੀ ਹੀ ਔਖੀ ਹੈ। ਇਸ ਗੱਲ ਦਾ ਅਹਿਸਾਸ ਬਹੁਤ ਜਲਦ ਹੋ ਗਿਆ ਤੇ ਫਿਰ ਕੋਈ ਅਜਨਬੀ ਜੋ ਦੁਸ਼ਮਣ ਮੁਲਕ ਤੋਂ ਸੀ, ਬਿਲਕੁਲ ਵੀ ਅਜਨਬੀ ਨਹੀਂ ਰਿਹਾ।

ਮੈਲਬਰਨ ਵਿਚ 2015 ’ਚ ਵਿਸ਼ਵ ਕੱਪ ਮੈਚ ਦੌਰਾਨ ਬੰਗਲਾਦੇਸ਼ੀ ਕ੍ਰਿਕਟ ਪ੍ਰਸ਼ੰਸਕਾਂ ਨੇ ਗੱਲਬਾਤ ਦੌਰਾਨ ਇਸ ਲੇਖਕ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੇ ਮੁਲਕ ਦੀ ਜਿੱਤ ਲਈ ਪ੍ਰਾਰਥਨਾ ਕਰਨ; ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਉਹ ਇਕ ਨਾਸਤਿਕ ਨੂੰ ਅਜਿਹਾ ਕਰਨ ਲਈ ਕਹਿ ਰਹੇ ਹਨ ਜਿਸ ਨੇ ਸ਼ਾਇਦ 25 ਸਾਲ ਪਹਿਲਾਂ ਪ੍ਰਾਰਥਨਾ ਕੀਤੀ ਸੀ; ਹਾਲਾਂਕਿ ਉਨ੍ਹਾਂ ਨੂੰ ਇਹ ਤੱਥ ਹਜ਼ਮ ਹੋ ਗਿਆ ਤੇ ਉਨ੍ਹਾਂ ਦਾ ਦੋਸਤਾਨਾ ਰਵੱਈਆ ਨਫ਼ਰਤ ’ਚ ਨਹੀਂ ਬਦਲਿਆ।

ਬਿਲਕੁਲ ਉਲਟ ਸੰਸਾਰਕ ਨਜ਼ਰੀਆ ਰੱਖਣ ਵਾਲੇ ਅਜਨਬੀ ਵੀ ਇਕ-ਦੂਜੇ ਨਾਲ ਚੰਗੀ ਤਰ੍ਹਾਂ ਰਹਿ ਸਕਦੇ ਹਨ।

ਧਰਮ ਅਤੇ ਰਾਸ਼ਟਰਵਾਦ ਨੂੰ ਖੇਡ ਨਾਲ ਜੋੜਨਾ ਖ਼ਤਰਨਾਕ ਮਿਸ਼ਰਣ ਸਾਬਿਤ ਹੋ ਸਕਦਾ ਹੈ ਤੇ ਲੋਕ ਅਕਸਰ ਸਟੇਡੀਅਮ ਅੰਦਰ ਮੁਕਾਬਲੇ ਦਾ ਮਜ਼ਾ ਲੈਣ ਨਹੀਂ ਜਾਂਦੇ ਬਲਕਿ ਕ੍ਰੋਧ ਤੇ ਜ਼ਹਿਰ ਬਾਹਰ ਕੱਢਣ ਜਾਂਦੇ ਹਨ ਜੋ ਕੰਮ, ਪਰਿਵਾਰ ਤੇ ਸਮਾਜ/ਜ਼ਿੰਦਗੀ ਨੇ ਉਨ੍ਹਾਂ ਅੰਦਰ ਘੋਲਿਆ ਹੈ।

ਇਕ ਨੁਮਾਇੰਦਾ ਲੋਕਤੰਤਰ ਵਿਚ ਨੇਤਾ ਸਮਾਜ ਦੀਆਂ ਤਾਕਤਾਂ ਤੇ ਕਮਜ਼ੋਰੀਆਂ ਦਾ ਪ੍ਰਤੀਕ ਹੁੰਦੇ ਹਨ ਪਰ ਕੀ 88 ਪ੍ਰਤੀਸ਼ਤ ਕਰੋੜਪਤੀ ਸੰਸਦ ਮੈਂਬਰ (2019 ਲੋਕ ਸਭਾ) ਅਸਲ ਵਿੱਚ ਸਾਡੇ ਉਸ ਸਮਾਜ ਦੀ ਨੁਮਾਇੰਦਗੀ ਕਰਦੇ ਹਨ ਜਿੱਥੇ 90 ਪ੍ਰਤੀਸ਼ਤ ਆਬਾਦੀ ਸਾਲਾਨਾ 3 ਲੱਖ ਰੁਪਏ ਤੋਂ ਵੀ ਘੱਟ ਕਮਾ ਰਹੀ ਹੈ? ਇਸ ਲੋਕ ਸਭਾ ਵਿਚ 22 ਫੀਸਦ ਮੈਂਬਰ ਗੰਭੀਰ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ; ਜਾਪਦਾ ਹੈ, ਸਿਆਸਤ ਖਾਸ ਸ਼੍ਰੇਣੀ ਦੇ ਵਿਅਕਤੀਆਂ ਨੂੰ ਹੀ ਖਿੱਚਦੀ ਹੈ ਤੇ ਸਨਮਾਨ ਦਿੰਦੀ ਹੈ।

ਜਿਵੇਂ ਖੇਡਾਂ ਵਿਚ ਅਕਸਰ ਹੁੰਦਾ ਹੈ, ਚੋਣਾਂ ਦੌਰਾਨ ਵੀ ਜ਼ਹਿਰੀਲਾਪਣ ਬਾਹਰ ਨਿਕਲਦਾ ਰਹਿੰਦਾ ਹੈ, ਪਾਰਟੀਆਂ ਭੈਅ ਪੈਦਾ ਕਰਦੀਆਂ ਹਨ। ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ ‘ਦੂਸਰੇ’ ਉਨ੍ਹਾਂ ਨੂੰ ਦਬਾ ਲੈਣਗੇ, ਲੁੱਟ-ਖਸੁੱਟ ਕਰਨਗੇ ਜਾਂ ਬੇਦਖ਼ਲ ਕਰ ਕੇ ਭਜਾ ਦੇਣਗੇ।

ਸ਼ੋਰ ਸਾਈਡ ਫਿਸ਼ ਕੈਨਰੀ



ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

ਫੋਨ : 604-594-0616
ਫੈਕਸ : 604 594 0611

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

STUDENTS CAN ALSO APPLY
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

* ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
* ਚੰਗੀ ਤਨਖ਼ਾਹ ਅਤੇ ਘਰ ਵਰਗਾ ਮਾਹੌਲ।
* ਕੰਮ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE : 604-244-1118, FAX : 604-270-3075

# ਪੰਜਾਬ 'ਚ ਖੇਤੀ ਸੁਧਾਰ ਬਾਰੇ ਅਹਿਮ ਨੁਕਤੇ



ਲੇਖਕ : ਡਾ. ਅਮਨਪ੍ਰੀਤ ਸਿੰਘ ਬਰਾੜ,
ਸੰਪਰਕ : 96537-90000

ਜਦੋਂ ਦੇ ਖੇਤੀ ਕਾਨੂੰਨ ਰੱਦ ਹੋਏ ਹਨ, ਉਸ ਵੇਲੇ ਤੋਂ ਸਾਡੇ ਅਰਥ-ਸ਼ਾਸਤਰੀ ਦਬੀ ਆਵਾਜ਼ ਵਿਚ ਚਰਚਾ ਕਰ ਰਹੇ ਹਨ ਕਿ ਖੇਤੀ ਵਿਚ ਸੁਧਾਰ ਜ਼ਰੂਰੀ ਹਨ। ਕੇਂਦਰੀ ਖੇਤੀ ਮੰਤਰੀ ਨੇ ਵੀ ਨਾਗਪੁਰ ਵਿਚ ਕਿਹਾ ਸੀ ਕਿ 'ਭਾਵੇਂ ਅਸੀਂ ਇਕ ਕਦਮ ਪਿੱਛੇ ਹਟੇ ਹਾਂ ਪਰ ਦੋ ਕਦਮ ਅੱਗੇ ਵਧਾਂਗੇ।' ਇਸ ਬਾਰੇ ਕਿਸੇ ਨੇ ਕੋਈ ਪੁਖਤਾ ਗੱਲ ਨਹੀਂ ਕੀਤੀ ਕਿ ਕਿਹੜੇ ਸੁਧਾਰ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਲਿਆਂਦਾ ਕਿਵੇਂ ਜਾਵੇ। ਅਸਲ ਵਿਚ ਸੁਧਾਰਾਂ ਦੀ ਲੋੜ ਤਾਂ ਹੈ ਪਰ ਇਹ ਸੁਧਾਰ ਕਾਰਪੋਰੇਟ ਨੂੰ ਖੇਤੀ ਵਿਚ ਅੱਗੇ ਲਿਆਉਣ ਨਾਲ ਨਹੀਂ ਆਉਣੇ ਬਲਕਿ ਕਿਸਾਨਾਂ ਨੂੰ ਉਤਸ਼ਾਹਿਤ ਕਰ ਕੇ ਅੱਗੇ ਲਿਆਉਣ ਦੀ ਲੋੜ ਹੈ। ਅਸੀਂ ਜਦੋਂ ਸੁਧਾਰਾਂ ਦੀ ਗੱਲ ਕਰਦੇ ਹਾਂ ਤਾਂ ਆਮ ਧਾਰਨਾ ਖੇਤੀ ਪੈਦਾਵਾਰ ਵਧਾਉਣ ਅਤੇ ਇਸ ਨੂੰ ਲਾਹੇਵੰਦ ਬਣਾਉਣ ਦੀ ਹੈ। ਜ਼ਮੀਨ ਅਤੇ ਜਲਵਾਯੂ ਦੇ ਆਧਾਰ ਤੇ ਸਾਡਾ ਦੇਸ਼ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਸ ਕਰ ਕੇ ਹਰ ਖਿੱਤੇ ਵਿਚ ਵੱਖੋ-ਵੱਖਰਾ ਫ਼ਸਲੀ ਚੱਕਰ ਅਪਣਾਇਆ ਜਾਂਦਾ ਹੈ, ਇਸ ਦੀਆਂ ਸਮੱਸਿਆਵਾਂ ਵੀ ਵੱਖ ਵੱਖ ਹਨ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵੱਖ ਵੱਖ ਸੁਧਾਰਾਂ ਦੀ ਲੋੜ ਹੈ।

ਇਸ ਲੇਖ ਵਿਚ ਸਿਰਫ਼ ਪੰਜਾਬ ਦੀ ਹੀ ਗੱਲ ਕੀਤੀ ਜਾਵੇਗੀ ਕਿ ਸੂਬੇ ਦੀ ਖੇਤੀ ਵਿਚ ਕਿਹੜੇ ਸੁਧਾਰਾਂ ਦੀ ਲੋੜ ਹੈ। ਪੰਜਾਬ ਦੀ ਜ਼ਮੀਨ ਉਪਜਾਊ ਹੈ ਤੇ ਤਕਰੀਬਨ 98 ਫ਼ੀਸਦ ਜ਼ਮੀਨ ਵਿਚ ਸਿੰਜਾਈ ਦਾ ਪ੍ਰਬੰਧ ਹੈ। ਸੂਬੇ ਦੇ ਕਿਸਾਨ ਮਿਹਨਤੀ ਹਨ। ਇੱਥੇ ਮੌਸਮ ਮੁਤਾਬਿਕ ਢੁੱਕਵੀਂ ਫ਼ਸਲ ਪੈਦਾ ਕੀਤੀ ਜਾ ਸਕਦੀ ਹੈ। ਖੇਤੀ ਨੂੰ ਹੋਰ ਪ੍ਰਫੁੱਲਤ ਕਰਨ ਅਤੇ ਲਾਹੇਵੰਦ ਬਣਾਉਣ ਲਈ ਕੁਝ ਨੁਕਤੇ ਇਸ ਤਰ੍ਹਾਂ ਹਨ:

### ਪਾਣੀ ਦਾ ਪ੍ਰਬੰਧ:

ਇਸ ਵੇਲੇ ਪੰਜਾਬ ਵਿਚ ਪਾਣੀ ਦੀ ਗੰਭੀਰ ਸਮੱਸਿਆ ਹੈ। ਪਾਣੀ ਦਾ ਸੰਤੁਲਨ ਮਨਫ਼ੀ ਹੋਣ ਕਰ ਕੇ ਧਰਤੀ ਹੇਠਲਾ ਪਾਣੀ ਨੀਵਾਂ ਹੋ ਰਿਹਾ ਹੈ। ਫ਼ਸਲ ਪਾਲਣ ਲਈ ਖ਼ਰਚਾ ਵਧ ਰਿਹਾ ਹੈ। ਅੰਕੜਿਆਂ ਅਨੁਸਾਰ 1970-71 ਵਿਚ ਸੂਬੇ ਦਾ 71 ਫ਼ੀਸਦੀ ਰਕਬਾ ਸਿੰਜਾਈ ਹੇਠ ਸੀ, ਇਸ ਵਿਚੋਂ 80 ਫ਼ੀਸਦੀ ਤੋਂ ਵੱਧ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ। ਬਾਕੀ ਰਕਬਾ ਇੱਕ ਲੱਖ 92 ਹਜ਼ਾਰ ਟਿਊਬਵੈੱਲਾਂ ਨਾਲ ਸਿੰਜਿਆ ਜਾਂਦਾ ਸੀ। ਅੱਜ ਪੰਜਾਬ ਦੇ 98 ਫ਼ੀਸਦੀ ਰਕਬੇ ਵਿਚ ਸਿੰਜਾਈ ਹੁੰਦੀ ਹੈ। ਇਸ ਵਿਚੋਂ ਸਿਰਫ਼ 26 ਫ਼ੀਸਦੀ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਇਸ ਦੇ ਸੁਧਾਰ ਲਈ ਸਭ ਤੋਂ ਪਹਿਲਾਂ ਨਵੇਂ ਸਿਰੇ ਤੋਂ ਦਰਿਆਈ ਪਾਣੀ ਦੀ ਜਮ੍ਹਾਂਬੰਦੀ (ਅਸੈੱਸਮੈਂਟ) ਕਰਨੀ ਚਾਹੀਦੀ ਹੈ। ਆਮ ਧਾਰਨਾ ਹੈ ਕਿ ਮੌਸਮੀ ਤਬਦੀਲੀ ਕਾਰਨ ਦਰਿਆਵਾਂ ਵਿਚ ਪਾਣੀ ਘਟ ਗਿਆ ਹੈ। ਇਸ ਵੇਲੇ ਇਹ ਅੰਦਾਜ਼ਾ ਲਾਉਣਾ ਵੀ ਜ਼ਰੂਰੀ ਹੈ ਕਿ ਦਰਿਆਵਾਂ ਵਿਚ ਕਿੰਨਾ ਪਾਣੀ ਹੈ, ਪੰਜਾਬ ਦੇ ਹਿੱਸੇ ਕਿੰਨਾ ਪਾਣੀ ਆ ਰਿਹਾ ਹੈ, ਧਰਤੀ ਹੇਠਲਾ ਪਾਣੀ ਸਾਂਭਣ ਲਈ ਕੀ ਕੁਝ ਕਰਨਾ ਚਾਹੀਦਾ ਹੈ ਅਤੇ ਸਾਲ ਦੇ ਹਿਸਾਬ ਨਾਲ ਕੁੱਲ ਕਿੰਨਾ ਪਾਣੀ ਵਰਤਣਯੋਗ ਹੈ।

ਦਰਿਆਈ ਪਾਣੀ ਦੀ ਖੇਤੀ ਲਈ ਵਰਤੋਂ ਨੂੰ ਮੁਲਕ ਦੇ ਹਿੱਤ ਵਿਚ ਇਸ ਢੰਗ ਨਾਲ ਵਰਤਿਆ ਜਾਵੇ ਕਿ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾਵੇ, ਨਾ ਕਿ ਉਸ ਨੂੰ 650 ਕਿਲੋਮੀਟਰ ਖੁੱਲ੍ਹੀਆਂ ਨਹਿਰਾਂ ਵਿਚ ਲਿਜਾ ਕੇ ਵਾਸ਼ਪੀਕਰਨ ਕਰਾਇਆ ਜਾਵੇ, ਜਾਂ ਸੀਪੇਜ ਕਰ ਕੇ ਸੇਮ ਵਰਗੀਆਂ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾਣ। ਪੀਣ ਵਾਲਾ ਸਾਫ਼ ਪਾਣੀ ਹਰ ਜਗ੍ਹਾ ਪਹੁੰਚਾਇਆ ਜਾਵੇ ਪਰ ਖੇਤੀ ਲਈ ਪਾਣੀ ਦੀ ਵਰਤੋਂ ਪ੍ਰਤੀ ਯੂਨਿਟ ਪੈਦਾਵਾਰ ਦੇ ਹਿਸਾਬ ਨਾਲ ਕੀਤੀ ਜਾਵੇ। ਫ਼ਸਲੀ ਚੱਕਰ ਉਪਲਬਧ ਪਾਣੀ ਦੇ ਹਿਸਾਬ ਨਾਲ ਅਪਣਾਇਆ ਜਾਵੇ। ਝੋਨੇ ਅਤੇ ਗੰਨੇ ਵਰਗੀਆਂ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਤੋਂ ਕਿਨਾਰਾ ਕੀਤਾ ਜਾਵੇ।

ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਡੈਮਾਂ ਤੋਂ ਹੇਠਾਂ ਵੱਲ ਜਿੰਨੇ ਵੀ ਨਾਲੇ ਵਗਦੇ ਹਨ, ਸਭ ਵਿਚ ਭਰਪਾਈ ਖੂਹ (ਰੀਚਾਰਜਿੰਗ ਵੈੱਲ) ਬਣਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਜਿੰਨੇ ਮੋਘੇ ਹਨ, ਉਨ੍ਹਾਂ ਕੋਲ ਵੀ ਭਰਪਾਈ ਖੂਹ ਬਣਾਏ ਜਾਣ ਤਾਂ ਕਿ ਜਦੋਂ ਕਦੇ ਮੀਂਹ ਜ਼ਿਆਦਾ ਪੈਣ, ਨਹਿਰੀ ਪਾਣੀ ਭਰਪਾਈ ਲਈ ਵਰਤਿਆ ਜਾਵੇ।

### ਫ਼ਸਲੀ ਵੰਨ-ਸਵੰਨਤਾ:

ਪੰਜਾਬ ਵਿਚ ਫ਼ਸਲੀ ਵੰਨ-ਸਵੰਨਤਾ ਦੀ ਸਭ ਤੋਂ ਵੱਧ ਲੋੜ ਹੈ। ਦਾਲਾਂ, ਤੇਲ ਬੀਜ, ਮੱਕੀ ਆਦਿ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਵੱਧ ਝਾੜ ਅਤੇ ਇੱਕ ਸਾਰ ਪੱਕਣ ਵਾਲੀਆਂ ਫ਼ਸਲਾਂ ਖੋਜੀਆਂ ਜਾਣ। ਇਨ੍ਹਾਂ ਦਾ ਭਾਅ ਵਧਾਇਆ ਜਾਵੇ। ਜਿਹੜੀਆਂ ਫ਼ਸਲਾਂ ਦੀ ਸਰਕਾਰੀ ਖ਼ਰੀਦ ਨਹੀਂ, ਉਨ੍ਹਾਂ ਦੀ ਵੀ ਘੱਟੋ-ਘੱਟ ਕੀਮਤ ਕਿਸਾਨ ਨੂੰ ਮਿਲੇ।

ਨੀਤੀ ਆਯੋਗ ਨੇ ਰਿਪੋਰਟ ਤਿਆਰ ਕੀਤੀ ਹੈ ਕਿ ਮੁਲਕ ਵਿਚ ਐਥਨੋਲ ਦੀ ਪੈਦਾਵਾਰ ਵਧਾਈ ਜਾਵੇ, ਇਸ ਨਾਲ ਮੁਲਕ ਨੂੰ ਚਾਰ ਬਿਲੀਅਨ ਡਾਲਰ ਦਾ ਹਰ ਸਾਲ ਫ਼ਾਇਦਾ ਹੋਵੇਗਾ। ਐਥਨੋਲ ਬਣਾਉਣ ਲਈ ਗੰਨੇ ਨਾਲੋਂ ਮੱਕੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਝੋਨੇ ਹੇਠੋਂ ਕੁਝ ਰਕਬਾ ਨਰਮੇ ਹੇਠ ਵਧਾਇਆ ਜਾ ਸਕਦਾ ਹੈ। ਇਸ ਵਿਚ ਚੁਗਾਈ ਲਈ ਮਜ਼ਦੂਰਾਂ ਦਾ ਖ਼ਰਚਾ ਕਾਫ਼ੀ ਪੈਂਦਾ ਹੈ ਕਿਉਂਕਿ ਪ੍ਰਚੱਲਿਤ ਕਿਸਮਾਂ ਇੱਕਸਾਰ ਨਹੀਂ ਖਿੜਦੀਆਂ, ਇਸ ਲਈ ਮਸ਼ੀਨੀ ਚੁਗਾਈ ਹੋ ਨਹੀਂ ਸਕਦੀ। ਇਸੇ ਤਰ੍ਹਾਂ ਨਰਮੇ ਲਈ ਵੀ ਹੋਰ ਖੋਜ ਦੀ ਲੋੜ ਹੈ। ਹਾੜ੍ਹੀ ਦੀ ਫ਼ਸਲ ਵਿਚ ਵੀ ਕੁਝ ਰਕਬਾ ਕਣਕ ਹੇਠੋਂ ਕੱਢ ਕੇ ਤੇਲ ਬੀਜਾਂ ਹੇਠ ਲਿਆਂਦਾ ਜਾ ਸਕਦਾ ਹੈ। ਉਸ ਵਿਚ ਵੀ ਫ਼ਸਲਾਂ ਨੂੰ ਮਸ਼ੀਨੀ ਕਟਾਈ ਦੇ ਅਨੁਕੂਲ ਕਰਨ ਦੀ ਲੋੜ ਹੈ। ਅਸਲ ਵਿਚ ਫ਼ਸਲੀ ਵੰਨ-ਸਵੰਨਤਾ ਦਾ ਆਧਾਰ ਕੌਮੀ ਅਤੇ ਕੌਮਾਂਤਰੀ ਮੰਡੀ ਵਿਚ ਮੰਗ ਹੋਣੀ ਚਾਹੀਦੀ ਹੈ।

### ਪ੍ਰਾਸੈਸਿੰਗ:

ਸੂਬੇ ਵਿਚ ਹੁਣ ਪ੍ਰਾਸੈਸਿੰਗ ਦੇ ਨਾਮ ਤੇ ਗਿਣਤੀ ਦੇ ਯੂਨਿਟ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਛੋਟੇ ਛੋਟੇ ਪ੍ਰਾਸੈਸਿੰਗ ਯੂਨਿਟ ਲਾਏ ਜਾਣ। ਇਸ ਲਈ ਯੂਨੀਵਰਸਿਟੀਆਂ ਦੇ ਫੂਡ ਪ੍ਰਾਸੈਸਿੰਗ ਵਿਭਾਗਾਂ ਅਤੇ ਸਰਕਾਰ ਨੂੰ ਰਲ ਕੇ ਨੌਜਵਾਨ ਪੀੜ੍ਹੀ ਨੂੰ ਇੱਧਰ ਜੋੜਨਾ ਚਾਹੀਦਾ ਹੈ।

### ਸਟੋਰ:

ਸਰਕਾਰ ਆਪਣੇ ਸਟੋਰ ਕਿਰਾਏ ਤੇ ਕਾਰਪੋਰੇਟਾਂ ਨੂੰ ਦੇਣ ਦੀ ਬਜਾਇ ਪਿੰਡਾਂ ਵਿਚ ਕੋਆਪਰੇਟਿਵ ਸੁਸਾਇਟੀਆਂ ਨੂੰ ਦੇਵੇ। ਸੁਸਾਇਟੀਆਂ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਅਤੇ ਪਿੰਡਾਂ ਦੇ ਲੋਕਾਂ ਨਾਲ ਰਲ ਕੇ ਛੋਟੇ ਸਟੋਰ ਬਣਾਉਣ ਜੋ ਸਥਾਨਕ ਪੱਧਰ ਤੇ ਅਨਾਜ ਭੰਡਾਰ ਕਰ ਸਕਣ। ਅਨਾਜ ਜ਼ਰੂਰਤ ਮੁਤਾਬਕ ਹੀ ਭੰਡਾਰ ਕੀਤਾ ਜਾਵੇ। ਨਵੀਂ ਫ਼ਸਲ ਦੇ ਅੰਦਾਜ਼ੇ ਮਗਰੋਂ ਪੁਰਾਣੀ ਨੂੰ ਮੁਲਕ ਜਾਂ ਕੌਮਾਂਤਰੀ ਬਾਜ਼ਾਰ ਵਿਚ ਵੇਚ ਦਿੱਤਾ ਜਾਵੇ। ਉਦਾਹਰਨ ਦੇ ਤੌਰ ਤੇ ਜਿਹੜੇ ਇਲਾਕੇ ਵਿਚ ਸਬਜ਼ੀਆਂ ਜ਼ਿਆਦਾ ਹੁੰਦੀਆਂ ਹਨ, ਉੱਥੇ ਕੋਲਡ ਸਟੋਰ ਬਣਵਾਏ ਜਾਣ ਤਾਂ ਜੋ ਤਿਆਰ ਸਬਜ਼ੀਆਂ ਭੰਡਾਰ ਕੀਤੀਆਂ ਜਾ ਸਕਣ। ਇਸ ਨਾਲ ਕੀਮਤਾਂ ਵਿਚ ਵੱਡੇ ਫ਼ਰਕ ਨਹੀਂ ਆਉਣਗੇ।

### ਮਾਰਕੀਟਿੰਗ:

ਪੰਜਾਬ ਰਵਾਇਤੀ ਫ਼ਸਲਾਂ ਦੇ ਮੰਡੀਕਰਨ ਵਿਚ ਬਾਕੀ ਸੂਬਿਆਂ ਨਾਲੋਂ ਬਹੁਤ ਅੱਗੇ ਹੈ ਪਰ ਖੇਤੀ ਉਪਜ ਦੀਆਂ ਬਾਕੀ ਫ਼ਸਲਾਂ ਜਿਨ੍ਹਾਂ ਦੀ ਸਰਕਾਰੀ ਖ਼ਰੀਦ ਨਹੀਂ, ਉਨ੍ਹਾਂ ਦੀਆਂ ਕੀਮਤਾਂ ਸਥਿਰ ਕਰਨ ਅਤੇ ਕਿਸਾਨ ਨੂੰ ਲਾਭਕਾਰੀ ਮੁੱਲ ਦਿਵਾਉਣ ਵਿਚ ਕਾਫ਼ੀ ਪਿੱਛੇ ਹੈ। ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਮਾਰਕੀਟਿੰਗ ਸੈੱਲ ਦੇ ਕੰਮ ਦੀ ਦਰੁਸਤੀ ਹੋਣੀ ਚਾਹੀਦੀ ਹੈ। ਇਸ ਨੂੰ ਐਗਰੀ-ਮਾਰਕੀਟਿੰਗ ਰਿਸਰਚ ਸੈੱਲ ਬਣਾਉਣਾ ਚਾਹੀਦਾ ਹੈ ਤੇ ਇਹ ਅੱਜ ਦੇ ਮੰਡੀਆਂ ਦੇ ਭਾਅ ਦੱਸਣ ਦੀ ਬਜਾਇ ਇਹ ਪਤਾ ਕਰ ਕੇ ਦੱਸੇ ਕਿ ਕਿੱਥੇ ਕਿੰਨੇ ਤੇ ਕਿਹੜੇ ਅਨਾਜ, ਫਲ, ਸਬਜ਼ੀ ਜਾਂ ਹੋਰ ਉਪਜ ਦੀ ਜ਼ਰੂਰਤ ਹੈ, ਕੌਮਾਂਤਰੀ ਬਾਜ਼ਾਰ ਵਿਚ ਉਸ ਦਾ ਭਾਅ ਕੀ ਹੈ। ਇਸ ਵਿਚ ਸਾਰੇ ਤਰ੍ਹਾਂ ਦੇ ਮਾਹਿਰ ਹੋਣ- ਖੇਤੀ ਵਿਗਿਆਨੀ, ਅਰਥ-ਸ਼ਾਸਤਰੀ, ਵਪਾਰ ਮੈਨੇਜਮੈਂਟ ਵਾਲੇ ਜੋ ਇਹ ਦੱਸਣ ਕਿ ਸਾਡੇ ਸੂਬੇ ਵਿਚ ਉਹ ਚੀਜ਼ ਜ਼ਮੀਨ ਤੇ ਵਾਤਾਵਰਨ ਦੇ ਹਿਸਾਬ ਨਾਲ ਪੈਦਾ ਕੀਤੀ ਜਾ ਸਕਦੀ ਹੈ ਜਾਂ ਨਹੀਂ। ਜੇ ਉਹ ਕੀਤੀ ਜਾ ਸਕਦੀ ਹੈ ਤੇ ਕਿਸਾਨ ਨੂੰ ਮੁਨਾਫ਼ਾ ਦੇਵੇਗੀ ਤਾਂ ਉਸ ਦਾ ਰਕਬਾ ਤੈਅ ਕਰ ਕੇ ਕਿਸਾਨਾਂ ਤੋਂ ਬਿਜਾਈ ਕਰਵਾਈ ਜਾਵੇ। ਇਸ ਵਿਚ ਸਰਕਾਰ ਨੂੰ ਇਹ ਗਾਰੰਟੀ ਦੇਣੀ ਪਵੇਗੀ ਕਿ ਇਹ ਤੈਅ ਕੀਮਤ ਤੇ ਹੀ ਖ਼ਰੀਦੀ ਜਾਵੇਗੀ। ਇਸ ਲਈ 'ਐਗਰੀ ਰਿਸਕ ਕਾਰਪਸ' ਨਾਂ ਦਾ ਫੰਡ ਬਣਾਉਣਾ ਚਾਹੀਦਾ ਹੈ। ਇਸ ਵਿਚ ਮੰਡੀ ਫ਼ੀਸ ਵਾਂਗ ਵਿਕਰੀ ਦੀ ਕੁਝ ਫ਼ੀਸਦੀ ਪੈਣੀ ਚਾਹੀਦੀ ਹੈ ਤਾਂ ਜੋ ਲੋੜ ਪੈਣ ਤੇ ਵਰਤੀ ਜਾ ਸਕੇ।

# ਰੋਬੋਟਿਕ ਤਕਨੀਕ ਨਾਲ ਬਣੇ ਰੋਬੋਟ ਪਾਲਤੂ ਜਾਨਵਰ

ਲੇਖਕ : ਅਪਰਾਜਿਤਾ

ਪਿਛਲੀ ਸਦੀ ਦੇ 90 ਦੇ ਦਹਾਕੇ 'ਚ ਪਹਿਲੀ ਵਾਰ ਰੋਬੋਟਿਕ ਤਕਨੀਕ ਨੇ ਪਾਲਤੂ ਜਾਨਵਰਾਂ ਨੂੰ ਬਣਾਉਣਾ ਸ਼ੁਰੂ ਕੀਤਾ ਸੀ। ਪਰ ਇਹ ਪ੍ਰਯੋਗਿਕ ਰੋਬੋਟਿਕ ਕੁੱਤੇ-ਬਿੱਲੀਆਂ ਸਨ। ਪਰ ਪੌਣੀ ਸਦੀ ਬੀਤ ਜਾਣ ਬਾਅਦ ਹੁਣ ਜਦੋਂ ਕਿ ਰੋਬੋਟਿਕ ਤਕਨੀਕ ਬਹੁਤ ਉੱਨਤ ਹੋ ਚੁੱਕੀ ਹੈ, ਤਾਂ ਹੁਣ ਇਹ ਰੋਬੋਟਿਕ ਪਾਲਤੂ ਜਾਨਵਰ ਮੌਜੂਦਾ ਸਮੇਂ ਅਸਲੀ ਪਾਲਤੂ ਜਾਨਵਰਾਂ ਦੀ ਘਾਟ ਪੂਰੀ ਕਰਨ ਲੱਗੇ ਹਨ। 1990 ਦੇ ਦਹਾਕੇ ਦੇ ਅਖੀਰ ਵਿਚ ਜੋ ਰੋਬੋਟਿਕ ਪਾਲਤੂ ਜਾਨਵਰ ਸਨ, ਉਹ ਕਿਤੇ-ਕਿਤੇ ਖਿਡੌਣੇ ਦਾ ਅਹਿਸਾਸ ਕਰਾਉਂਦੇ ਸਨ ਪਰ ਅੱਜ ਦੇ ਰੋਬੋਟਿਕ ਕੁੱਤੇ ਅਤੇ ਬਿੱਲੀਆਂ ਏਨੇ ਅਸਲੀ ਲਗਦੇ ਹਨ ਕਿ ਲੋਕ ਇਨ੍ਹਾਂ ਦੇ ਨਾਲ ਆਪਣੀਆਂ ਭਾਵਨਾਵਾਂ ਇੰਜ ਸਾਂਝੀਆਂ ਕਰਦੇ ਹਨ ਜਿਵੇਂ ਜੀਵਤ ਪਾਲਤੂ ਜਾਨਵਰਾਂ ਦੇ ਨਾਲ ਸਾਂਝੀਆਂ ਕਰਦੇ ਸਨ। ਜਾਪਾਨ ਵਿਚ 3 ਲੱਖ ਤੋਂ ਜ਼ਿਆਦਾ ਲੋਕਾਂ ਨੇ ਸੱਚਮੁੱਚ ਹੀ ਪਾਲਤੂ ਜਾਨਵਰਾਂ ਦੀ ਥਾਂ ਇਨ੍ਹਾਂ ਰੋਬੋਟਿਸ ਪਾਲਤੂ ਜਾਨਵਰਾਂ ਨੂੰ ਅਪਣਾ ਲਿਆ ਹੈ।

ਇਹ ਸੋਚਣ ਵਿਚ ਸਾਨੂੰ ਕਈ ਵਾਰ ਹਾਸੋਹੀਣੀ ਗੱਲ ਲੱਗ ਸਕਦੀ ਹੈ ਕਿ ਜੀਵਤ ਪਾਲਤੂ ਜਾਨਵਰਾਂ ਨੂੰ ਇਨ੍ਹਾਂ ਰੋਬੋਟਿਕ ਪਾਲਤੂ ਜਾਨਵਰਾਂ ਦਾ ਹੋਣਾ ਬੁਰਾ ਲੱਗ ਸਕਦਾ ਹੈ ਪਰ ਅਜਿਹਾ ਹੈ। ਮਜ਼ਾਕ ਨਹੀਂ ਸੱਚਮੁੱਚ ਹੀ ਅਜਿਹਾ ਹੈ। ਜਾਪਾਨ ਵਿਚ ਪਸ਼ੂ ਪ੍ਰੇਮੀਆਂ ਨੇ ਹੀ ਨਹੀਂ, ਕਈ ਮਾਹਰਾਂ ਨੇ ਵੀ ਮਹਿਸੂਸ ਕੀਤਾ ਹੈ ਕਿ ਜਿਨ੍ਹਾਂ ਘਰਾਂ ਵਿਚ ਇਕ ਰੋਬੋਟਿਕ ਕੁੱਤਾ ਅਤੇ ਇਕ ਹੱਡ-ਮਾਸ ਦਾ ਜਿਊਂਦਾ ਕੁੱਤਾ ਹੈ, ਉਹ ਜੀਵਤ ਕੁੱਤਾ ਇਸ ਰੋਬੋਟਿਕ ਕੁੱਤੇ ਦੀ ਵਜ੍ਹਾ ਕਰਕੇ ਨਾ ਸਿਰਫ਼ ਤਣਾਅ ਵਿਚ ਰਹਿੰਦਾ ਹੈ, ਬਲਕਿ ਹਰ ਸਮੇਂ ਸਭ 'ਤੇ ਖ਼ਫ਼ਾ ਵੀ ਰਹਿੰਦਾ ਹੈ। ਇਸ ਲਈ ਜਾਪਾਨ ਵਿਚ ਕੁਝ ਪਸ਼ੂ ਪ੍ਰੇਮੀ ਸੰਗਠਨ ਮੁਹਿੰਮ ਚਲਾ ਰਹੇ ਹਨ ਕਿ ਦੁਨੀਆ ਲਈ ਕਿਰਪਾ ਕਰਕੇ ਰੋਬੋਟਿਕ ਪਾਲਤੂ ਜਾਨਵਰ ਨਾ ਪਾਲੋ। ਇਸ ਨਾਲ ਪਾਲਤੂ ਜਾਨਵਰਾਂ ਦੇ ਜੀਵਨ ਵਿਚ ਬਹੁਤ ਸਾਰੇ ਭਾਵਨਾਤਮਿਕ ਤਣਾਅ ਪੈਦਾ ਹੋ ਰਹੇ ਹਨ।



ਵੈਸੇ ਇਹ ਇਕ ਕਿਸਮ ਨਾਲ ਪਾਲਤੂ ਜਾਨਵਰਾਂ ਦੇ ਨਾਲ ਨੈਤਿਕ ਵਿਸ਼ਵਾਸਘਾਤ ਵੀ ਹੈ। ਪਰ ਜਦੋਂ ਕੋਈ ਚੀਜ਼ ਬਾਜ਼ਾਰ ਵਿਚ ਆ ਜਾਂਦੀ ਹੈ ਤਾਂ ਨੈਤਿਕ ਵਿਸ਼ਵਾਸਘਾਤਾਂ ਜਾਂ ਦੂਸਰੇ ਕਿਸਮ ਦੇ ਨੈਤਿਕ ਰੁਕਾਵਟਾਂ ਦਾ ਹਵਾਲਾ ਦੇ ਕੇ ਉਨ੍ਹਾਂ ਦੀ ਮੌਜੂਦਗੀ ਨੂੰ ਖਤਮ ਕਰਨਾ ਸੰਭਵ ਨਹੀਂ ਹੁੰਦਾ। ਅੱਜ ਦੀ ਤਾਰੀਕ ਵਿਚ ਰੋਬੋਟਿਕ ਪਾਲਤੂ ਜਾਨਵਰਾਂ ਦੇ ਸੰਬੰਧ 'ਚ ਇਹੀ ਹੋ ਰਿਹਾ ਹੈ। ਅੱਜ ਰੋਬੋਟਿਕ ਪਾਲਤੂ ਜਾਨਵਰ ਖ਼ਰੀਦਣਾ ਜਾਪਾਨ ਵਿਚ ਜਿਊਂਦੇ ਪਾਲਤੂ ਖ਼ਰੀਦਣ ਨਾਲੋਂ ਬਹੁਤ ਜ਼ਿਆਦਾ ਮਹਿੰਗਾ ਹੈ। ਇਕ ਹੱਡ-ਮਾਸ ਦਾ ਜੀਵਤ ਪਾਲਤੂ ਜਾਨਵਰ ਖ਼ਰੀਦਣਾ ਵੀ ਬਹੁਤ ਮਹਿੰਗਾ ਹੈ, ਪਰ ਫਿਰ ਉਨ੍ਹਾਂ ਨੂੰ ਪਾਲਣ ਦੀ ਲਗਾਤਾਰ ਇਕ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ।

ਇਸ ਵਜ੍ਹਾ ਕਰਕੇ ਜਾਪਾਨ ਦੇ ਲੋਕ ਇਨ੍ਹੀਂ ਦਿਨੀਂ ਹੱਡ-ਮਾਸ ਦੇ ਪਾਲਤੂ ਜਾਨਵਰਾਂ ਦੀ ਜਗ੍ਹਾ ਬਨਾਉਟੀ ਭਾਵ ਰੋਬੋਟਿਕ ਪਾਲਤੂ ਜਾਨਵਰਾਂ ਨੂੰ ਖ਼ਰੀਦਣ ਲਈ ਤਰਜੀਹ ਦੇ ਰਹੇ ਹਨ। ਇਸ ਦਾ ਨਤੀਜਾ ਇਹ ਹੈ ਕਿ ਪਾਲਤੂ ਜਾਨਵਰਾਂ ਵਿਚ ਅਸੁਰੱਖਿਆ ਅਤੇ ਤਣਾਅ ਸਾਹਮਣੇ ਆ ਰਿਹਾ ਹੈ। ਹਾਲਾਂਕਿ ਦੁਨੀਆ 'ਚ ਕਰੀਬ 46 ਕਿਸਮ ਦੇ ਜਾਨਵਰਾਂ ਨੂੰ ਲੋਕ ਪਾਲਤੂ ਜਾਨਵਰਾਂ ਦੀ ਤਰ੍ਹਾਂ ਪਾਲਦੇ ਹਨ ਪਰ ਸਹੀ ਮਾਅਨਿਆਂ ਵਿਚ ਪਾਲਤੂ ਜਾਨਵਰਾਂ ਦੇ ਰੂਪ ਵਿਚ ਇਨਸਾਨ ਨਾਲ ਜੋ ਸਭ ਤੋਂ ਜ਼ਿਆਦਾ ਘੁਲੇ-ਮਿਲੇ ਹਨ, ਉਹ ਕੁੱਤਾ ਤੇ ਬਿੱਲੀ ਹੀ ਹਨ। ਇਹ ਦੋਵੇਂ ਹੀ ਇਨ੍ਹੀਂ ਦਿਨੀਂ ਸਪੱਸ਼ਟ ਰੂਪ 'ਚ ਆਪਣੇ ਰੋਬੋਟਿਕ ਭਾਈ-ਬੰਧੂਆਂ ਕਾਰਨ ਕਾਫ਼ੀ ਜ਼ਿਆਦਾ ਤਣਾਅ ਵਿਚ ਰਹਿੰਦੇ ਹਨ। ਉਂਜ ਇਹ ਇਤਿਹਾਸ ਦਾ ਪਹਿਲਾ ਦੌਰ ਨਹੀਂ ਹੈ, ਜਦੋਂ ਇਨਸਾਨ ਆਪਣੀ ਜ਼ਰੂਰਤ ਲਈ ਕਿਸੇ ਪਾਲਤੂ ਜਾਨਵਰ ਨੂੰ ਛੱਡ ਕੇ ਤਕਨੀਕ ਦੇ ਪੱਖ 'ਚ ਖੜ੍ਹਾ ਹੋਇਆ ਹੋਵੇ। 1900 ਤੱਕ ਦੁਨੀਆ 'ਚ ਸਭ ਤੋਂ ਜ਼ਿਆਦਾ ਪਾਲਿਆ ਜਾਣ ਵਾਲਾ ਪਸ਼ੂ ਘੋੜਾ ਸੀ, ਕਿਉਂਕਿ ਉਦੋਂ ਘੋੜੇ ਦੀ ਬਹੁਤ ਲੋੜ ਹੁੰਦੀ ਸੀ। ਦੁਨੀਆ ਦੀ 70 ਫ਼ੀਸਦੀ ਤੋਂ ਜ਼ਿਆਦਾ ਆਵਾਜਾਈ ਘੋੜੇ 'ਤੇ ਨਿਰਭਰ ਹੁੰਦੀ ਸੀ ਅਤੇ ਯੁੱਧ ਦੇ ਸਮੇਂ ਇਹ ਸਭ ਤੋਂ ਤਾਕਤਵਰ ਭਾਈਵਾਲ ਸੀ। ਪਰ ਜਿਵੇਂ ਹੀ ਆਟੋਮੋਬਾਈਲ ਤਕਨਾਲੋਜੀ ਪੈਦਾ ਹੋਈ, ਘੋੜਿਆਂ ਦੀ ਕੀਮਤ ਘੱਟ ਹੋਣ ਲੱਗੀ। ਅੱਜ ਦੁਨੀਆ ਵਿਚ ਘੋੜੇ ਪਾਲਤੂ ਜਾਨਵਰਾਂ ਦੀ ਸੂਚੀ ਵਿਚ ਬਹੁਤ ਪਿੱਛੇ ਰਹਿ ਗਏ ਹਨ। ਕੀ ਛੇਤੀ ਹੀ ਇਹ ਦਿਨ ਕੁੱਤੇ ਅਤੇ ਬਿੱਲੀਆਂ ਵੀ ਦੇਖਣਗੇ?

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਕੁੱਟ ਖਾਣੀ ਜੰਨ



ਨੱਕੋ ਨੱਕ ਭਰੀ ਸੱਥ 'ਚ ਤਾਸ਼ ਖੇਡੀ ਜਾਂਦੇ ਦੇਵ ਪਟਵਾਰੀ ਦੇ ਮੁੰਡੇ ਗੋਰਖੇ ਨੂੰ ਅਰਜਨ ਬੁੜ੍ਹੇ ਕਾ ਭੀਚਾ ਸੱਥ ਕੋਲ ਟਰੈਕਟਰ ਰੋਕ ਕੇ ਕਹਿੰਦਾ, "ਓਏ ਆ ਚੱਲੀਏ ਗੋਰਖਿਆ ਜੰਡ ਸਾਹਬ ਟੂਰਨਾਮੈਂਟ 'ਤੇ ਓਏ। ਆ ਜਾ ਕੌਡੀ ਵੇਖ ਕੇ ਆਈਏ। ਆ ਜਾ ਉਠ ਪਾ ਛੱਡ ਪਰ੍ਹਾਂ ਤਾਸ਼ ਨੂੰ, ਅੱਜ ਕਲੱਬ ਦੇ ਮੈਚ ਹੋਣੇ ਐਂ, ਫੇਰ ਨਿੱਤ ਤਾਸ਼ ਖੇਡਣ 'ਤੇ ਈ ਐਂ। ਆ ਜਾ ਟਰੈਗਟ ਦਾ ਤੇਲ ਮੱਚਦੈ।"

ਸੀਤਾ ਮਰਾਸੀ ਭੀਚੇ ਨੂੰ ਟਿੱਚਰ 'ਚ ਕਹਿੰਦਾ, "ਮੈਂ ਤਾਂ ਸੁਣਿਆ ਸੀ ਕਹਿੰਦੇ ਅਰਜਨ ਬੁੜ੍ਹੇ ਕਿਆਂ ਨੇ ਜਿਹੜਾ ਟਰੈਗਟ ਲਿਆਂਦਾ ਅੱਧੇ ਪਾਣੀ 'ਤੇ ਅੱਧੇ ਤੇਲ 'ਤੇ ਚੱਲਦਾ। ਅਕੇ ਜਦੋਂ ਤਾਂ ਵਾਹ-ਵਹਾਈ ਦਾ ਜਾਂ ਟਰੈਲੀ ਦਾ ਕੰਮ ਕਰਦਾ ਉਦੋਂ ਤਾਂ ਤੇਲ ਮੱਚਦਾ, ਜਦੋਂ ਖੜ੍ਹਾ ਚੱਲੀ ਜਾਂਦਾ ਹੁੰਦਾ ਜਿਮੇਂ ਹੁਣ ਚੱਲਦਾ ਉਦੋਂ ਅਕੇ ਪਾਣੀ 'ਤੇ ਚੱਲਦਾ। ਤੂੰ ਗੱਪੀਆ ਕਹਿਨੈ ਤੇਲ ਮੱਚਦਾ। ਐਡੇ-ਐਡੇ ਗਪੌੜ ਸਿਉਂ।"

ਗੋਰਖਾ ਭੀਚੇ ਨੂੰ ਕਹਿੰਦਾ, "ਆਹ ਤਾਇਆ ਸੀਤਾ ਕੀ ਕਹਿੰਦਾ ਓਏ, ਇਹਨੂੰ ਜਵਾਬ ਦੇ ਪਹਿਲਾਂ। ਨਾਲੇ ਤੂੰ ਵੇਖ ਆ ਕੌਡੀ ਜਾ ਕੇ। ਮੈਥੋਂ ਨ੍ਹੀ ਜਾਈਦਾ। ਆਪਾਂ ਤਾਂ ਤਾਸ਼ ਦੇ ਮੈਚ ਈ ਵੇਹਨੇਂ ਆਂ ਅੱਜ। ਜਾਹ ਜਾਇਆ ਗਿਣਿਆਂ ਕੌਡੀ ਆਲਿਆਂ ਦੇ ਪੈਂਹਟ। ਵੱਡਾ ਆਇਆ ਇਹੇ ਕੋਚਵਾਨ। ਤੂੜੀ ਦੀ ਪੰਡ ਤਾਂ ਰੋਕੀ ਨ੍ਹੀ ਗਈ ਘਰੋਂ ਜਾਂਦੀ, ਕੌਡੀ ਵੇਖ ਲੂ ਇਹੇ ਭੰਗਚਿੜੀ ਆਲਾ ਨਧਾਨਾ।"

ਨਾਥਾ ਅਮਲੀ ਗੋਰਖੇ ਦੀ ਗੱਲ ਸੁਣ ਕੇ ਗੋਰਖੇ ਨੂੰ ਕਹਿੰਦਾ, "ਆਹ ਹੁਣੇ ਤਾਂ ਤੂੰ ਕਹਿੰਦਾ ਸੀ ਓਏ ਮੈਂ ਜੰਡ ਸਾਹਬ ਟੂਰਨਾਮੈਂਟ 'ਤੇ ਕੌਡੀ ਵੇਖਣ ਜਾਣੀ ਐਂ ਕੋਈ ਸਵਾਰੀ ਨ੍ਹੀ ਥਿਆਉਂਦੀ ਜਾਣ ਨੂੰ। ਹੁਣ ਜੇ ਸਵਾਰੀ ਮਿਲੀ ਐ ਤਾਂ ਲੱਤ ਚੱਕ ਕੇ ਮੂਤ ਗਿਐਂ। ਜਾਹ ਹੁਣ, ਤਾਸ਼ ਤਾਂ ਕੱਲ੍ਹ ਨੂੰ ਵੀ ਖੇਡ ਲੇਂ ਗਾ।"

ਤੂੜੀ ਵਾਲੀ ਪੰਡ ਦੀ ਗੱਲ ਸੁਣ ਕੇ ਬਾਬਾ ਜੈਮਲ ਸਿਉਂ ਮੁਸ਼ਕਣੀਆਂ ਹੱਸ ਕੇ ਗੋਰਖੇ ਨੂੰ ਕਹਿੰਦਾ, "ਓਏ ਆਹ ਤੂੜੀ ਦੀ ਪੰਡ ਜਾਂਦੀ ਆਲੀ ਕੀ ਗੱਲ ਐ ਗੋਰਖ ਨਾਥਾ?"

ਤੂੜੀ ਵਾਲੀ ਪੰਡ ਦੀ ਕਹਾਣੀ ਬਾਰੇ ਭਾਵੇਂ ਬਾਬੇ ਨੂੰ ਪਤਾ ਸੀ ਪਰ ਬਾਬਾ ਗੱਲ ਦੀ ਫੇਰ ਤੋਂ ਉਧੇੜ ਬੁਣਨ ਸੁਣਨੀ ਚਾਹੁੰਦਾ ਸੀ।

ਗੋਰਖਾ ਕਹਿੰਦਾ, "ਤੂੜੀ ਦੀ ਪੰਡ ਦੀ ਕੀ ਗੱਲ ਹੋਣੀ ਸੀ ਬਾਬਾ। ਕਈ ਦਿਨਾਂ ਦੀ ਗੱਲ ਐ। ਇਨ੍ਹਾਂ ਦਾ ਭੀਚੇ ਕਾ ਕਿਤੇ ਸਾਰਾ ਟੱਬਰ ਘਰੇ ਵੇਹੜੇ 'ਚ ਬੈਠਾ ਸੀ। ਆਹ ਟੱਪਰੀਵਾਸ ਜਾ ਇੱਕ ਗੱਡੀਆਂ ਆਲਾ ਘਰੇ ਆਇਆ, ਆ ਕੇ ਤੂੜੀ ਆਲੀ ਸਬ੍ਹਾਤ 'ਚ ਵੜ ਕੇ ਤੂੜੀ ਦੀ ਨਿੱਗਰ ਜੀ ਪੰਡ ਲੈ ਕੇ ਤੁਰਦਾ ਲੱਗਿਆ। ਨਾ ਤਾਂ ਗੱਡੀਆਂ ਆਲਾ ਕੁਸ ਬੋਲਿਆ, ਨਾ ਈ ਕੋਈ ਟੱਬਰ ਦਾ ਜੀਅ ਕੁਸਕਿਆ। ਉਹ ਤੂੜੀ ਦੀ ਪੰਡ ਲੈ ਕੇ ਜਦੋਂ ਟੱਬਰ ਦੇ ਜੀਆਂ ਮੂਹਰਦੀ ਨੰਘਿਆ ਤਾਂ ਜੀਉ ਜੀਅ ਤੂੜੀ ਵਾਲੀ ਪੰਡ ਵੱਲ ਚੁੱਪ ਕਰੇ ਇਉਂ ਵੇਖਣ ਜਿਮੇਂ ਭੁੱਖੇ ਕਤੂਰਿਆਂ ਮੂਹਰਦੀ ਕੋਈ ਰੋਟੀਆਂ ਦੀ ਟੋਕਰੀ ਲੈ ਕੇ ਨੰਘੇ ਤੋਂ ਕਤੂਰੇ ਵੇਂਹਦੇ ਹੋਣ ਬਈ ਇਹ ਰੋਟੀਆਂ ਕਿੱਧਰ ਲਈ ਜਾਂਦੈ। ਜਦੋਂ ਗੱਡੀਆਂ ਆਲਾ ਤੂੜੀ ਦੀ ਪੰਡ ਲੈ ਕੇ ਘਰੋਂ ਨਿੱਕਲ ਗਿਆ ਤਾਂ ਮਗਰੋਂ ਟੱਬਰ ਦੇ ਸਾਰੇ ਜੀਅ ਆਪਸ ਵਿੱਚ ਇਉਂ ਚੁੰਝੋ ਚੁੰਝੀ ਹੋ ਪੇ ਜਿਮੇਂ ਖਿੱਲਾਂ ਆਲੇ ਫਲਾਲੇ ਪਿੱਛੇ ਬਾਂਦਰ ਝੀਟ-ਮਚੀਟੇ ਹੋ ਗੇ ਹੋਣ। ਬੁੜ੍ਹੀ ਬੁੜ੍ਹੇ ਨੂੰ ਕਹੀ ਜਾਵੇ 'ਐਮੇਂ ਤੁਰੇ ਜਾਂਦੇ ਨੇ ਮੂੰਹ ਹਲਾ 'ਤਾ ਹੋਣਾ ਇਹਨੇ, ਨਹੀਂ ਕਿਸੇ ਦੀ ਕੀ ਸੱਤਿਆ ਬਈ ਘਰੋਂ ਤੂੜੀ ਦੀ ਪੰਡ ਲੈ ਜੇ'। ਬੁੜ੍ਹਾ ਬੁੜ੍ਹੀ ਨੂੰ ਕਹੀ ਜਾਵੇ 'ਇਹਨੇ ਸੁਥਰੀ ਜੀ ਨੇ ਬੱਠਲ ਬਾਲਟੀ ਦੇ ਥੱਲਾ ਥੁੱਲਾ ਲਵਾਉਣ ਦੀ ਗੱਲ ਕਰੀ ਹੋਣੀ ਐਂ। ਤੂੜੀ ਦੀ ਪੰਡ ਇਹ ਪਹਿਲਾਂ ਲੈ ਗਿਆ, ਜਦੋਂ ਨੂੰ ਥੱਲਾ ਲਾਉਣ ਹੋਇਆ ਉਦੋਂ ਨੂੰ ਇਹ ਅਗਲੇ ਪੜਾਅ ਉਠ ਜਾਣਗੇ'। ਭੀਚਾ ਆਵਦੇ ਵੱਡੇ ਭਰਾ ਗੰਡੇ ਨੂੰ ਕਹੀ ਜਾਵੇ 'ਇਹਨੇ ਟੱਕੂਆ ਟੁਕੂਆ ਬਣਾਉਣ ਨੂੰ ਕਿਹਾ ਹੋਣੈ'। ਗੰਡਾ ਭੀਚੇ ਦਾ ਨਾਂ ਲਈ ਜਾਵੇ ਬਈ ਇਹਨੇ ਗੰਧਾਲੀ ਬਣਾਉਣੀ ਹੋਣੀ ਐ।"

ਗੱਲ ਵਿੱਚੋਂ ਟੋਕ ਕੇ ਨਾਥਾ ਅਮਲੀ ਹੱਸ ਕੇ ਟਿੱਚਰ 'ਚ ਕਹਿੰਦਾ, "ਗੱਲਾਂ-ਗੱਲਾਂ 'ਚ ਈ ਟੱਬਰ ਨੇ ਸਾਰੇ ਸੰਦ ਬਣਾ ਲੇ ਫਿਰ ਤਾਂ ਹੈਂਅ?"




ਚੱਲਦੀ ਗੱਲ ਦੇ ਵਿੱਚ ਬੋਲੇ ਨਾਥੇ ਅਮਲੀ ਨੂੰ ਬਾਬਾ ਜੈਂਮਲ ਸਿਉਂ ਕਹਿੰਦਾ, "ਚੁੱਪ ਵੀ ਕਰ ਯਾਰ, ਗੱਲ ਗਾਹਾਂ ਤਾਂ ਹੋਣ ਦੇ। ਹਾਂ ਬਈ ਗੋਰਖ ਨਾਥਾ! ਗਾਹਾਂ ਦੱਸ ਕਿਮੇਂ ਹੋਈ ਫਿਰ?"

ਗੋਰਖਾ ਫੇਰ ਉਧੜ ਪਿਆ ਜਿਮੇਂ ਨੜੇ ਤੋਂ ਗਲੋਟਾ ਉਧੜਦਾ ਹੁੰਦਾ। ਕਹਿੰਦਾ, "ਸਾਰਾ ਟੱਬਰ ਇੱਕ ਦੂਜੇ ਦਾ ਈ ਨਾਂ ਲਈ ਜਾਵੇ। ਏਨੇ ਚਿਰ ਨੂੰ ਗੱਡੀਆਂ ਆਲੇ ਦੀ ਘਰਆਲੀ ਆ ਗੀ। ਇੱਕ ਪੰਡ ਉਹ ਲੈ ਗੀ। ਜਦੋਂ ਗੱਡੀਆਂ ਆਲੀ ਤੂੜੀ ਦੀ ਪੰਡ ਲਈ ਜਾਂਦੀ ਸੀ ਤਾਂ ਸਾਰਾ ਟੱਬਰ ਉਹਦੇ ਵੱਲ ਇਉਂ ਵੇਖੀ ਜਾਵੇ ਜਿਮੇਂ ਬਾਂਦਰੀ ਕਤੂਰੇ ਤੋਂ ਰੋਟੀ ਦੀ ਬੁਰਕੀ ਖੋਹ ਕੇ ਕਿੱਕਰ 'ਤੇ ਚੜ੍ਹ ਗੀ ਨੂੰ ਕਤੂਰਾ ਵੇਂਹਦਾ ਹੁੰਦਾ। ਆਹ ਗੱਲ ਐ ਬਾਬਾ ਤੂੜੀ ਦੀ ਪੰਡ ਦੀ। ਹੋਰ ਕਿਤੇ ਇਹ ਤੂੜੀ ਦੀ ਪੰਡ ਤਾਂ ਨ੍ਹੀ ਖਾ ਗਿਆ ਟੱਬਰ।"

ਮਾਹਲਾ ਨੰਬਰਦਾਰ ਕਹਿੰਦਾ, "ਓਦੂੰ ਮਗਰੋਂ ਗੱਡੀਆਂ ਆਲਿਆਂ ਦਾ ਜੁਆਕ ਲੈ ਗਿਆ ਇੱਕ ਪੰਡ। ਪੰਡ-ਪੰਡ ਨਾਲ ਗੱਡੀਆਂ ਆਲਿਆਂ ਨੇ ਆਥਣ ਨੂੰ ਸਬ੍ਹਾਤ ਭਾਂਅ-ਭਾਂਅ ਕਰਨ ਲਾ 'ਤੀ।"

ਬਾਬਾ ਜੈਂਮਲ ਸਿਉਂ ਕਹਿੰਦਾ, "ਫੇਰ ਦਾ ਗੱਡੀਆਂ ਆਲਿਆਂ ਦੇ ਜਿੰਨੇ ਜੀਅ ਸੀ ਸਾਰੇ ਈ ਪੰਡ-ਪੰਡ ਲੈ ਗੇ ਹੈਂਅ। ਅਰਜਨ ਕਿਆਂ ਤੋਂ ਫੜ੍ਹਕੇ ਕੱਟੇ ਨਾ ਗਏ ਗੱਡੀਆਂ ਆਲੇ ਜਦੋਂ ਤੂੜੀ ਢੋਂਹਦੇ ਸੀ?"

ਨਾਥਾ ਅਮਲੀ ਕਹਿੰਦਾ, "ਆਪਣੇ ਪਿੰਡ ਆਲੇ ਜਾਂਨੀਆਂ ਆਲੀ ਕਰਦੇ। ਅੰਦਰ ਲੈਂਦੇ ਤਾੜ, ਕੁੱਟ ਕੁੱਟਕੇ ਘੀਸ ਵਲ਼ ਦਿੰਦੇ ਕੱਢ, ਫੇਰ ਪਤਾ ਲੱਗਦਾ ਬਈ ਤੂੜੀ ਕਿਮੇਂ ਲਜਾਈਦੀ ਹੁੰਦੀ ਐ ਕਿਸੇ ਦੇ ਘਰੋਂ।" ਬਾਬੇ ਨੇ ਅਮਲੀ ਨੂੰ ਪੁੱਛਿਆ, "ਆਪਣੇ ਪਿੰਡ ਆਲੇ ਕਿਹੜੇ ਜਾਨੀਆਂ ਆਂਗੂੰ ਅਮਲੀਆ ਓਏ?"

ਅਮਲੀ ਕਹਿੰਦਾ, "ਜਿਹੜੇ ਆਪਣੇ ਪਿੰਡ ਦੇ ਗੜ੍ਹਦੀਆਲੇ ਜੰਨ ਗਏ ਸੀ।"

ਮਾਹਲਾ ਨੰਬਰਦਾਰ ਕਹਿੰਦਾ, "ਪੂਰੀ ਗੱਲ ਦੱਸ ਕੀਹਦੀ ਗੱਲ ਕਰਦੈਂ?"

ਅਮਲੀ ਕਹਿੰਦਾ, "ਮੇਰਾ ਦਾਦਾ ਦੱਸਦਾ ਹੁੰਦਾ ਸੀ। ਅਕੇ ਕੇਰਾਂ ਆਪਣੇ ਪਿੰਡ ਆਲੇ ਓਧਰਲੇ ਗੁਆੜ ਆਲੇ ਮਕੰਦੇ ਕੇ ਛਨੱਤਰ ਦੇ ਮੁੰਡੇ ਦੀ ਗੜ੍ਹਦੀਆਲੇ ਜੰਨ ਉਠ ਗੇ। ਉਦੋਂ ਜੰਨਾਂ ਵੀ ਦੋ-ਦੋ, ਤਿੰਨ-ਤਿੰਨ ਦਿਨ ਰਹਿੰਦੀਆਂ ਹੁੰਦੀਆਂ ਸੀ।"

ਅਮਲੀ ਦੀ ਗੱਲ ਵਿੱਚੋਂ ਟੋਕ ਕੇ ਬਾਬਾ ਜੈਂਮਲ ਸਿਉਂ ਹੱਸ ਕੇ ਬੋਲਿਆ, "ਮਕੰਦੇ ਕੀ ਜੰਨ ਤਾਂ ਕਹਿੰਦੇ ਨੌਂ ਦਸ ਦਿਨ ਰਹੀ ਸੀ ਹੈਂਅ?"

ਨਾਥਾ ਅਮਲੀ ਕਹਿੰਦਾ, "ਉਹੀ ਗੱਲ ਦੱਸਦਾਂ ਬਾਬਾ ਮੈਂ। ਜੰਨ ਭਾਈ ਪਹੁੰਚ ਗੀ। ਆਥਣੇ ਜੇ ਜੰਨ ਪਹੁੰਚੀ। ਛਨੱਤਰ ਦਾ ਮੁੰਡਾ ਤੜਕੇ ਤਿੰਨ ਚਾਰ ਵਜੇ ਲੈ ਕੇ ਲਾਮਾਂ ਘਰਦੇ ਘਰਦੇ ਸਾਰੇ ਬਾਕੀ ਦੀ ਦੂਜੀ ਜੰਨ ਨੂੰ ਬਿਨਾਂ ਦੱਸੇ ਪਿੰਡ ਆ ਗੇ। ਅਕੇ ਛਨੱਤਰ ਕੇ ਉਦੋਂ ਪਿੰਡੋਂ ਬਾਹਰ-ਬਾਹਰ ਰਹਿੰਦੇ ਸੀ ਫਿਰਨੀ 'ਤੇ। ਪਿੰਡ 'ਚ ਬਹੁਤਾ ਪਤਾ ਨਾ ਲੱਗਿਆ ਬਈ ਮੁੰਡਾ ਬਹੂ ਵਿਆਹ ਲਿਆਇਆ। ਸਭ ਨੂੰ ਇਉਂ ਸੀ ਬਈ ਜੰਨ ਪੰਜ ਦਿਨ ਰਹੂਗੀ। ਪਿੰਡ ਆਲੇ ਦਿਨੇ ਘਰੇ ਕੰਮ ਕਰਿਆ ਕਰਨ, ਆਥਣੇ ਜੇ ਜੰਨੀ ਬਣ ਕੇ ਕੁੜੀ ਆਲਿਆਂ ਦੇ ਪਿੰਡ ਜਾ ਵੜਿਆ ਕਰਨ। ਅਗਲੇ ਦਿਨ ਪਿੰਡ 'ਚੋਂ ਹੋਰ ਪਹੁੰਚ ਜਿਆ ਕਰਨ। ਗੜ੍ਹਦੀਆਲਾ ਆਪਣੇ ਪਿੰਡੋਂ ਛੀ ਸੱਤ ਕੁ ਕੋਹ ਐ। ਪਿੰਡ ਆਲੇ ਆਥਣੇ ਜੇ ਜਾ ਵੜਿਆ ਕਰਨ, ਚੰਗਾ ਲੰਗਰ ਪਾਣੀ ਛਕਿਆ ਕਰਨ, ਦਾਰੂ ਛਿੱਕਾ ਪੀ ਕੇ ਰਾਤ ਕੱਟ ਕੇ ਤੜਕੇ ਨੂੰ ਫੇਰ ਪਿੰਡ ਆ ਜਿਆ ਕਰਨ। ਕੁੜੀ ਆਲਿਆਂ ਨੇ ਵੇਖਿਆ ਬਈ ਕੁੜੀ ਤਾਂ ਵਿਆਹ ਕੇ ਤੋਰ 'ਤੀ ਐ, ਇਹ ਜਾਨੀ ਹਜੇ ਵੀ ਆਈ ਜਾਂਦੇ ਐ। ਚਾਰ ਦਿਨ ਕੰਮ ਚੱਲਿਆ ਬਾਬਾ ਇਹੇ। ਕੁੜੀ ਆਲਿਆਂ ਨੇ ਕੀ ਕੀਤਾ ਨਾਹ, ਮੇਜਰ ਬਿੰਬਰ ਕੇ ਦੀਪੇ ਅਰਗੇ ਤਿੰਨ ਚਾਰ ਜਣੇ ਜਦੋਂ ਗਏ ਬਈ ਅਸੀਂ ਤਾਂ ਜਾਨੀ ਆਂ, ਉਨ੍ਹਾਂ ਨੇ ਅੰਦਰ ਲਏ ਤਾੜ, ਕੁੱਟ ਕੁੱਟ ਕੇ ਘੀਸ ਵਲ਼ ਕੱਢ 'ਤੇ। ਅਗਲੇ ਦਿਨ ਤੜਕੇ ਛੱਡੇ। ਜਦੋਂ ਪਿੰਡ ਆਏ ਤਾਂ ਆ ਕੇ ਕਹਿੰਦੇ 'ਬਈ ਸੇਵਾ ਬਹੁਤ ਕਰਦੇ ਐ। ਨਰੰਜਨ ਕੇ ਪੱਪੀ ਤੇ ਹਰੀ ਕੂਕੇ ਕੇ ਜੱਗੀ ਨੂੰ ਕਹਿੰਦੇ 'ਆਥਣੇ ਜੇ ਜਾਇਉ ਓਏ, ਤੜਕੇ ਨੂੰ ਆਜਿਉ'। ਜਦੋਂ ਪੱਪੀ ਅਰਗੇ ਗਏ ਤਾਂ ਉਨ੍ਹਾਂ ਨੇ ਜਾਂਦੇ ਈ ਅੰਦਰ ਲਏ ਤਾੜ, ਮਾਰ ਮਾਰ ਘਸੁੰਨ ਦੋਹਾਂ ਦੇ ਮੂੰਹ ਘਮਾ 'ਤੇ। ਤੜਕੇ ਆ ਕੇ ਉਨ੍ਹਾਂ ਨੇ ਚਾਰ ਪੰਜ ਜਣੇ ਹੋਰ ਭੇਜ 'ਤੇ। ਅਗਲਿਆਂ ਨੇ ਉਹ ਵੀ ਜਾਂਦੇ ਈ ਲੰਡੇ ਬੋਕ ਆਂਗੂੰ ਮਸਲਤੇ। ਕੁੜੀ ਆਲੇ ਕਹਿੰਦੇ 'ਵਿਆਹ ਹੋਏ ਨੂੰ ਤਾਂ ਪੰਜ ਦਿਨ ਹੋ ਗੇ ਓਏ, ਹੁਣ ਤੁਸੀਂ ਕਿੱਧਰਲੇ ਜਾਨੀ ਆ ਗੇ ਓਏ। ਇਉਂ ਕਰਕੇ ਬਾਬਾ ਆਪਣਾ ਤਾਂ ਅੱਧਾ ਪਿੰਡ ਕੁੱਟਿਆ ਗਿਆ। ਆਹ ਮਗਰਲੇ ਦਿਨਾਂ 'ਚ ਤਾਂ ਨੱਥੂ ਮਝੈਲ ਕੇ ਛਿੰਦੇ ਅਰਗੇ ਤਿੰਨ ਚਾਰ ਜਣਿਆਂ ਨੂੰ ਤਾਂ ਘੁੱਲੇ ਸਰਪੈਂਚ ਅਰਗੇ ਛਡਾਕੇ ਲਿਆਏ ਐ। ਕੁੜੀ ਆਲਿਆਂ ਤੂੜੀ ਆਲੀ ਸਬ੍ਹਾਤ 'ਚ ਤਾੜੀ ਬੈਠੇ ਸੀ ਅਗਲੇ।"

ਬਾਬਾ ਜੈਂਮਲ ਸਿਉਂ ਕਹਿੰਦਾ, "ਆਉਂਦੇ ਐਤਵਾਰ ਨੂੰ ਆਪਣੇ ਗੁਆੜ ਆਲੇ ਹਰਨਾਮੇ ਬੁੜ੍ਹੇ ਦੇ ਮੁੰਡੇ ਦਾ ਵੀ ਵਿਆਹ ਆ ਗਿਆ। ਹੁਣ ਫੇਰ ਹੋ ਜੋ ਜੰਨ ਨੂੰ ਤਿਆਰ।"

ਨਾਥਾ ਅਮਲੀ ਕਹਿੰਦਾ, "ਹਰਨਾਮੇ ਬੁੜ੍ਹੇ ਦੇ ਮੁੰਡੇ ਪਿੰਡ 'ਚ ਜੰਨ ਨੂੰ ਕਹਿੰਦੇ ਫਿਰਦੇ ਐ। ਜਦੋਂ ਮੁੰਡੇ ਕਿਸੇ ਦੇ ਘਰੇ ਜੰਨ ਨੂੰ ਕਹਿਣ ਜਾਂਦੇ ਐ ਤਾਂ ਹਰਨਾਮੇ ਕਿਆਂ ਨੂੰ ਵੇਖ ਕੇ ਇਉਂ ਲੁਕ ਜਾਂਦੇ ਐ ਜਿਮੇਂ ਸੂਰ ਨੂੰ ਵੇਖ ਕੇ ਕਤੂਰਾ ਮੱਕੀ ਦੇ ਮੁਹਾਰੇ 'ਚ ਲੁੱਕਦਾ ਹੁੰਦਾ।"

ਗੱਲਾਂ ਕਰੀ ਜਾਂਦਿਆਂ ਤੋਂ ਜਦੋਂ ਹਰਨਾਮੇਂ ਬੁੜ੍ਹਾ ਤੇ ਉਹਦਾ ਮੁੰਡਾ ਸੱਥ ਵੱਲ ਨੂੰ ਤੁਰੇ ਆਉਂਦੇ ਦਿਸੇ ਤਾਂ ਸੀਤਾ ਮਰਾਸੀ ਉਨ੍ਹਾਂ ਨੂੰ ਦੂਰੋਂ ਹੀ ਵੇਖ ਕੇ ਕਹਿੰਦਾ, "ਹੋਅ ਆਉਂਦੇ ਫਿਰ ਬੁੜ੍ਹਾ ਤੇ ਮੁੰਡਾ ਸੱਥ ਆਲਿਆਂ ਨੂੰ ਜੰਨ ਨੂੰ ਕਹਿਣ। ਹੋ ਜੋ ਮੁੰਡਿਉ ਕੁੱਟ ਖਾਣ ਨੂੰ ਤਿਆਰ। ਇਨ੍ਹਾਂ ਦੀ ਜੰਨ ਵੀ ਗੜ੍ਹਦੀਆਲੇ ਦੇ ਨਾਲ ਦੇ ਪਿੰਡ ਜਾਣੀ ਐ।"

ਨਾਥਾ ਅਮਲੀ ਕਹਿੰਦਾ, "ਏਧਰਲੇ ਤਾਂ ਭਾਈ ਕੁੱਟਣ ਲੱਗ ਪੇ। ਏਧਰ ਨੂੰ ਤਾਂ ਨ੍ਹੀ ਕਿਸੇ ਨੇ ਜੰਨ ਨੂੰ ਮੂੰਹ ਕਰਨਾ। ਜੇ ਕਿਸੇ ਹੋਰ ਪਾਸੇ ਜੰਨ ਜਾਣੀ ਹੋਈ ਤਾਂ ਔਖੇ ਸੌਖੇ ਟੈਮ ਕੱਢਣਾ ਈਂ ਪਊ।

ਹਰਨਾਮੇ ਤੇ ਮੁੰਡੇ ਦੇ ਸੱਥ 'ਚ ਪਹੁੰਚਣ ਤੋਂ ਪਹਿਲਾਂ ਹੀ ਸੱਥ ਉਠਕੇ ਆਪੋ ਆਪਣੇ ਘਰਾਂ ਨੂੰ ਚੱਲ ਪਈ ਬਈ ਕਿਤੇ ਹਰਨਾਮੇਂ ਬੁੜ੍ਹੇ ਕੇ ਜੰਨ ਜਾਣ ਨੂੰ ਨਾ ਕਹਿਣ ਦੇਣ। ਉਨ੍ਹਾਂ ਦੇ ਸੱਥ 'ਚ ਪਹੁੰਚਣ ਤੋਂ ਪਹਿਲਾਂ ਹੀ ਸੱਥ ਖਾਲੀ ਹੋ ਗਈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਦੇਸੀ ਤੜਕਾ

## ਇੰਝ ਬਣਾਓ ਹੈਲਦੀ ਅਤੇ ਕ੍ਰੰਚੀ ਆਲੂ ਬਰੋਕਲੀ ਸਲਾਦ



### ਸਮੱਗਰੀ

- 1/2 ਕਟੋਰੀ ਬਲਾਂਚਡ ਬ੍ਰੋਕਲੀ
- 1/4 ਬਾਊਲ ਉਬਲੇ ਆਲੂ
- 2 ਚਮਚ ਰੋਸਟੇਡ ਮੂੰਗਫਲੀ
- 2 ਚਮਚ ਚੀਜ਼
- 1/4 ਚਮਚ ਕਾਲੀ ਮਿਰਚ
- 1 ਚਮਚ ਪਦੀਨੇ ਦੀਆਂ ਪੱਤੀਆਂ
- 1 ਚਮਚ ਹਰਾ ਧਨੀਆ
- 2 ਚਮਚ ਨਿੰਬੂ ਦਾ ਰਸ
- 1-2 ਲੇਟਯੂਸ ਨਿੰਬੂ ਦੀਆਂ ਪੱਤੀਆਂ
- 1 ਚਮਚ ਮੇਯੋਨੀਜ਼
- ਨਮਕ ਸੁਆਦ ਅਨੁਸਾਰ

ਜੇਕਰ ਤੁਸੀਂ ਹਰ ਰੋਜ਼ ਸਵੇਰੇ ਇਕ ਹੀ ਤਰ੍ਹਾਂ ਦਾ ਨਾਸ਼ਤਾ ਬਣਾ ਕੇ ਥੱਕ ਗਏ ਹੋ ਤਾਂ ਇਸ ਵਾਰ ਤੁਸੀਂ ਕੁਝ ਨਵਾਂ ਟ੍ਰਾਈ ਕਰੋ। ਇਸ ਲਈ ਤੁਸੀਂ ਘਰ 'ਚ ਹੀ ਮੌਜੂਦ ਸਬਜ਼ੀਆਂ ਦੀ ਮਦਦ ਨਾਲ ਸੈਲਡ ਬਣਾ ਸਕਦੇ ਹੋ। ਨਾਸ਼ਤੇ 'ਚ ਪਰਿਵਾਰ ਨੂੰ ਕੁਝ ਹੈਲਦੀ ਖਿਲਾਓ ਤਾਂ ਕਿ ਪੂਰੇ ਦਿਨ ਉਨ੍ਹਾਂ ਦੀ ਸਿਹਤ ਤੰਦਰੁਸਤ ਰਹੇ। ਬ੍ਰੇਕਫਾਸਟ 'ਚ ਆਪਣੇ ਪਰਿਵਾਰ ਨੂੰ ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾ ਕੇ ਖਿਲਾਓ। ਆਓ ਦੱਸਦੇ ਹਾਂ ਇਸ ਨੂੰ ਬਣਾਉਣ ਦੀ ਆਸਾਨ ਵਿਧੀ ਦੇ ਬਾਰੇ 'ਚ।

ਵਿਧੀ : ਕ੍ਰੰਚੀ ਪੋਟੈਟੋ ਬ੍ਰੋਕਲੀ ਸੈਲੇਡ ਬਣਾਉਣ ਲਈ ਸਭ ਤੋਂ ਪਹਿਲਾਂ ਮਿਕਸਿੰਗ ਬਾਊਲ 'ਚ ਬ੍ਰੋਕਲੀ ਪਾਓ। ਹੁਣ ਇਸ 'ਚ ਉਬਲੇ ਆਲੂ, ਰੋਸਟੇਡ ਮੂੰਗਫਲੀ, ਚੀਜ਼, ਕਾਲੀ ਮਿਰਚ, ਪਦੀਨੇ ਦੀਆਂ ਪੱਤੀਆਂ, ਹਰਾ ਧਨੀਆ, ਨਿੰਬੂ ਦਾ ਰਸ, ਲੇਟਯੂਸ ਦੀਆਂ ਪੱਤੀਆਂ ਅਤੇ ਮੇਯੋਨੀਜ਼ ਪਾ ਕੇ ਚੰਗੀ ਤਰ੍ਹਾਂ ਮਿਲਾਓ, ਇਕ ਮਿੰਟ ਬਾਅਦ ਗੈਸ ਬੰਦ ਕਰ ਦਿਓ। ਹੁਣ ਤੁਹਾਡਾ ਸੈਲੇਡ ਤਿਆਰ ਹੈ। ਹੁਣ ਤੁਸੀਂ ਇਸ ਨੂੰ ਠੰਢਾ-ਠੰਢਾ ਖਾ ਸਕਦੇ ਹੋ।

## ਸ਼ਕਰਕੰਦੀ ਦੀ ਹੁਣ ਇੰਝ ਬਣਾਂਓ ਸਬਜ਼ੀ



### ਸਮੱਗਰੀ

- ਸ਼ਕਰਕੰਦੀ-2
- ਪਿਆਜ਼-1 ਬਾਰੀਕ ਕੱਟਿਆ
- ਟਮਾਟਰ-1 ਬਾਰੀਕ ਕੱਟਿਆ
- ਹਰੀ ਮਿਰਚ-2 ਬਾਰੀਕ ਕੱਟੀ
- ਲਸਣ ਦਾ ਪੇਸਟ-1 ਟੀਸਪੂਨ
- ਅਦਰਕ ਦਾ ਪੇਸਟ-1 ਟੀਸਪੂਨ
- ਜੀਰਾ-1 ਟੀਸਪੂਨ
- ਹਲਦੀ ਪਾਊਡਰ-1/4 ਟੀਸਪੂਨ
- ਧਨੀਆ ਪਾਊਡਰ-1 ਟੀਸਪੂਨ
- ਜੀਰਾ ਪਾਊਡਰ-1 ਟੀਸਪੂਨ
- ਅਮਚੂਰ ਪਾਊਡਰ-1 ਟੀਸਪੂਨ
- ਤੇਲ-1 ਟੇਬਲਸਪੂਨ
- ਨਮਕ - ਸੁਆਦ ਅਨੁਸਾਰ

ਸ਼ਕਰਕੰਦੀ 'ਚ ਬਹੁਤ ਸਾਰੇ ਐਂਟੀ-ਆਕਸੀਡੈਂਟ ਤੱਤ ਅਤੇ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਜੋ ਤੁਹਾਡੇ ਵਜ਼ਨ ਨੂੰ ਬੈਲੇਂਸ ਰੱਖਣ 'ਚ ਮਦਦਗਾਰ ਹੈ। ਇਸ ਦੇ ਸੇਵਨ ਨਾਲ ਤੁਹਾਡਾ ਪੇਟ ਕਾਫੀ ਦੇਰ ਤੱਕ ਭਰਿਆ ਰਹਿੰਦਾ ਹੈ, ਜਿਸ ਵਜ੍ਹਾ ਕਾਰਨ ਬੇ-ਸਮੇਂ ਤੁਹਾਨੂੰ ਭੁੱਖ ਮਹਿਸੂਸ ਨਹੀਂ ਹੁੰਦੀ। ਆਓ ਜਾਣਦੇ ਹਾਂ ਸ਼ਕਰਕੰਦੀ ਦੀ ਸਬਜ਼ੀ ਬਣਾਉਣ ਦੀ ਵਿਧੀ ...

ਵਿਧੀ : ਸ਼ਕਰਕੰਦੀ ਨੂੰ ਸਾਫ ਕਰਕੇ ਗੋਲਾਕਾਰ ਜਾਂ ਫਿਰ ਚਕੋਰ ਟੁਕੜਿਆਂ 'ਚ ਕੱਟ ਲਓ। ਇਕ ਪੈਨ 'ਚ ਤੇਲ ਗਰਮ ਕਰੋ, ਉਸ 'ਚ ਜੀਰਾ, ਅਦਰਕ ਅਤੇ ਲਸਣ ਦਾ ਪੇਸਟ ਪਾਓ, ਹਲਕਾ ਭੁੰਨਣ ਤੋਂ ਬਾਅਦ ਉਸ 'ਚ ਪਿਆਜ਼ ਅਤੇ ਟਮਾਟਰ ਪਾ ਦਿਓ। ਪਿਆਜ਼ ਅਤੇ ਟਮਾਟਰ ਜਦੋਂ ਬਣ ਜਾਣ ਤਾਂ ਉਸ 'ਚ ਪਾਣੀ ਪਾਓ ਅਤੇ ਗੈਸ ਨੂੰ ਘੱਟ ਕਰ ਦਿਓ ਅਤੇ ਮਸਾਲੇ ਨੂੰ ਚੰਗੀ ਤਰ੍ਹਾਂ ਪਕਾਓ। ਉਸ ਤੋਂ ਬਾਅਦ ਸ਼ਕਰਕੰਦੀ ਦੇ ਟੁਕੜੇ ਪਾ ਦਿਓ ਅਤੇ 1/4 ਕੱਪ ਪਾਣੀ ਮਿਲਾਓ। ਸ਼ਕਰਕੰਦੀ ਉਦੋਂ ਤੱਕ ਪਕਾਓ ਜਦੋਂ ਤੱਕ ਪੂਰੀ ਤਰ੍ਹਾਂ ਉਹ ਗਲ ਨਾ ਜਾਵੇ। ਪਾਣੀ ਪਾਉਣ ਤੋਂ ਪਹਿਲਾਂ ਸਾਰੇ ਮਸਾਲੇ ਪਾਓ। ਹੁਣ ਤੁਹਾਡੀ ਸ਼ਕਰਕੰਦੀ ਦੀ ਚਟਪਟੀ ਸਬਜ਼ੀ ਬਣ ਕੇ ਤਿਆਰ ਹੈ, ਇਸ ਨੂੰ ਚੌਲਾਂ ਜਾਂ ਫਿਰ ਰੋਟੀ ਨਾਲ ਖਾਓ।

# ਤਕਨਾਲੋਜੀ ਟਾਈਮਜ਼

## ਐਪਲ ਨੇ M4 ਚਿੱਪ ਤੇ OLED ਡਿਸਪਲੇ ਵਾਲਾ ਸਭ ਤੋਂ ਪਤਲਾ ਆਈਪੈਡ ਪ੍ਰੋ ਕੀਤਾ ਲਾਂਚ

ਐਪਲ ਆਈਪੈਡ ਪ੍ਰੋ ਦੀ ਨਵੀਂ ਪੀੜ੍ਹੀ ਨੂੰ ਨਵੀਂ M4 ਚਿੱਪ ਅਤੇ OLED ਡਿਸਪਲੇਅ ਨਾਲ ਲਾਂਚ ਕੀਤਾ ਗਿਆ ਹੈ। ਇਹ ਐਪਲ ਦੁਆਰਾ ਲਾਂਚ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਪਤਲਾ ਡਿਵਾਈਸ ਹੈ, ਜਿਸਦੀ ਮੋਟਾਈ ਸਿਰਫ 5.1mm ਹੈ। ਆਈਪੈਡ ਏਅਰ (2024) ਦੀ ਤਰ੍ਹਾਂ ਇਸ ਨਵੇਂ ਆਈਪੈਡ ਪ੍ਰੋ ਨੂੰ ਵੀ ਦੋ ਸਕਰੀਨ ਸਾਈਜ਼ 11 ਇੰਚ ਅਤੇ 13 ਇੰਚ 'ਚ ਪੇਸ਼ ਕੀਤਾ ਗਿਆ ਹੈ। ਐਪਲ ਦਾ ਇਹ ਨਵਾਂ ਆਈਪੈਡ ਪ੍ਰੋ ਵੀ ਅੀ ਫੀਚਰ ਨਾਲ ਲੈਸ ਹੈ। ਕੰਪਨੀ ਨੇ ਅੱਜ ਤੋਂ ਇਸ ਦੀ ਪ੍ਰੀ-ਬੁਕਿੰਗ ਸ਼ੁਰੂ ਕਰ ਦਿੱਤੀ ਹੈ। ਇਸ ਨੂੰ ਭਾਰਤ ਸਮੇਤ 29 ਦੇਸ਼ਾਂ 'ਚ 15 ਮਈ ਤੋਂ ਵਿਕਰੀ ਲਈ ਉਪਲੱਬਧ ਕਰਾਇਆ ਜਾਵੇਗਾ।




### ਆਈਪੈਡ ਪ੍ਰੋ (2024) ਦੀਆਂ ਵਿਸ਼ੇਸ਼ਤਾਵਾਂ

ਐਪਲ ਦੇ ਇਸ ਖਾਸ Let Loose ਈਵੈਂਟ ਵਿੱਚ ਪੇਸ਼ ਕੀਤਾ ਗਿਆ ਇਹ ਨਵਾਂ iPad Pro OLED ਡਿਸਪਲੇ ਪੈਨਲ ਦੇ ਨਾਲ ਆਉਂਦਾ ਹੈ। ਇਸ ਦੀ ਡਿਸਪਲੇਅ 1600 ਨਟਿਸ ਦੀ ਪੀਕ ਬ੍ਰਾਈਟਨੇਸ ਨੂੰ ਸਪੋਰਟ ਕਰਦੀ ਹੈ। ਇਸ ਦੇ 11-ਇੰਚ ਮਾਡਲ ਦੀ ਮੋਟਾਈ 5.3mm ਹੈ, ਜਦਕਿ 13-ਇੰਚ ਮਾਡਲ 5.1 ਇੰਚ ਪਤਲਾ ਹੈ। ਐਪਲ ਦੇ ਇਸ ਨਵੇਂ ਆਈਪੈਡ ਪ੍ਰੋ (2024) ਵਿੱਚ ਅਲਟਰਾ ਰੈਟੀਨਾ ਐਕਸਡੀਆਰ ਡਿਸਪਲੇ ਹੈ।

ਇਸ ਤੋਂ ਇਲਾਵਾ ਐਪਲ ਨੇ ਇਸ ਨਵੇਂ ਆਈਪੈਡ ਪ੍ਰੋ (2024) ਦੇ ਸਮੁੱਚੇ ਡਿਜ਼ਾਈਨ ਨੂੰ ਵੀ ਅਪਗ੍ਰੇਡ ਕੀਤਾ ਹੈ। ਇਸ ਵਿੱਚ ਐਂਟੀ-ਗਲੇਅਰ ਨੈਨੋ ਟੈਕਸਟਚਰ ਡਿਜ਼ਾਈਨ ਹੈ, ਜੋ ਪਹਿਲੀ ਵਾਰ ਆਈਪੈਡ ਵਿੱਚ ਵਰਤਿਆ ਗਿਆ ਹੈ। ਨਵੀਂ ਲਾਂਚ ਕੀਤੀ M4 ਚਿੱਪ ਦੀ ਗੱਲ ਕਰੀਏ ਤਾਂ ਇਹ OLED ਡਿਸਪਲੇ ਨੂੰ ਬਿਹਤਰ ਤਰੀਕੇ ਨਾਲ ਕੰਟਰੋਲ ਕਰਦਾ ਹੈ। ਇਸ ਦੇ ਸਮੁੱਚੇ CPU ਅਤੇ GPU ਵਿੱਚ ਸੁਧਾਰ ਕੀਤਾ ਗਿਆ ਹੈ। ਇਹ ਚਿੱਪ ਦੂਜੀ ਪੀੜ੍ਹੀ ਦੀ 3 ਨੈਨੋਮੀਟਰ ਫੈਬਰੀਕੇਸ਼ਨ ਪ੍ਰਕਿਰਿਆ 'ਤੇ ਕੰਮ ਕਰਦੀ ਹੈ। ਇਸ ਤੋਂ ਇਲਾਵਾ ਇਸ 'ਚ ਨਵਾਂ ਨਿਊਰਲ ਇੰਜਣ ਦਿੱਤਾ ਗਿਆ ਹੈ, ਜੋ ਇਸ ਨੂੰ ਸ਼ਕਤੀਸ਼ਾਲੀ AI ਚਿੱਪ ਬਣਾਉਂਦਾ ਹੈ। ਇਹ ਐਪਲ ਦੇ ਨਵੀਨਤਮ iPadOS 17 'ਤੇ ਵੀ ਕੰਮ ਕਰਦਾ ਹੈ।

iPad Pro (2024) ਨੂੰ 256GB, 512GB, 1TB ਅਤੇ 2TB ਸਟੋਰੇਜ ਵੇਰੀਐਂਟ ਵਿੱਚ ਲਾਂਚ ਕੀਤਾ ਗਿਆ ਹੈ।

ਇਸ ਨਵੇਂ ਆਈਪੈਡ ਪ੍ਰੋ ਦੇ ਕੈਮਰੇ ਨੂੰ ਵੀ ਬਿਹਤਰ ਕੀਤਾ ਗਿਆ ਹੈ। ਇਸ 'ਚ ਅਡਾਪਟਿਵ ਫਲੈਸ਼ ਦੀ ਵਰਤੋਂ ਕੀਤੀ ਗਈ ਹੈ। ਇੰਨਾ ਹੀ ਨਹੀਂ ਇਸਦੇ ਫਰੰਟ ਫੇਸਿੰਗ ਕੈਮਰਾ ਨੂੰ ਵੀ ਲੈਂਡਸਕੇਪ ਕਿਨਾਰੇ 'ਤੇ ਫਿੱਟ ਕੀਤਾ ਗਿਆ ਹੈ ਤਾਂ ਜੋ ਯੂਜ਼ਰਸ ਨੂੰ ਫੇਸਟਾਈਮ ਕਾਲ ਕਰਨ 'ਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

### ਆਈਪੈਡ ਪ੍ਰੋ (2024) ਦੀ ਕੀਮਤ

ਆਈਪੈਡ ਪ੍ਰੋ (2024) ਦੇ 11-ਇੰਚ ਵਾਈ-ਫਾਈ ਮਾਡਲ ਦੀ ਸ਼ੁਰੂਆਤੀ ਕੀਮਤ 99,900 ਰੁਪਏ ਹੈ।

ਜਦਕਿ ਇਸ ਦਾ ਵਾਈ-ਫਾਈ + 5ਜੀ ਮਾਡਲ 1,19,900 ਰੁਪਏ ਤੋਂ ਸ਼ੁਰੂ ਹੁੰਦਾ ਹੈ। ਜਦਕਿ ਇਸ ਦੇ 13 ਇੰਚ ਵਾਈ-ਫਾਈ ਮਾਡਲ ਦੀ ਕੀਮਤ 1,29,900 ਰੁਪਏ ਤੋਂ ਸ਼ੁਰੂ ਹੁੰਦੀ ਹੈ। ਇਸ ਦੇ ਨਾਲ ਹੀ, ਇਸਦਾ Wi-Fi + 5G ਮਾਡਲ 1,49,900 ਰੁਪਏ ਦੀ ਸ਼ੁਰੂਆਤੀ ਕੀਮਤ 'ਤੇ ਉਪਲਬਧ ਹੈ। ਆਈਪੈਡ ਪ੍ਰੋ (2024) ਦੀ ਕੀਮਤ ਵਿਦਿਆਰਥੀਆਂ ਲਈ 10,000 ਰੁਪਏ ਘੱਟ ਰੱਖੀ ਗਈ ਹੈ। ਤੁਸੀਂ ਇਸ ਨੂੰ 15 ਮਈ ਤੋਂ ਔਨਲਾਈਨ ਅਤੇ ਆਫਲਾਈਨ ਚੈਨਲਾਂ ਰਾਹੀਂ ਖਰੀਦ ਸਕੋਗੇ।

## ਟਿਕਟੌਕ ਐਪ 'ਤੇ ਪਾਬੰਦੀ ਲਾਉਣ ਵਾਲੇ ਅਮਰੀਕੀ ਕਾਨੂੰਨ ਨੂੰ ਰੋਕਣ ਦੀ ਮੰਗ ਉਠੀ

TikTok ਅਤੇ ਇਸਦੀ ਚੀਨੀ ਮੂਲ ਕੰਪਨੀ ਬਾਈਟਡਾਂਸ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਸੰਘੀ ਅਦਾਲਤ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਹਸਤਾਖਰ ਕੀਤੇ ਇੱਕ ਕਾਨੂੰਨ ਨੂੰ ਰੋਕਣ ਦੀ ਮੰਗ ਕਰਨ ਲਈ ਮੁਕੱਦਮਾ ਦਾਇਰ ਕੀਤਾ ਹੈ, ਜੋ 170 ਮਿਲੀਅਨ ਅਮਰੀਕੀਆਂ ਦੁਆਰਾ ਵਰਤੇ ਗਏ ਛੋਟੇ ਵੀਡੀਓ ਐਪ ਨੂੰ ਇਸਦੀ ਵਰਤੋਂ ਨੂੰ ਵਾਪਸ ਲੈਣ ਜਾਂ ਪਾਬੰਦੀ ਲਗਾਉਣ ਲਈ ਮਜਬੂਰ ਕਰੇਗਾ।

ਕੰਪਨੀਆਂ ਨੇ ਕਿਹਾ ਕਿ ਉਨ੍ਹਾਂ ਨੇ ਡਿਸਟ੍ਰਿਕਟ ਆਫ਼ ਕੋਲੰਬੀਆ ਲਈ ਯੂਐਸ ਕੋਰਟ ਆਫ਼ ਅਪੀਲਜ਼ ਵਿੱਚ ਇੱਕ ਮੁਕੱਦਮਾ ਦਾਇਰ ਕੀਤਾ ਹੈ ਅਤੇ ਇਹ ਦਲੀਲ ਦਿੱਤੀ ਹੈ ਕਿ ਕਾਨੂੰਨ ਕਈ ਅਧਾਰਾਂ 'ਤੇ ਅਮਰੀਕੀ ਸੰਵਿਧਾਨ ਦੀ ਉਲੰਘਣਾ ਕਰਦਾ ਹੈ, ਜਿਸ ਵਿੱਚ ਪਹਿਲੀ ਸੋਧ ਦੀ ਮੁਫਤ ਭਾਸ਼ਣ ਸੁਰੱਖਿਆ ਦੀ ਉਲੰਘਣਾ ਵੀ ਸ਼ਾਮਲ ਹੈ। ਬਾਈਡੇਨ ਦੁਆਰਾ 24 ਅਪ੍ਰੈਲ ਨੂੰ ਹਸਤਾਖਰ ਕੀਤੇ ਗਏ ਕਾਨੂੰਨ, ਚੀਨ ਦੇ ਬਾਈਟਡਾਂਸ ਨੂੰ 19 ਜਨਵਰੀ ਤੱਕ ਟਿਕਟੌਕ ਵੇਚਣ ਜਾਂ ਪਾਬੰਦੀ ਦਾ ਸਾਹਮਣਾ ਕਰਨ ਦਾ ਸਮਾਂ ਦਿੰਦਾ ਹੈ।

ਮੁਕੱਦਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਚੀਨੀ ਸਰਕਾਰ ਨੇ "ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸਿਫਾਰਸ਼ ਇੰਜਣ ਨੂੰ ਵੰਡਣ ਦੀ ਇਜਾਜ਼ਤ ਨਹੀਂ ਦੇਵੇਗੀ ਜੋ ਸੰਯੁਕਤ ਰਾਜ ਵਿੱਚ ਟਿਕਟੌਕ ਦੀ ਸਫਲਤਾ ਦੀ ਕੁੰਜੀ ਹੈ।" ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਟਿਕਟੌਕ ਨੇ ਯੂਐਸ ਉਪਭੋਗਤਾਵਾਂ ਦੇ ਡੇਟਾ ਦੀ ਸੁਰੱਖਿਆ ਲਈ ਉਪਾਵਾਂ ਨੂੰ ਲਾਗੂ ਕਰਨ ਲਈ $2 ਬਿਲੀਅਨ ਖਰਚ ਕੀਤੇ ਹਨ ਅਤੇ ਸੰਯੁਕਤ ਰਾਜ ਵਿੱਚ ਵਿਦੇਸ਼ੀ ਨਿਵੇਸ਼ ਕਮੇਟੀ (ਸੀਐਫਆਈਯੂਐਸ) ਨਾਲ ਗੱਲਬਾਤ ਰਾਹੀਂ ਵਿਕਸਤ ਕੀਤੇ ਗਏ 90 ਪੰਨਿਆਂ ਦੇ ਡਰਾਫਟ ਰਾਸ਼ਟਰੀ ਸੁਰੱਖਿਆ ਸਮਝੌਤੇ ਵਿੱਚ ਵਾਧੂ ਵਚਨਬੱਧਤਾਵਾਂ ਕੀਤੀਆਂ ਹਨ।

ਮੁਕੱਦਮੇ ਦੇ ਅਨੁਸਾਰ, ਉਸ ਸਮਝੌਤੇ ਵਿੱਚ ਟਿਕਟੌਕ ਦਾ ਇੱਕ "ਬੰਦ-ਡਾਊਨ ਵਿਕਲਪ" ਲਈ ਸਹਿਮਤ ਹੋਣਾ ਸ਼ਾਮਲ ਹੈ ਜੋ ਯੂਐਸ ਸਰਕਾਰ ਨੂੰ ਸੰਯੁਕਤ ਰਾਜ ਵਿੱਚ TikTok ਨੂੰ ਮੁਅੱਤਲ ਕਰਨ ਦਾ ਅਧਿਕਾਰ ਦੇਵੇਗਾ ਜੇਕਰ ਇਹ ਕੁਝ ਜ਼ਿੰਮੇਵਾਰੀਆਂ ਦੀ ਉਲੰਘਣਾ ਕਰਦਾ ਹੈ।"

# ਕਾਵਿ ਕਿਆਰੀ

## ਗ਼ਜ਼ਲ

ਨਵੀਆਂ ਨਵੀਆਂ ਸ਼ਕਲਾਂ ਵੇਖੇ ਨੇ ਨਿੱਤ ਵਟਾਂਦੇ ਲੋਕ,
ਤਾਂ ਕੀ ਹੋਇਆ ਗਿਰਗਟ ਜੇ ਨੇ ਕੁਝ ਬਣ ਜਾਂਦੇ ਲੋਕ।

ਖ਼ੁਦ ਗਰਜ਼ੀ ਹੈ ਅੱਜ ਕੱਲ ਮਿੱਤਰਾ ਲੋੜ ਜ਼ਮਾਨੇ ਦੀ,
ਸਮਝ ਲਿਆ ਕਿਉਂ ਨੇ ਚਿਹਰਾ ਸ਼ਕਲ ਵਟਾਂਦੇ ਲੋਕ।

ਮੈਂ ਵੀ ਹਾਂ ਤੇ ਤੂੰ ਵੀ ਹੈਂ ਇਸ ਦੁਨੀਆ ਵਿੱਚ ਸਾਰੇ,
ਮਤਲਬ ਖਾਤਰ ਵੇਖੇ ਬਹੁਤੇ ਸੀਸ ਝੁਕਾਉਂਦੇ ਲੋਕ।

ਆਪਣੇ ਅੰਦਰ ਝਾਕ ਲਿਆ ਕਰ ਤੂੰ ਵੀ ਕਦੇ ਕਦੇ,
ਮਨ ਮਰਜ਼ੀ ਦੀ ਬਣਦੀ ਨੇ, ਸਾਂਝ ਬਣਾਉਂਦੇ ਲੋਕ।

ਕੌਣ ਨਿਭਾਉਂਦਾ ਜੀਵਣ ਤੀਕਰ ਮੈਂ ਤੱਕਿਆ ਨਾ,
ਮੇਰੇ ਵਰਗੇ ਬਹੁਤ ਨੇ ਵੇਖੇ ਮਨ ਭਰਮਾਉਂਦੇ ਲੋਕ।

ਛੱਡ ਦੇ ਦਾਅਵੇ ਸ਼ਿਕਵੇ ਕਰਨੇ ਗਿਲਿਆ ਨੂੰ ਹੁਣ,
ਮਾਣ ਲਿਆ ਕਰ ਜੋ ਮੌਸਮ ਬਣ ਆਂਦੇ ਲੋਕ।

ਸਬਰ, ਸਿਦਕ, ਤੇ ਸ਼ੁਕਰ ਨੇ ਸਾਥੀ ਤੇਰੇ ਜੇਕਰ,
ਟੁੱਟਣ ਦੇ ਜੋ ਨੇ ਰਿਸ਼ਤੇ , ਅਜਬ ਨਿਭਾਂਦੇ ਲੋਕ।

ਵਫ਼ਾ ਮਿਲੇ ਜਾਂ ਦਗ਼ਾ ਮਿਲੇ ਤੂੰ ਸੱਭ ਝੋਲੀ ਪਾ ਲੈ,
ਜੀਵਣ ਦੇ ਨਾਟਕ ਵਿੱਚ ਨੇ ਹਿੱਸਾ ਪਾਂਦੇ ਲੋਕ।

**ਲਿਖਤ : ਰਵੇਲ ਸਿੰਘ ਇਟਲੀ**

## ਸ਼ੈਤਾਨ ਦੀ ਟੂਟੀ

ਗਿਆ ਗੈਰ ਕੋਈ ਆ ਕੇ ਮਾਰ ਬਾਜੀ,
'ਕੱਠਾ ਸਾਰਾ ਕਰ ਸਮਾਨ ਗਿਆ।
ਗਿਆ ਰਬੜ ਦੀ ਬਣਾ ਮੋਹਰ ਜੀਹਨੂੰ,
ਰਹਿ ਨਾਂ ਦਾ ਉਹ ਪ੍ਰਧਾਨ ਗਿਆ।

ਉਹਦੇ ਨਾਂ 'ਤੇ ਜਿੱਤ ਦਾ ਲਾ ਠੱਪਾ,
ਖੋਲ੍ਹ ਆਪਣੀ ਕੋਈ ਦੁਕਾਨ ਗਿਆ।
ਸੌਦਾ ਵੇਚ ਕੇ ਮਨ ਮਰਜ਼ੀਆਂ ਦਾ,
ਖੂੰਜੇ ਸਭ ਨੂੰ ਲਾ ਸ਼ੈਤਾਨ ਗਿਆ।

ਖੜ੍ਹ ਆਪ ਤਾਂ ਗਿਆ ਹੋ ਉੱਚਾ,
ਰੋਲ਼ ਦੂਜਿਆਂ ਨੂੰ ਬਾਈਮਾਨ ਗਿਆ।
ਘਰ ਆਪਣੇ ਸੱਦ ਬਿਗਾਨਿਆਂ ਨੂੰ,
ਅਹੁਦੇਦਾਰੀਆਂ ਕਰ ਪ੍ਰਦਾਨ ਗਿਆ।

ਗਿਆ 'ਭਗਤਾ' ਮਾਰ ਸਕਿਾਰ ਸਾਰੇ,
ਲੈ ਖੋਹ ਕੇ ਤੀਰ ਕਮਾਨ ਗਿਆ।
ਬੈਠਾ ਜੇਲ੍ਹ ਵਿੱਚ ਹੁਣ ਇਉਂ ਰੋਵੇ,
ਜਿਉਂ ਹੋਵੇ ਮਰਗ ਮਕਾਣ ਗਿਆ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਸੱਚ ਦਾ ਮਾਰਗ

ਸਿੱਦਕ ਵਾਲੇ ਹੀ ਪਰਖ ਦੀ ਸ਼ਮ੍ਹਾ ਉੱਤੇ
ਹੱਸ ਹੱਸ ਪਤੰਗਿਆਂ ਵਾਂਗ ਸੜਦੇ
ਸੜਦੀ ਤਵੀ ਤੇ ਖੇਡ ਆਨੰਦ ਵਾਲੀ
ਖੇਡ ਲੈਂਦੇ ਨੇ ਦੇਗ ਦੇ ਵਿੱਚ ਕੜ੍ਹਦੇ
ਨਾਲ ਆਰਿਆਂ ਹੋ ਦੋਫਾੜ ਜਾਂਦੇ
ਜਿਗਰੇ ਵਾਲੇ ਹੀ ਤੇਗ ਦੇ ਹੇਠ ਖੜ੍ਹਦੇ
'ਅਮਰਜੀਤ ਸਿਹਾਂ' ਤਲੀ ਤੇ ਸੀਸ ਧਰਕੇ
ਗਲੀ ਯਾਰ ਮਹਿਬੂਬ ਦੀ ਜਾਅ ਵੜਦੇ
ਵਿਰਲੇ ਵਿਰਲੇ ਹੀ ਤਾਣ ਦੇ ਉਦੋਂ ਸੀਨਾ
ਜਦੋਂ ਰਣ ਵਿੱਚ ਸ਼ੂਕਦੇ ਤੀਰ ਹੁੰਦੇ
ਜਦੋਂ ਧਰਮ ਕੁਰਬਾਨੀਆਂ ਮੰਗਦਾ ਹੈ
ਗੈਰਤ ਵਾਲੇ ਹੀ ਪਾਰ ਲਕੀਰ ਹੁੰਦੇ
ਉਹ ਪੂਰੀਆਂ ਪੌਣ ਨਾ ਰਣ ਅੰਦਰ
ਪਿਆਰੇ ਜਿਨ੍ਹਾਂ ਦੇ ਤਾਂਈਂ ਸਰੀਰ ਹੁੰਦੇ
'ਅਮਰਜੀਤ ਸਿਹਾਂ' ਕਹੇ ਜੁਬਾਨ ਵਿੱਚੋਂ
ਬੋਲ ਸਿਰਾਂ ਨਾਲ ਪਾਲਦੇ ਬੀਰ ਹੁੰਦੇ
ਭਾਂਵੇ ਉਮਰਾਂ ਮਸੂਮ ਮਲੂਕ ਹੋਵਨ
ਜਿੱਥੇ ਦੀਨ ਦੀ ਗੱਲ ਫਿਰ ਡੱਟ ਜਾਂਦੇ
ਸਿਖਰ ਛੋਂਹਦੀਆਂ ਜੁਲਮੀ ਅਟਾਰੀਆਂ ਨੂੰ
ਮਾਰ ਸਿੱਦਕ ਵਾਲੇ ਭਾਰੀ ਸੱਟ ਜਾਂਦੇ
ਫਿਰ ਵੈਰੀ ਦੀ ਤੇਗ ਦਾ ਡਰ ਕਾਹਦਾ
ਪੁਰਜਾ ਪੁਰਜਾ ਹਿੱਤ ਧਰਮ ਦੇ ਕੱਟ ਜਾਂਦੇ
'ਅਮਰਜੀਤ ਸਿਹਾਂ' ਆਪਾ ਕੁਰਬਾਨ ਕਰਕੇ
ਟਿੱਕਾ ਜੱਸ ਦਾ ਜੱਗ 'ਚੋਂ ਖੱਟ ਜਾਂਦੇ

**ਲੇਖਕ : ਅਮਰਜੀਤ ਸਿੰਘ ਸਭਰਾ**

## ਤੇਰੀ ਨਗਰੀ

ਕਹਿਣ, "ਦੀਵੇ ਜਗਣ ਨਾ ਸੱਪਾਂ ਦੇ ਕੋਲ"
ਪਰ, ਲੁਕੇ ਸੱਪਾਂ ਨੂੰ ਦੀਵੇ ਲੈਣ ਟੋਲ,
ਕੰਮ ਸੱਪਾਂ ਦਾ ਸਦਾ ਹੈ ਡੰਗਣਾ,

ਕੰਮ ਡੰਡੇ ਦਾ ਹੈ ਸਿਰੀਆਂ ਭੰਨਣਾ,
ਦੇਖ ਲਈ ਤੇਰੀ ਵਲਾਵੀਂ ਤੋਰ ਹੈ-
ਤੇਰੀ ਨਗਰੀ ਵਿਚ ਹਨੇਰਾ ਘੋਰ ਹੈ।

ਦੇਖ ਲਈ ਤੇਰੀ ਅਜ਼ਾਦੀ "ਕਹਿਣ" ਦੀ
ਵਲਗਣਾਂ ਦੇ ਵਿਚ ਵਲ ਕੇ ਰਹਿਣ ਦੀ,
ਲਹੂ ਡੁੱਲ੍ਹੇ ਬਿਨ ਲਿਆਂਦੀ ਦੇਖ ਲਈ,

ਦੇਖ ਲਈ ਅਰਥੀ ਨਿਆਂ ਦੀ, ਦੇਖ ਲਈ,
ਖੰਭ ਲਾ ਕੇ ਕਾਂ ਨਾ ਬਣਦਾ ਮੋਰ ਹੈ-
ਤੇਰੀ ਨਗਰੀ ਵਿਚ ਹਨੇਰਾ ਘੋਰ ਹੈ।

ਕੋਟ ਰੇਤੇ ਦੇ ਉਸਾਰਨ ਵਾਲਿਆ
ਹਵਾ ਵਿਚ ਤਲਵਾਰਾਂ ਮਾਰਨ ਵਾਲਿਆ
ਸੂਰਜਾਂ ਨੂੰ ਦਾਗ਼ ਲਾਵਣ ਵਾਲਿਆ

ਗਲ ਸਮੇਂ ਦੇ ਫਾਹੀਆਂ ਪਾਵਣ ਵਾਲਿਆ
ਤੇਰੀ ਆਪਣੀ ਉਮਰ ਕੱਚੀ ਡੋਰ ਹੈ
ਤੇਰੀ ਨਗਰੀ ਵਿਚ ਹਨੇਰਾ ਘੋਰ ਹੈ।

ਹੁਣ ਤੇਰੀ ਚਤੁਰਾਈ ਪੁਗ ਸਕਣੀ ਨਹੀਂ,
ਹੱਥਾਂ ਉੱਤੇ ਸਰ੍ਹੋਂ ਉਗ ਸਕਣੀ ਨਹੀਂ,
ਧੁੰਦ ਮਾਇਆ ਦੀ ਨੇ ਹੁਣ ਰਹਿਣਾ ਨਹੀਂ,

ਲੋਕਤਾ ਨੇ ਜਬਰ ਹੁਣ ਸਹਿਣਾ ਨਹੀਂ,
ਧਰਤ ਤੋਂ ਆਕਾਸ਼ ਤੀਕਰ ਸ਼ੋਰ ਹੈ-
ਤੇਰੀ ਨਗਰੀ ਵਿਚ ਹਨੇਰਾ ਘੋਰ ਹੈ।

ਸਾਡੀ ਨਗਰੀ ਜਿੰਦਾਂ ਗੁਟਕਣ ਨਿੱਕੀਆਂ,
ਤੇਰੀ ਨਗਰੀ ਹੋਣ ਛੁਰੀਆਂ ਤਿੱਖੀਆਂ,
ਸਾਡੀ ਮੰਜ਼ਲ ਹੈ ਭਵਿੱਖਾਂ ਤੋਂ ਪਰੇ,

ਤੇਰੀ ਮੰਜ਼ਲ ਜੁੱਗੜੇ ਬੀਤੇ ਹੋਏ,
ਰਾਹ ਸਾਡਾ ਹੋਰ, ਤੇਰਾ ਹੋਰ ਹੈ-
ਤੇਰੀ ਨਗਰੀ ਵਿਚ ਹਨੇਰਾ ਘੋਰ ਹੈ।

**ਲੇਖਕ : ਸੰਤੋਖ ਸਿੰਘ ਧੀਰ**

## ਇਕ ਖਿਆਲ

ਜ਼ਿੰਦਗੀ ਸੀ ਖ਼ਵਾਬ ਸੀ ਜਾਂ ਇਕ ਖਿਆਲ ਸੀ।
ਉਹ ਜੋ ਵੀ ਸੀ ਸਾਡੇ ਦਮਾਂ ਦੇ ਨਾਲ ਨਾਲ ਸੀ।

ਆਇਆ ਲਬਾਂ ਤੇ ਜੋ ਮੇਰੇ ਸ਼ਿਕਵਾ ਨਹੀਂ ਸੀ ਉਹ
ਅੱਖਾਂ 'ਚ ਜੋ ਤੂੰ ਦੇਖਿਆ ਦਿਲ ਦਾ ਉਬਾਲ ਸੀ।
ਸਿਰ 'ਤੇ ਹੁਮਾ ਦੀ ਛਾਂ ਪਈ ਜਾਂਦੇ ਫਕੀਰ ਦੇ
ਬਾਰੀ 'ਚ ਝੁਕ ਕੇ ਦੇਖਦੀ ਫੁੱਲਾਂ ਦੀ ਡਾਲ ਸੀ।

ਉਸ ਪਿੱਛੋਂ ਕੀ ਕੀ ਗੁਜ਼ਰਿਆ ਕੋਈ ਪਤਾ ਨਹੀਂ
ਉਸ ਨਾਲ ਅੱਖਾਂ ਮਿਲਣ ਤੱਕ ਮੈਨੂੰ ਸੰਭਾਲ ਸੀ।
ਤਨਹਾਈਆਂ ਦੇ ਸ਼ਹਿਰ ਦਾ ਮਾਲਕ ਰਿਹਾ ਹਾਂ ਮੈਂ
ਕੋਈ ਮੇਰਾ ਸ਼ਰੀਕ ਸੀ ਤੇ ਨਾ ਭਿਆਲ ਸੀ।

ਮਰਜ਼ੀ ਖਿਲਾਫ ਭੀੜ ਵਿਚ ਸ਼ਾਮਲ ਤਮਾਮ ਲੋਕ
ਤੇਰੇ ਸ਼ਹਿਰ ਵਿਚ ਰੌਣਕਾਂ ਦਾ ਅਜਬ ਹਾਲ ਸੀ।
ਸ਼ਿਕਵੇ ਸ਼ਿਕਾਇਤਾਂ ਦੇ ਲਈ ਹਾਲਾਤ ਸੀ ਬੁਰੇ
ਦਰਦਾਂ ਦੀ ਫਸਲ ਵਾਸਤੇ ਇਹ ਖ਼ੂਬ ਸਾਲ ਸੀ।

**ਲੇਖਕ : ਗੁਰਦੀਪ**

## ਹੁਨਰ ਹੈ ਜੇ ਤੇਰੇ ਹੱਥੀਂ ਤਾਂ

ਹੁਨਰ ਹੈ ਜੇ ਤੇਰੇ ਹੱਥੀਂ ਤਾਂ ਮਿੱਟੀ ਦੇ ਬਣਾ ਦੀਵੇ।
ਬੁਝੇ ਦਿਲ ਫੇਰ ਰੌਸ਼ਨ ਕਰ ਕਿ ਦੀਵੇ ਤੋਂ ਜਗਾ ਦੀਵੇ।
ਨਿਰੀ ਮਾਲਾ ਧਿਆਵਣ ਨਾਲ 'ਨ੍ਹੇਰੇ ਮਿਟ ਨਹੀਂ ਸਕਣੇ,
ਤੂੰ ਪੂਜਾ ਦੀਵਿਆਂ ਦੀ ਕਰ ਵਿਹਾਰ ਅੰਦਰ ਧਿਆ ਦੀਵੇ।

ਤੂੰ ਕਹਿ ਦੇ ਮੰਗਤਿਆਂ ਨੂੰ ਰੌਸ਼ਨੀ ਮੰਗਿਆਂ ਨਹੀਂ ਮਿਲਦੀ,
ਕਲਾ ਦੇ ਨਾਲ ਘੜ ਪੱਥਰ ਤੇ ਮਿੱਟੀ ਦੇ ਬਣਾ ਦੀਵੇ ।
ਹਨੇਰੇ ਵਿਚ ਜੋ ਡੁੱਬ ਚੁੱਕੇ ਉਨ੍ਹਾਂ ਨੂੰ ਰੌਸ਼ਨੀ ਦੇ ਦੇ
ਲੋਕਾਈ ਨੂੰ ਤੂੰ ਚੇਤੰਨ ਕਰ ਤੇ ਚਿੰਤਨ ਦੇ ਜਗਾ ਦੀਵੇ ।

ਸਿਖਾ ਲੋਕਾਂ ਨੂੰ ਦੀਵੇ ਕਿਸ ਤਰ੍ਹਾਂ ਬੁੱਕਲੀਂ ਬਚਾਉਣੇ ਨੇ,
ਕਿਤੇ ਝੱਖੜ, ਕਿਤੇ ਵਰਖਾ ਤੇ ਬਿਜਲੀ ਤੋਂ ਬਚਾ ਦੀਵੇ।
ਪਵੇ ਦੇਣਾ ਜੇ ਦਿਲ ਦਾ ਖ਼ੂਨ ਵੀ ਤਾਂ ਦੇ ਦਿਓ ਲੋਕੋ,
ਬਿਗਾਨੇ ਤੇਲ ਦੀ ਨਾ ਆਸ ਤੇ ਲੈਣੇ ਬੁਝਾ ਦੀਵੇ ।

ਇਨ੍ਹਾਂ ਮੜ੍ਹੀਆਂ ਤੇ ਕਰਕੇ ਰੌਸ਼ਨੀ ਰੌਸ਼ਨ ਹੈ ਕੀ ਕਰਨਾ
ਹਨ੍ਹੇਰੇ ਵਿੱਚ ਜੋ ਡੁੱਬੇ ਘਰ ਤੂੰ ਉਨ੍ਹਾਂ ਵਿੱਚ ਸਜਾ ਦੀਵੇ।
ਅਕੀਦਤ ਹੈ ਤੇਰੀ ਜੇ ਸਿਦਕ' ਨ੍ਹੇਰੇ ਨੂੰ ਮਿਟਾਵਣ ਦੀ,
ਤੂੰ ਅਪਣੇ ਸ਼ੇਅਰਾਂ ਵਿੱਚ ਲਿਖ ਦੇ ਸਦਾ ਦੀਵੇ, ਸਦਾ ਦੀਵੇ।

**ਲੇਖਕ : ਸੁਰਿੰਦਰ ਸਿਦਕ**

## ਦਿੱਲੀ ਮੌਜ ਕਰਦੀ

ਦਿੱਲੀ ਮੌਜ ਕਰਦੀ
ਓ ਦਿੱਲੀ ਮੌਜ ਕਰਦੀ
ਮਹਿਲਾਂ 'ਚ ਕਿਲਿਆਂ ਚ
ਸੁਕਿਆਂ 'ਚ ਗਿਲਿਆਂ ਚ
ਮੀਂਹ ਜਾਂ ਹਨ੍ਹੇਰੀ ਹੋਵੇ
ਫਸਲ ਘੱਟ ਜਾਂ ਬਥੇਰੀ ਹੋਵੇ
ਦਿੱਲੀ ਮੌਜ ਕਰਦੀ
ਜਿਹਦੀ ਕੋਈ ਬਿਜਾਈ ਨਾ
ਜਿਹਦੀ ਕੋਈ ਵਾਹੀ ਨਾ
ਜਿਹਦੀ ਆਪਣੀ ਕਮਾਈ ਨਾ
ਜਿਹਨੂੰ ਕੋਈ ਮਹਿੰਗਾਈ ਨਾ
ਓ ਦਿੱਲੀ ਮੌਜ ਕਰਦੀ
ਹਵਾ ਤੇਰੇ ਸ਼ਹਿਰ ਦੀ
ਮਾਰ ਕਰੇ ਕਹਿਰ ਦੀ
ਸੜਕਾਂ ਤੇ ਬਹਿ ਖਾਂਦੇ ਆਂ
ਰੋਟੀ ਰਾਤ ਦੀ, ਦੋਪਹਿਰ ਦੀ
ਦਿੱਲੀ ਮੌਜ ਕਰਦੀ
ਅਸੀਂ ਕਿੰਨੇ ਹੀ ਗਵਾਏ
ਓਹਨੇ ਕਿੰਨੇ ਹਥਿਆਏ
ਜਿਹਦੇ ਸਾਰੇ ਨੇ ਸਤਾਏ
ਓ ਦਿੱਲੀ ਮੌਜ ਕਰਦੀ।

**ਲੇਖਕ : ਨਰਿੰਦਰ ਕੁਮਾਰ**

## ਜਦ ਚਾਨਣ ਲੜਦਾ ਹੈ

ਜਦ ਵੀ ਨ੍ਹੇਰੇ ਨਾਲ ਇਹ ਚਾਨਣ ਲੜਦਾ ਹੈ
ਮੁਕ ਜਾਂਦੀ ਹੈ ਰਾਤ ਸਵੇਰਾ ਚੜ੍ਹਦਾ ਹੈ

ਜਦ ਵੀ ਤਿਤਲੀ ਬਣਕੇ ਉੱਡਦਾ ਹੈ ਸੁਪਨਾ
ਦਿਲ ਵੀ ਬੱਚਾ ਬਣਕੇ ਉਸਨੂੰ ਫੜਦਾ ਹੈ

ਅੰਬਰ ਛਾਪੇ ਰੋਜ਼ ਰਾਤ ਅਖ਼ਬਾਰ ਨਵਾਂ
ਰੋਜ਼ ਰਾਤ ਹਰ ਆਸ਼ਿਕ ਜਿਸਨੂੰ ਪੜ੍ਹਦਾ ਹੈ

ਫੇਰ ਹਵਾ ਹੀ ਸਮਝੋ ਲਿਖੇ ਨਸੀਬ ਉਦ੍ਹਾ
ਜਦ ਵੀ ਪੱਤਾ ਡਾਲੀ ਨਾਲੋਂ ਝੜਦਾ ਹੈ

ਸੋਚਾਂ ਇੰਜ ਲਿਖਾਂ ਨਾਂ ਤੇਰਾ ਅੰਬਰ 'ਤੇ
ਜਿਵੇਂ ਸੁਨਾਰਾ ਕੋਕੇ ਵਿਚ ਨਗ ਜੜਦਾ ਹੈ

ਤੁਰਨਾ ਡਾਹਢਾ ਔਖਾ ਹੁੰਦਾ ਉਸ ਵੇਲੇ
ਜਦ ਪਰਛਾਵਾਂ ਪੈਰਾਂ ਦੇ ਵਿਚ ਅੜਦਾ ਹੈ

**ਲੇਖਕ : ਅਨੁਪਿੰਦਰ ਸਿੰਘ ਅਨੂਪ**

## ਮਾਂ ਦਾ ਗੀਤ

ਤੜਕੇ ਤੜਕੇ ਚੱਕੀ ਮੇਰੀ ਮਾਂ ਦੀ
ਪੀਂਹਦੀ ਏ ਨਿੱਕਾ ਨਿੱਕਾ ਦਾਣਾ
ਕਣਕਾਂ ਦਾ ਰੰਗ ਖਰਾ
ਉੱਜਲਾ ਨਵੇਲਾ
ਮਾਂ ਦਾ ਗੀਤ ਪੁਰਾਣਾ !

ਗਾ ਗਾ ਨੀਂ ਮਾਏ
ਕੋਈ ਗੀਤ ਸਰ੍ਹੋਂ ਦਾ
ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋਏ
ਗਾ ਗਾ ਨੀ ਰੋਹੀਆਂ ਦੇ
ਪੰਛੀਆਂ ਦੀ ਕਿਸਮਤ
ਬਹਿ ਬਹਿ ਜੋ ਸੱਥ ਵਿਚ ਰੋਏ

ਪੁਲੀਆਂ ਤੋਂ ਬਾਹਾਂ ਲਮਕਾਈ
ਊਸ਼ਾ ਸੋਚਦੀ
ਪਾਣੀਆਂ ਨੇ ਰੰਗ ਕੀ ਵਟਾਏ
ਉਹੋ ਰੰਗ ਜਿਹੜਾ ਅਸਾਂ
ਰਾਤ ਭਰ ਸਾਂਭਿਆ
ਪਲੋ ਪਲੀ ਮੁੱਕਦਾ ਜਾਏ

ਇਕ ਤਾਂ ਵਿਜੋਗ ਮੈਨੂੰ
ਔਸ ਫਰਮਾਂਹ ਦਾ
ਵਾਲ ਵਾਲ ਜਿਹੜਾ ਮੁਰਝਾਏ
ਜਦੋਂ ਕੋਈ ਬੁੱਲਾ ਇਹਦੀ
ਰਗ ਰਗ ਛੁਂਹਦਾ
ਭੋਰਾ ਭੋਰਾ ਝਰੀ ਝਰੀ ਜਾਏ

ਬੂਰ ਦੀ ਸੁਗੰਧ ਭਲਾ
ਨਟ ਖਟ ਛੋਕਰੀ
ਤਿੱਖੇ ਤਿੱਖੇ ਡੰਗ ਬਰਸਾਏ
ਡੰਗ ਦੀ ਕਹਾਣੀ ਬੜੀ ਲੰਬੀ
ਮੇਰੇ ਹਾਣੀਆਂ
ਹਾਣ ਬਾਝੋਂ ਹਾਣ ਤਿਰਹਾਏ

ਹਾਣੀਆਂ ਦੀ ਵਾਜ ਆਈ
ਵੱਡੇ ਦਰਵਾਜ਼ਿਓਂ
ਏਸ ਪਿੰਡੋਂ ਚੱਲੀਏ ਨੀ ਮਾਏ
'ਬਹਿ ਜਾ ਵੇ ਬੀਬਾ ਪੁੱਤ
ਗੱਲ ਸੁਣ ਰਾਹ ਦੀ
ਨੰਗੇ ਪੈਰੀਂ ਚੱਲਿਆ ਨਾ ਜਾਏ'

**ਲੇਖਕ : ਕੁਲਵੰਤ ਸਿੰਘ ਗਰੇਵਾਲ**

## ਉਨ੍ਹਾਂ ਕਾਨੂੰਨ ਲਿਖਿਆ

ਹੱਟੀ ਤੇ ਬੈਠਿਆਂ ਨੇ ਕਾਨੂੰਨ ਲਿਖਿਆ
ਕਿਹਾ ਕਿ ਹੁਣ ਪੈਲੀਆਂ ਚ ਫ਼ਸਲਾਂ
ਇੱਕੋ ਹੁਕਮ ਨਾਲ ਉੱਗਣਗੀਆਂ

ਅਸੀਂ ਹੀ ਭੰਡਾਰੀ
ਅਸੀਂ ਹੀ ਵਪਾਰੀ
ਅਸੀਂ ਹੀ ਸੰਸਾਰੀ

ਜਿਸ ਨੂੰ ਜਦ ਚਾਹਿਆ
ਮਾਰਾਂਗੇ , ਜੀਵਾਵਾਂਗੇ
ਮੁਲਕ ਦੇ ਚੱਪੇ ਚੱਪੇ ਤੇ ਫ਼ੈਲ ਜਾਵਾਂਗੇ।
ਪਰ ਇਹ ਗੱਲ ਭੁੱਲ ਗਏ

ਖਲੋਤੀ ਫਸਲ ਤੇ ਜਦ ਗੜੇਮਾਰ ਪਵੇ
ਕੱਖ ਨਾ ਰਵ੍ਹੇ।
ਸੁਪਨੇ ਰਹਿ ਜਾਣ ਧਰੇ ਧਰਾਏ।
ਮਰਦਾ ਮਾਰਿਆ ਕਿੱਧਰ ਜਾਏ।

ਹੁਣ ਖੇਤਾਂ ਵਾਲੇ ਸੜਕਾਂ ਤੇ
ਸੜਕਾਂ ਤੇ ਆਏ ਪੁੱਛਦੇ ਹਨ।
ਕੌਣ ਹਨ ਇਹ ਨਵੇਂ ਵਲੀ ਕੰਧਾਰੀ
ਜੋ ਸਾਡੇ ਜੀਣ ਸੋਮਿਆਂ ਤੇ
ਝਪਟਣ ਲਈ
ਤਿਆਰ ਬਰ ਤਿਆਰ ਖੜ੍ਹੇ
ਗਿਰਝਾਂ ਦਾ ਭਾਈਚਾਰਾ।

ਜਿੰਨ੍ਹਾਂ ਕਾਨੂੰਨ ਲਿਖਿਆ
ਉਹ ਸਮਝ ਲੈਣ
ਕਿ ਜ਼ਮੀਨ ਜੱਟ ਦੀ ਮਾਂ
ਏਹੀ ਧੁੱਪ ਤੇ ਏਹੀ ਛਾਂ
ਸਾਡੀ ਮਾਂ ਵੱਲ ਉੱਠੀਆਂ
ਮੈਲੀਆਂ ਅੱਖਾਂ ਕੱਢ ਦਿਆਂਗੇ
ਸਦਾ ਲਈ ਫਸਤਾ ਵੱਢ ਦਿਆਂਗੇ।

ਪਾਸ਼ ਦੇ ਕਹਿਣ ਮੁਤਾਬਕ
ਵਕਤ ਨੇ ਸਾਨੂੰ
ਬਹੁਤ ਬੇਲਿਹਾਜ਼ ਕਰ ਦਿੱਤਾ ਹੈ।

**ਲੇਖਕ : ਹਰਵਿੰਦਰ ਰਿਆੜ**

# ਨਾਰੀ ਸੰਸਾਰ

## ਆਪਣਾ ਸੁਭਾਅ ਖ਼ੁਸ਼-ਮਿਜ਼ਾਜ ਬਣਾਓ



ਲੇਖਕ : ਕੁਲਦੀਪ ਸਿੰਘ ਬਨੂੜ

ਹਮੇਸ਼ਾ ਖ਼ੁਸ਼ ਮਿਜ਼ਾਜ਼ ਸੁਭਾਅ ਇਕ ਇਨਸਾਨ ਦਾ ਬੇਸ਼ੁਮਾਰ ਕੀਮਤੀ ਗਹਿਣਾ ਹੁੰਦਾ ਹੈ ਜਿਸ ਦੀ ਚਮਕ-ਦਮਕ ਅਤੇ ਖ਼ੁਸ਼ਬੂ ਤੁਹਾਡੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਮਹਿਕਾ ਦਿੰਦੀ ਹੈ। ਇਹੋ ਜਿਹੇ ਸੁਭਾਅ ਦੇ ਮਾਲਕ ਨੂੰ ਹਰ ਮਿਲਣ ਵਾਲਾ ਵਿਅਕਤੀ ਪਸੰਦ ਕਰਦਾ ਹੈ। ਹਰ ਵਿਅਕਤੀ ਉਸ ਨਾਲ ਬਿਨਾਂ ਕੰਮ ਅਤੇ ਲੋੜ ਤੋਂ ਸ਼ਬਦਾਂ ਦੀ ਸਾਂਝ ਪਾ ਲੈਂਦਾ ਹੈ। ਉਸ ਨਾਲ ਬਿਤਾਏ ਹੋਏ ਪਲਾਂ ਨੂੰ ਆਪਣੀ ਯਾਦਾਂ ਦੀ ਚੰਗੇਰ ਵਿਚ ਸੰਜੋਅ ਕੇ ਰੱਖਦਾ ਹੈ। ਲੋਕਾਂ ਦਾ ਉਸ ਵਿਅਕਤੀ ਦੇ ਪ੍ਰਤੀ ਰਵੱਈਆ ਹਮਦਰਦੀ ਭਰਿਆ ਰਹਿੰਦਾ ਹੈ। ਇਹੋ ਜਿਹਾ ਵਿਅਕਤੀ ਆਪਣੀ ਛੋਟੀ ਜਿਹੀ ਮੁਸਕਾਨ ਨਾਲ ਦੂਸਰੇ ਵਿਅਕਤੀ ਦੇ ਚਿਹਰੇ 'ਤੇ ਰੌਣਕ ਲਿਆ ਦਿੰਦਾ ਹੈ। ਹੱਸਮੁੱਖ ਲੋਕ ਹਮੇਸ਼ਾ ਜ਼ਿੰਦਗੀ ਦਾ ਲੁਤਫ਼ ਉਠਾਉਂਦੇ ਹਨ। ਹਸਮੁੱਖ ਇਨਸਾਨਾਂ ਵਿਚ ਇਕ ਨਿਵੇਕਲੀ ਖਿੱਚ ਹੁੰਦੀ ਹੈ ਜੋ ਕਿ ਹਰ ਵਿਅਕਤੀ ਨੂੰ ਨੇੜੇ ਲਿਆਉਣ ਦੀ ਵਿਸ਼ੇਸ਼ ਤਾਕਤ ਹੁੰਦੀ ਹੈ। ਅਗਰ ਕੋਈ ਵਿਅਕਤੀ ਅਜਿਹੇ ਵਿਅਕਤੀ ਦੇ ਥੋੜ੍ਹਾ ਦੂਰੋਂ ਲੰਘ ਰਿਹਾ ਹੈ ਤਾਂ ਉਹ ਥੋੜ੍ਹੀ ਵੱਧ ਦੂਰੀ ਤਹਿ ਕਰਕੇ ਨੇੜੇ ਹੋ ਕੇ ਲੰਘੇਗਾ ਤਾਂ ਜੋ ਕਿ ਉਹ ਮਿਲ ਕੇ ਜਾਵੇ। ਇਸ ਤਰ੍ਹਾਂ ਦੇ ਇਨਸਾਨਾਂ ਨੂੰ ਆਪਣੇ ਕੰਮ-ਕਾਰ ਵਿਚ ਨਕਾਰਾਤਮਕਤਾ ਕਦੇ ਵੀ ਨਹੀਂ ਝਲਕਦੀ ਸਗੋਂ ਹਰ ਔਖੇ ਕਾਰਜ ਨੂੰ ਵੀ ਖਿੜ੍ਹੇ ਮੱਥੇ ਪੂਰਾ ਕਰ ਲੈਂਦਾ ਹੈ। ਖ਼ੁਸ਼ ਮਿਜ਼ਾਜ਼ ਸੁਭਾਅ ਦੇ ਵਿਅਕਤੀ ਦੇ ਚਿਹਰੇ 'ਤੇ ਰੌਣਕ ਹੁੰਦੀ ਹੈ ਅਤੇ ਝੁਰੜੀਆਂ ਚਿਹਰੇ ਤੋਂ ਦੂਰੀ ਬਣਾ ਕੇ ਰੱਖਦੀਆਂ ਹਨ। ਹਸਮੁੱਖ ਲੋਕ ਜ਼ਿੰਦਗੀ ਦੇ ਹਰ ਪਲ ਨੂੰ ਮਾਣਦੇ ਹਨ ਨਾ ਕਿ ਜ਼ਿੰਦਗੀ ਨੂੰ ਕੱਟਦੇ ਹਨ। ਅਜਿਹੇ ਲੋਕਾਂ ਨਾਲ ਵਾਹ-ਵਾਸਤਾ ਰੱਖਣ ਵਾਲੇ ਲੋਕ ਵੀ ਉਨ੍ਹਾਂ ਦੇ ਸਾਹਮਣੇ ਆ ਕੇ ਤਣਾਅ ਮੁਕਤ ਹੋ ਜਾਂਦੇ ਹਨ ਅਤੇ ਉਨ੍ਹਾਂ ਵਾਂਗ ਖ਼ੁਸ਼ ਮਿਜ਼ਾਜ਼ ਹੋਣ ਬਾਰੇ ਲੋਚਦੇ ਹਨ। ਇਹ ਵੀ ਸੱਚ ਹੈ ਕਿ ਜਿਸ ਚਿਹਰੇ 'ਤੇ ਤਣਾਅ ਆਪਣੇ ਤੰਬੂ ਲਗਾ ਕੇ ਬੈਠੇ ਹੁੰਦੇ ਹਨ ਤਾਂ ਖ਼ੁਸ਼ੀਆਂ ਨੂੰ ਵਿਹੜੇ ਬੈਠਣ ਨਹੀਂ ਦਿੰਦੇ ਹਨ।

ਜੇਕਰ ਅਸੀਂ ਗੁਲਾਬ ਦੇ ਫੁੱਲ ਨੂੰ ਵੇਖੀਏ ਕਿ ਕੁਦਰਤ ਨੇ ਇਸ ਸ੍ਰਿਸ਼ਟੀ ਵਿਚ ਅਨੇਕਾਂ ਹੀ ਫੁੱਲ ਪੈਦਾ ਕੀਤੇ ਹਨ। ਪਰ ਸਾਰੇ ਫੁੱਲਾਂ ਵਿਚ ਗੁਲਾਬ ਦਾ ਫੁੱਲ ਸਭ ਤੋਂ ਸੋਹਣਾ ਅਤੇ ਵਿਲੱਖਣ ਹੈ ਕਿਉਂਕਿ ਗੁਲਾਬ ਦਾ ਫੁੱਲ ਟਾਹਣੀ ਉੱਤੇ ਟਹਿਕਦਾ ਹੁੰਦਾ ਹੈ ਤਾਂ ਆਪਣੀ ਖ਼ੁਸ਼ਬੂ ਨਾਲ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਮਹਿਕਾ ਦਿੰਦਾ ਹੈ। ਬੇਸ਼ੱਕ ਗੁਲਾਬ ਦਾ ਫੁੱਲ ਕੰਡਿਆਂ ਦੇ ਵਿਚਾਲੇ ਘਿਰਿਆ ਹੋਇਆ ਹੈ ਪਰ ਭੰਵਰੇ ਉਸ ਦੇ ਆਲੇ-ਦੁਆਲੇ ਮੰਡਰਾ ਰਹੇ ਹੁੰਦੇ ਹਨ। ਮਧੂ-ਮੱਖੀਆਂ ਉਸ ਦੇ ਆਲੇ-ਦੁਆਲੇ ਕੇਂਦਰਿਤ ਹੁੰਦੀਆਂ ਹਨ। ਇਨਸਾਨ ਵੀ ਉਸ ਦੀ ਖ਼ੁਸ਼ਬੂ ਦਾ ਕਾਇਲ ਹੋ ਜਾਂਦਾ ਹੈ। ਬਾਕੀ ਫੁੱਲਾਂ ਦੇ ਮੁਕਾਬਲੇ ਗੁਲਾਬ ਦੇ ਫੁੱਲ ਦਾ ਮਹੱਤਵ ਉਸ ਦੀ ਖ਼ੁਸ਼ਬੂ ਕਰਕੇ ਵਧੇਰੇ ਹੈ। ਇਸ ਤਰ੍ਹਾਂ ਹਸਮੁੱਖ ਇਨਸਾਨ ਵੀ ਬਾਕੀ ਲੋਕਾਂ ਦੇ ਮੁਕਾਬਲੇ ਆਪਣੇ ਵੱਲ ਵਧੇਰੇ ਆਕਰਸ਼ਿਤ ਕਰਦਾ ਹੈ।

ਜੋ ਲੋਕ ਹਮੇਸ਼ਾ ਆਪਣੇ ਚਿਹਰੇ 'ਤੇ ਉਦਾਸੀ ਦੇ ਮਖੌਟੇ ਦਾ ਲਿਬਾਸ ਪਹਿਨ ਕੇ ਰੱਖਦੇ ਹਨ। ਉਨ੍ਹਾਂ ਦੇ ਚਿਹਰੇ 'ਤੇ ਉਦਾਸੀਆਂ ਦੀਆਂ ਰੇਖਾਵਾਂ ਆਪ ਮੁਹਾਰੇ ਉੱਕਰ ਜਾਂਦੀਆਂ ਹਨ ਜੋ ਕਿ ਚਿਹਰੇ ਦੀ ਰੌਣਕ ਨੂੰ ਤਹਿਸ-ਨਹਿਸ ਕਰ ਦਿੰਦੀਆਂ ਹਨ। ਇਸ ਤਰ੍ਹਾਂ ਵਿਅਕਤੀ ਦੇ ਸੁਭਾਅ ਵਿਚ ਚਿੜਚਿੜਾਪਨ ਉਤਪੰਨ ਹੋ ਜਾਂਦਾ ਹੈ। ਚਿਹਰੇ ਤੋਂ ਆਕਰਸ਼ਣ ਖੰਭ ਲਾ ਕੇ ਉੱਡ ਜਾਂਦਾ ਹੈ। ਅਜਿਹੇ ਵਿਅਕਤੀ ਤੋਂ ਹਰ ਕੋਈ ਦੂਰੀ ਬਣਾ ਕੇ ਰੱਖਦਾ ਹੈ ਅਤੇ ਨਾ ਹੀ ਕੋਈ ਉਸ ਨਾਲ ਤਾਲੁਕਾਤ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਜਿਹੇ ਵਿਅਕਤੀ ਦਾ ਚਿਹਰਾ ਬੁਝਾਰਤ ਬਣ ਜਾਂਦਾ ਹੈ। ਅਜਿਹਾ ਇਨਸਾਨ ਸਮਾਜ ਅਤੇ ਪਰਿਵਾਰਕ ਰਿਸ਼ਤਿਆਂ ਤੋਂ ਟੁੱਟ ਜਾਂਦਾ ਹੈ। ਹਮੇਸ਼ਾਂ ਗੁਸੈਲੇ, ਕੁੜ੍ਹਨ ਵਾਲੇ, ਚਿੜਚਿੜੇ ਸੁਭਾਅ ਵਾਲੇ ਇਨਸਾਨ ਦੇ ਸਮਾਜਿਕ ਰਿਸ਼ਤੇ ਤਿੜਕੇ ਹੀ ਰਹਿੰਦੇ ਹਨ। ਵਿਅਕਤੀ ਜਿੰਨਾ ਮਰਜ਼ੀ ਸੁਹਣਾ-ਸੁਨੱਖਾ ਅਤੇ ਹੁਸਨ ਦਾ ਮਾਲਕ ਹੋਵੇ ਲੇਕਿਨ ਉਸ ਦਾ ਸੁਭਾਅ ਵਧੀਆ ਨਹੀਂ ਹੈ ਤਾਂ ਉਸ ਨਾਲ ਕੋਈ ਵੀ ਮਿਲਵਰਤਨ ਨਹੀਂ ਰੱਖਣਾ ਚਾਹੁੰਦਾ। ਸੁੰਦਰਤਾ ਸਲੀਕੇ ਦੀ ਕਸਵੱਟੀ 'ਤੇ ਘੱਟ ਹੀ ਖ਼ਰੀ ਉਤਰਦੀ ਹੈ। ਅਸੀਂ ਇਹ ਗੱਲ ਸਹਿਜੇ ਹੀ ਕਹਿ ਸਕਦੇ ਹਾਂ ਕਿ ਵਿਅਕਤੀ ਦੀ ਸੁੰਦਰਤਾ ਸਮੇਂ ਦੇ ਨਾਲ ਢੱਲਦੀ ਰਹਿੰਦੀ ਹੈ ਪਰ ਉਸ ਦਾ ਸੁਭਾਅ ਮੌਤ ਤੱਕ ਆਕਰਸ਼ਣ ਦਾ ਕੇਂਦਰ ਬਣਿਆ ਰਹਿੰਦਾ ਹੈ। ਵਿਅਕਤੀ ਸੁਭਾਅ ਦੀ ਸੁੰਦਰਤਾ ਹਮੇਸ਼ਾ ਹੀ ਆਪਣਾ ਪ੍ਰਭਾਵ ਕਾਇਮ ਰੱਖਦੀ ਹੈ। ਉਦਾਸੀ ਦੇ ਆਲਮ ਵਿਚ ਰਹਿਣ ਵਾਲੇ ਵਿਅਕਤੀ ਦਾ ਕਿਸੇ ਵੀ ਸਮੱਸਿਆ ਦੇ ਆਉਣ 'ਤੇ ਹੌਸਲਾ ਤਿੱਤਰ-ਬਿੱਤਰ ਹੋ ਜਾਂਦਾ ਹੈ। ਉਸ ਦੀ ਹਿੰਮਤ ਵੀ ਬੇਹਿੰਮਤੀ ਹੋ ਜਾਂਦੀ ਹੈ। ਅਜਿਹੇ ਮੋੜ 'ਤੇ ਵਿਅਕਤੀ ਦੇ ਸੁਭਾਅ ਕਰਕੇ ਸਾਕ- ਸੰਬੰਧੀ, ਰਿਸ਼ਤੇਦਾਰ ਮੂੰਹ ਫ਼ੇਰ ਲੈਂਦੇ ਹਨ।

ਸੋ, ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦਾ ਖ਼ੁਸ਼ ਮਿਜ਼ਾਜ਼ ਸੁਭਾਅ ਇਕ ਸ਼ਕਤੀਸ਼ਾਲੀ ਜ਼ਰੀਆ ਹੈ ਜੋ ਕਿ ਕਿਸੇ ਵੀ ਵਿਅਕਤੀ ਦੇ ਦਿਲ ਵਿਚ ਜਗ੍ਹਾ ਬਣਾਉਣ ਲਈ ਅਹਿਮ ਰੋਲ ਅਦਾ ਕਰਦਾ ਹੈ। ਜੇਕਰ ਕੋਈ ਵੀ ਵਿਅਕਤੀ ਤੁਹਾਡੀ ਕੋਈ ਮਦਦ ਕਰਦਾ ਹੈ ਤਾਂ ਉਸ ਵਿਅਕਤੀ ਦਾ ਖਿੜ੍ਹੇ ਮੱਥੇ ਧੰਨਵਾਦ ਜ਼ਰੂਰ ਕਰੋ। ਇਸ ਨਾਲ ਤੁਹਾਡੇ ਵਲੋਂ ਵਰਤੇ ਗਏ ਧੰਨਵਾਦੀ ਸ਼ਬਦ ਉਸ ਨੂੰ ਖ਼ੁਸ਼ੀ ਪ੍ਰਦਾਨ ਕਰਨਗੇ ਅਤੇ ਉਹ ਵਿਅਕਤੀ ਭਵਿੱਖ ਵਿਚ ਤੁਹਾਡੀ ਮਦਦ ਚਾਈਂ-ਚਾਈਂ ਕਰੇਗਾ।

# ਮੁਸ਼ਕਿਲਾਂ ਤੋਂ ਨਾ ਘਬਰਾਓ

ਲੇਖਕ : ਸੰਜੀਵ ਸਿੰਘ ਸੈਣੀ
ਮੋਬਾਈਲ : 78889-66168

ਜ਼ਿੰਦਗੀ ਦਾ ਸਫ਼ਰ ਚੁਣੌਤੀਆਂ ਭਰਪੂਰ ਹੁੰਦਾ ਹੈ। ਜ਼ਿੰਦਗੀ ਤੋਂ ਬਹੁਤ ਕੁਝ ਸਿੱਖੋ। ਜ਼ਿੰਦਗੀ ਸਾਨੂੰ ਜੀਵਨ ਜੀਉਣ ਦਾ ਢੰਗ ਸਿਖਾਉਂਦੀ ਹੈ। ਜ਼ਿੰਦਗੀ ਨੂੰ ਵਧੀਆ ਨਿਖਾਰਨ ਲਈ ਇਕ ਇੱਛਾ ਰੱਖੋ। ਜੇ ਸਾਡਾ ਟੀਚਾ ਵਧੀਆ ਹੋਵੇਗਾ ਤਾਂ ਅਸੀਂ ਮੰਜ਼ਿਲ ਸਰ ਕਰ ਸਕਦੇ ਹਾਂ। ਕਈ ਲੋਕ ਸੋਚਦੇ ਹਨ ਕਿ ਮੈਂ ਵੱਡੀ ਗੱਡੀ ਲੈ ਲਈ ਜਾਂ ਮੈਂ ਬਹੁਤ ਜ਼ਿਆਦਾ ਜ਼ਮੀਨ ਖ਼ਰੀਦ ਲਈ ਜਾਂ ਮੈਂ ਚਾਰ-ਪੰਜ ਕੋਠੀਆਂ ਬਣਾ ਲਈਆਂ ਜਾਂ ਮੇਰੀ ਸ਼ਹਿਰ ਵਿਚ ਬਹੁਤ ਜ਼ਿਆਦਾ ਪ੍ਰਾਪਰਟੀ ਹੈ। ਉਹ ਇਸੇ ਨੂੰ ਆਪਣੀ ਜ਼ਿੰਦਗੀ ਦਾ ਟੀਚਾ ਸਮਝਦੇ ਹਨ ਪਰ ਇਹ ਕਦੇ ਵੀ ਜ਼ਿੰਦਗੀ ਦਾ ਉਦੇਸ਼ ਨਹੀਂ ਹੋ ਸਕਦਾ। ਜ਼ਿੰਦਗੀ ਵਿਚ ਹਰ ਇਨਸਾਨ ਦਾ ਉਦੇਸ਼ ਹੁੰਦਾ ਹੈ ਕਿ ਜ਼ਿੰਦਗੀ ਵਿਚ ਉਸ ਦਾ ਬਹੁਤ ਹੀ ਵਧੀਆ ਤੇ ਉੱਚਾ ਟੀਚਾ ਹੋਵੇ। ਹਰ ਇਕ ਦਿਨ ਨਵੀਂ ਉਮੀਦ ਲੈ ਕੇ ਆਉਂਦਾ ਹੈ। ਹਰ ਇਕ ਦਿਨ ਨੂੰ ਵਧੀਆ ਜਿਓ। ਜ਼ਿੰਦਗੀ ਵਿਚ ਬਹੁਤ ਵਾਰ ਅਸਫਲਤਾਵਾਂ ਮਿਲਦੀਆਂ ਹਨ। ਕਦੇ ਵੀ ਉਦਾਸ ਨਾ ਹੋਵੋ। ਸੋਚੋ ਕਿ ਸਫਲਤਾ ਸਾਨੂੰ ਕਿਉਂ ਨਹੀਂ ਮਿਲੀ। ਸਾਡੀ ਕਿਹੜੀ ਅਜਿਹੀ ਗ਼ਲਤੀ ਸੀ ਜਿਹੜੀ ਸਾਨੂੰ ਆਪਣੇ ਟੀਚੇ 'ਤੇ ਨਹੀਂ ਪਹੁੰਚਾ ਸਕੀ। ਫਿਰ ਸੰਘਰਸ਼ ਕਰੋ। ਫਿਰ ਸਫਲਤਾ ਤੁਹਾਡੇ ਇਕ ਦਿਨ ਪੈਰ ਜ਼ਰੂਰ ਚੁੰਮੇਗੀ।ਜੇ ਹਰ ਇਕ ਕੰਮ ਵਿਚ ਅਸਫਲਤਾ ਮਿਲ ਰਹੀ ਹੈ ਤਾਂ ਕਦੇ ਵੀ ਨਾ ਘਬਰਾਓ। ਅਗਲੀ ਵਾਰ ਫਿਰ ਕੋਸ਼ਿਸ਼ ਕਰੋ। ਅਸਫਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਜ਼ਿੰਦਗੀ ਵਿਚ ਚਾਹੇ ਕੋਈ ਵੀ ਸੁਪਨਾ ਹੋਵੇ, ਸਿਵਲ ਅਧਿਕਾਰੀ ਬਣਨਾ, ਪਾਇਲਟ ਜਾਂ ਫ਼ੌਜ 'ਚ ਜਾਣਾ, ਪਹਿਲੀ ਵਾਰ ਬਹੁਤ ਘੱਟ ਮੌਕੇ ਹੁੰਦੇ ਹਨ ਕਿ ਚੋਣ ਹੋ ਜਾਵੇ। ਜੇ ਚੋਣ ਨਹੀਂ ਹੁੰਦੀ ਤਾਂ ਘਬਰਾਓ ਨਹੀਂ। ਗ਼ਲਤੀਆਂ ਨੂੰ ਸੁਧਾਰੋ, ਦੁਬਾਰਾ ਤਿਆਰੀ ਕਰੋ। ਜ਼ਿੰਦਗੀ ਇਥੇ ਹੀ ਖ਼ਤਮ ਨਹੀਂ ਹੁੰਦੀ। ਦਰੱਖ਼ਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪੱਤਝੜ ਵਿਚ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ ਅਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ, ਤਾਂ ਕਿ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ। ਕਿੰਨੀਆਂ ਹੀ ਉਦਾਹਰਨਾਂ ਸਾਨੂੰ ਮਿਲ ਜਾਂਦੀਆਂ ਹਨ। ਜਿਵੇਂ ਇਬਰਾਹੀਮ ਲਿੰਕਨ, ਐਡੀਸਨ ਜਿਨ੍ਹਾਂ ਨੇ ਗ਼ਰੀਬੀ ਦਾ ਸਾਹਮਣਾ ਕਰਕੇ ਸਫਲਤਾ ਪ੍ਰਾਪਤ ਕੀਤੀ ਤੇ ਆਪਣਾ ਨਾਂਅ ਰੌਸ਼ਨ ਕੀਤਾ। ਲੋਕਾਂ ਦੀ ਕਦੇ ਵੀ ਪ੍ਰਵਾਹ ਨਾ ਕਰੋ। ਲੋਕਾਂ ਨੂੰ ਆਪਣਾ ਕੰਮ ਕਰਨ ਦੇਵੋ। ਤੁਸੀਂ ਆਪਣੀ ਮਿਹਨਤ ਕਰਦੇ ਰਹੋ। ਸਫਲ ਹੋਏ ਵਿਅਕਤੀ ਦੀ ਜੀਵਨੀ ਪੜ੍ਹੋ, ਉਨ੍ਹਾਂ ਨੇ ਸਫਲਤਾ ਕਿਵੇਂ ਹਾਸਿਲ ਕੀਤੀ। ਦੁੱਖ-ਸੁੱਖ ਤਾਂ ਆਉਂਦੇ ਰਹਿੰਦੇ ਹਨ। ਆਪਣੀ ਜ਼ਿੰਦਗੀ ਵਿਚ ਸੰਘਰਸ਼ ਕਰਦੇ ਰਹੋ। ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਹਮੇਸ਼ਾ ਪਰਮਾਤਮਾ ਦਾ ਸ਼ੁਕਰ ਕਰੋ। ਜਿਥੇ ਹੋ ਸਕੇ ਜਾਂ ਮੌਕਾ ਮਿਲੇ ਆਪਣੇ ਗੁਣਾਂ ਨੂੰ ਦੂਜਿਆਂ ਸਾਹਮਣੇ ਰੱਖੋ। ਆਪਣੀ ਕਾਬਲੀਅਤ ਨੂੰ ਪੇਸ਼ ਕਰੋ। ਜੋ ਲੋਕ ਸਮੁੰਦਰ ਵਿਚੋਂ ਹੀਰੇ ਮੋਤੀ ਚੁਣਦੇ ਹਨ, ਉਹ ਸਫਲਤਾ ਨੂੰ ਇਕ ਦਿਨ ਪ੍ਰਾਪਤ ਕਰਦੇ ਹਨ। ਜਦੋਂ ਤੁਸੀਂ ਟੀਚੇ 'ਤੇ ਪੁੱਜ ਜਾਂਦੇ ਹੋ ਉਹੀ ਜ਼ਿੰਦਗੀ ਦਾ ਮਹੱਤਵਪੂਰਨ ਸਮਾਂ ਜ਼ਿੰਦਗੀ ਦਾ ਉਦੇਸ਼ ਹੁੰਦਾ ਹੈ। ਕਦੇ ਵੀ ਝੂਠ ਦਾ ਸਹਾਰਾ ਨਾ ਲਵੋ। ਜੇ ਝੂਠ ਬੋਲਦੇ ਰਹਾਂਗੇ ਤਾਂ ਸਾਡਾ ਟੀਚਾ ਪੂਰਨ ਨਹੀਂ ਹੋਵੇਗਾ। ਆਪਣੇ ਮਨਚਾਹੇ ਟੀਚੇ ਤੱਕ ਮਿਹਨਤ ਨਾਲ ਪੁੱਜਣਾ ਹੀ ਤਰੱਕੀ ਹੈ. ਜੇ ਤੁਸੀਂ ਜ਼ਿੰਦਗੀ ਵਿਚ ਆਪਣਾ ਉਦੇਸ਼ ਹਾਸਿਲ ਕਰ ਲਿਆ ਉਹੀ ਤਰੱਕੀ ਹੈ। ਜਦੋਂ ਵੀ ਮਾੜਾ ਸਮਾਂ ਆਉਂਦਾ ਡੋਲੋ ਨਾ। ਕਈ ਵਾਰ ਕਹਿੰਦੇ ਹਨ ਕਿ ਸਮਾਂ ਸਾਡੀ ਗਵਾਹੀ ਦਿੰਦਾ ਹੈ। ਲੋਕਾਂ ਦਾ ਕੰਮ ਬੋਲਣਾ ਹੈ। ਉਨ੍ਹਾਂ ਦਾ ਜੋ ਕੰਮ ਉਨ੍ਹਾਂ ਨੂੰ ਕਰਨ ਦਿਓ। ਤੁਸੀਂ ਆਪਣਾ ਕੰਮ ਕਰਦੇ ਰਹੋ ਤਾਂ ਹੀ ਤੁਸੀਂ ਵਧੀਆ ਟੀਚਾ ਹਾਸਿਲ ਕਰਦੇ ਰਹੋਗੇ। ਇਹੀ ਜ਼ਿੰਦਗੀ ਦਾ ਨਿਚੋੜ ਹੈ ਤਾਂ ਹੀ ਜ਼ਿੰਦਗੀ ਖ਼ੂਬਸੂਰਤ ਬਣ ਸਕਦੀ ਹੈ।



# ਚੰਗੇ ਬੁਰੇ ਦੀ ਪਛਾਣ ਖ਼ੁਦ ਕਰਨਾ ਸਿੱਖੋ

ਲੇਖਕ ਅਮਰਜੀਤ ਬਰਾੜ
ਮੋਬਾਈਲ : 94179-49079

ਅਕਸਰ ਅਸੀਂ ਜ਼ਿੰਦਗੀ ਵਿਚ ਉਹੀ ਕੁਝ ਬਣਦੇ ਹਾਂ ਜਿਸ ਚੀਜ਼ ਜਾਂ ਵਿਅਕਤੀ ਤੋਂ ਅਸੀਂ ਪ੍ਰਭਾਵਿਤ ਹੁੰਦੇ ਹਾਂ। ਪ੍ਰਭਾਵਿਤ ਕਰਨ ਵਾਲੀਆਂ ਗੱਲਾਂ, ਵਿਚਾਰ ਅਤੇ ਵਿਅਕਤੀ ਹੀ ਸਾਡੀ ਜ਼ਿੰਦਗੀ ਦੇ ਕਿਰਦਾਰ ਨੂੰ ਆਕਾਰ ਦਿੰਦੇ ਹਨ। ਅਸੀਂ ਉਨ੍ਹਾਂ ਲੋਕਾਂ ਵਰਗੇ ਹੁੰਦੇ ਹਾਂ ਜਿਹੜੇ ਸਾਨੂੰ ਚੰਗੇ ਲਗਦੇ ਹਨ। ਅਸੀਂ ਉਨ੍ਹਾਂ ਵਿਚਾਰਾਂ ਵਰਗੇ ਹੁੰਦੇ ਹਾਂ ਜਿਹੜੇ ਵਿਚਾਰ ਸਾਨੂੰ ਧੁਰ ਅੰਦਰੋਂ ਪ੍ਰਭਾਵਿਤ ਕਰਦੇ ਹਨ, ਜਿਸ ਤਰ੍ਹਾਂ ਦੀ ਸੰਗਤ, ਉਸੇ ਤਰ੍ਹਾਂ ਦੀ ਰੰਗਤ। ਭੂਤਕਾਲ ਦੀਆਂ ਗ਼ਲਤੀਆਂ ਤੁਹਾਡੇ ਵਰਤਮਾਨ ਨੂੰ ਦੁਖਦਾਈ ਬਣਾ ਦਿੰਦੀਆਂ ਹਨ ਅਤੇ ਵਰਤਮਾਨ ਦੀਆਂ ਕਈ ਗ਼ਲਤੀਆਂ ਤੁਹਾਡੇ ਭਵਿੱਖ ਨੂੰ ਧੁੰਦਲਾ ਕਰ ਦਿੰਦੀਆਂ ਹਨ।

ਕੋਈ ਸਾਡੇ ਬਾਰੇ ਕੀ ਸੋਚਦਾ ਹੈ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਖ਼ੁਦ ਆਪਣੇ ਬਾਰੇ ਕੀ ਸੋਚਦੇ ਹੋ? ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਗ਼ਲਤ ਆਦਤਾਂ ਪ੍ਰਤੀ ਨਰਮ ਰਵੱਈਆ ਜਾਂ ਉਨ੍ਹਾਂ ਪ੍ਰਤੀ ਸਹਿਣਸ਼ੀਲ ਹੋਣਾ ਸਭ ਤੋਂ ਵੱਧ ਖ਼ਤਰਨਾਕ ਹੈ। ਇਹ ਆਪਣੀਆਂ ਹੀ ਗ਼ਲਤੀਆਂ ਨੂੰ ਹੱਲਾਸ਼ੇਰੀ ਦੇਣ ਵਾਂਗ ਹੈ। ਗ਼ਲਤੀ ਨੂੰ ਸਵੀਕਾਰ ਕਰਨ ਦੀ ਬਜਾਏ ਉਸ ਉੱਪਰ ਪਰਦਾ ਪਾਉਣਾ ਇਕ ਅਜਿਹੀ ਗ਼ਲਤੀ ਹੈ ਜਿਸ ਦੀ ਸਜ਼ਾ ਨਾ ਕੇਵਲ ਅਸੀਂ ਖ਼ੁਦ ਭੁਗਤਦੇ ਹਾਂ ਬਲਕਿ ਇਸ ਦੀ ਸਜ਼ਾ ਬਾਕੀ ਸੰਬੰਧਿਤ ਵਿਅਕਤੀਆਂ ਨੂੰ ਵੀ ਭੁਗਤਣੀ ਪੈਂਦੀ ਹੈ।

ਜੇਕਰ ਖ਼ੁਦ ਨਾਲ ਲੜਨਾ ਆ ਗਿਆ ਤਾਂ ਬਹੁਤ ਸਾਰੀਆਂ ਲੜਾਈਆਂ ਆਪਣੇ-ਆਪ ਹੀ ਖ਼ਤਮ ਹੋ ਜਾਂਦੀਆਂ ਹਨ। ਬਹੁਤ ਸਾਰੀਆਂ ਮੁਸ਼ਕਿਲਾਂ ਦੇ ਹੱਲ ਜ਼ਬਾਨ ਨਾਲ ਹੀ ਹੋ ਜਾਂਦੇ ਹਨ ਅਤੇ ਬਹੁਤ ਸਾਰੀਆਂ ਮੁਸ਼ਕਿਲਾਂ ਜ਼ਬਾਨ ਕਰਕੇ ਹੀ ਖੜ੍ਹੀਆਂ ਹੁੰਦੀਆਂ ਹਨ। ਜਿਹੜਾ ਕੰਮ ਤੁਸੀਂ ਕਰਨਾ ਚਾਹੁੰਦੇ ਹੋ ਅਤੇ ਜੋ ਕੰਮ ਤੁਸੀਂ ਕਰ ਰਹੇ ਹੋ, ਜੇਕਰ ਉਸ ਵਿਚ ਬਹੁਤ ਵੱਡਾ ਫ਼ਰਕ ਹੈ ਤਾਂ ਫਿਰ ਉਹ ਕੰਮ ਕਦੇ ਵੀ ਨਹੀਂ ਹੋਵੇਗਾ ਜੋ ਕੰਮ ਤੁਸੀਂ ਕਰਨਾ ਚਾਹੁੰਦੇ ਹੋ। ਜਿੱਤਣ ਦੀ ਕੋਸ਼ਿਸ਼ ਕਰਨਾ ਚੰਗੀ ਗੱਲ ਹੈ ਅਤੇ ਸਿੱਖਣ ਦੀ ਕੋਸ਼ਿਸ਼ ਕਰਨਾ ਉਸ ਤੋਂ ਵੀ ਚੰਗੀ ਗੱਲ ਹੈ। ਆਖ਼ਰਕਾਰ ਸਾਡੇ ਫ਼ੈਸਲੇ ਹੀ ਸਾਡਾ ਭਵਿੱਖ ਤੈਅ ਕਰਦੇ ਹਨ। ਜੇਕਰ ਪਰਛਾਵਾਂ ਟੇਢਾ ਹੈ ਤਾਂ ਉਸ ਚੀਜ਼ ਨੂੰ ਠੀਕ ਕਰੋ ਜਿਸ ਤੋਂ ਪਰਛਾਵਾਂ ਬਣ ਰਿਹਾ ਹੈ। ਕਾਰਨਾਂ ਨੂੰ ਸਮਝੇ ਬਗ਼ੈਰ ਨਾ ਸਮੱਸਿਆ ਸਮਝ ਆਉਂਦੀ ਹੈ ਅਤੇ ਨਾ ਹੀ ਉਸ ਦਾ ਹੱਲ। ਸਾਡੀ ਅਗਿਆਨਤਾ ਹਰ ਸਮੱਸਿਆ ਦੀ ਜੜ੍ਹ ਹੈ।

ਅਕਸਰ ਸੌਖੀਆਂ ਜਿੱਤਾਂ ਸਾਡੇ ਵਿਚ ਘੁਮੰਡ ਪੈਦਾ ਕਰਦੀਆਂ ਹਨ। ਅਨਪੜ੍ਹਤਾ ਕਦੇ ਵੀ ਐਨੀ ਕਮਜ਼ੋਰ ਨਹੀਂ ਹੁੰਦੀ ਜਿੰਨੀ ਕਮਜ਼ੋਰ ਕਿਸੇ ਵਿਅਕਤੀ ਦੀ ਅਗਿਆਨਤਾ ਹੁੰਦੀ ਹੈ। ਅੱਖਾਂ ਮੀਟਣ ਨਾਲ, ਪਾਸਾ ਵੱਟ ਜਾਣ ਨਾਲ, ਮੂੰਹ ਫੇਰ ਲੈਣ ਨਾਲ ਅਤੇ ਪਰਦਾ ਪਾਉਣ ਨਾਲ ਕਦੇ ਵੀ ਕੋਈ ਸਮੱਸਿਆ ਹੱਲ ਨਹੀਂ ਹੁੰਦੀ। ਗ਼ਲਤੀ ਨੂੰ ਮੰਨ ਲੈਣ ਨਾਲ, ਅਸਲੀਅਤ ਨੂੰ ਸਵੀਕਾਰ ਕਰਨ ਨਾਲ ਅਤੇ ਚੁਣੌਤੀ ਦਾ ਸਾਹਮਣਾ ਕਰਨ ਨਾਲ ਹੀ ਅਸੀਂ ਆਪਣੀਆਂ ਸਮੱਸਿਆਵਾਂ ਦੇ ਹੱਲ ਕਰ ਸਕਦੇ ਹਾਂ। ਸਮੱਸਿਆਵਾਂ ਵਿਚੋਂ ਪੈਦਾ ਹੋਣ ਵਾਲੇ ਬੁਰੇ ਨਤੀਜਿਆਂ ਤੋਂ ਬਚ ਸਕਦੇ ਹਾਂ ਅਤੇ ਫਾਲਤੂ ਚਿੰਤਾਵਾਂ ਤੋਂ ਮੁਕਤ ਹੋ ਸਕਦੇ ਹਾਂ। ਜ਼ਿੰਦਗੀ ਵਿਚ ਦੁੱਖ, ਦਰਦ, ਮੁਸ਼ਕਿਲਾਂ ਅਤੇ ਸਮੱਸਿਆਵਾਂ ਦਾ ਖ਼ਤਮ ਹੋ ਜਾਣਾ ਅਸਲ ਵਿਚ ਮੌਤ ਹੈ। ਜਿਥੇ ਜ਼ਿੰਦਗੀ ਹੈ, ਉਥੇ ਸਮੱਸਿਆ ਵੀ ਹੈ, ਜਿਥੇ ਸਮੱਸਿਆ ਹੈ, ਉਥੇ ਹੱਲ ਵੀ ਹੈ। ਜਿਥੇ ਪਿਆਰ ਹੈ, ਉਥੇ ਅਹਿਸਾਸ ਵੀ ਹੁੰਦਾ ਹੈ, ਜਿਥੇ ਧੜਕਣ ਹੈ, ਉੱਥੇ ਭਾਵਨਾਵਾਂ ਵੀ ਹੁੰਦੀਆਂ ਹਨ।

ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਇਕ ਔਰਤ ਲਈ ਚੰਗੇ ਬੁਰੇ ਦੀ ਪਛਾਣ ਜ਼ਰੂਰੀ ਹੈ ਕਿਉਂਕਿ ਬਾਅਦ ਵਿਚ ਜਿਹੜੇ ਨਤੀਜੇ ਇਕ ਔਰਤ ਨੂੰ ਭੁਗਤਣੇ ਪੈਂਦੇ ਹਨ, ਉਨ੍ਹਾਂ ਨਾਲ ਨਾ ਕੇਵਲ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਹੈ, ਬਲਕਿ ਇਸ ਨਾਲ ਉਨ੍ਹਾਂ ਦਾ ਸਮਾਜਿਕ ਜੀਵਨ ਵੀ ਪ੍ਰਭਾਵਿਤ ਹੁੰਦਾ ਹੈ।

ਵਿਸ਼ਵਾਸ ਵਿਚ ਕਾਹਲੀ ਤੁਹਾਡੇ ਲਾਲਚ ਨੂੰ ਦਰਸਾਉਂਦੀ ਹੈ। ਮੁਆਫ਼ ਕਰੋ ਅਤੇ ਭੁੱਲ ਜਾਵੋ ਪਰ ਦੁਬਾਰਾ ਵਿਸ਼ਵਾਸ ਕਰਨ ਦੀ ਗ਼ਲਤੀ ਨਾ ਕਰੋ। ਫਿਰ ਵੀ ਜਿਨ੍ਹਾਂ ਨੂੰ ਮੈਂ ਆਪਣਾ ਦੋਸਤ ਬਣਾਇਆ ਹੈ, ਉਹ ਬਹੁਤ ਵਧੀਆ ਲੋਕ ਹਨ। ਮੈਂ ਮਾਤਰਾ ਨਾਲੋਂ ਗੁਣਵੱਤਾ ਦੀ ਚੋਣ ਕਰਦਾ ਹਾਂ। ਬੇਸ਼ੱਕ ਸਾਰੇ ਚੰਗੇ ਲੋਕ ਤੁਹਾਡੇ ਦੋਸਤ ਨਹੀਂ ਹੁੰਦੇ ਪਰ ਫਿਰ ਵੀ ਉਹ ਤੁਹਾਡੇ ਆਤਮ-ਵਿਸ਼ਵਾਸ ਵਿਚ ਵਾਧਾ ਕਰਦੇ ਹਨ।

ਜੇਕਰ ਤੁਹਾਡੇ ਵਿਚ ਕੋਈ ਬੁਰੀ ਆਦਤ ਹੈ ਤਾਂ ਉਸ ਨੂੰ ਅੱਜ ਹੀ ਤੋੜੋ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਤੁਹਾਡੀ ਇਹ ਆਦਤ ਕੱਲ੍ਹ ਨੂੰ ਤੁਹਾਨੂੰ ਤੋੜ ਦੇਵੇਗੀ। ਇਹ ਸਾਡੀਆਂ ਆਦਤਾਂ ਹੀ ਹਨ ਜੋ ਸਾਨੂੰ ਬਣਾਉਂਦੀਆਂ ਵੀ ਹਨ, ਤੋੜਦੀਆਂ ਵੀ ਹਨ, ਸਿਰਜਦੀਆਂ ਵੀ ਹਨ, ਹੇਠਾਂ ਵੱਲ ਵੀ ਲੈ ਕੇ ਜਾਂਦੀਆਂ ਹਨ ਅਤੇ ਸਾਡੀ ਸ਼ਖ਼ਸੀਅਤ ਨੂੰ ਵਿਕਸਤ ਵੀ ਕਰਦੀਆਂ ਹਨ। ਬੁਰੀਆਂ ਆਦਤਾਂ 'ਤੇ ਪ੍ਰਾਪਤ ਕੀਤੀ ਜਿੱਤ ਹੀ ਤੁਹਾਨੂੰ ਜੇਤੂ ਬਣਾਉਂਦੀ ਹੈ। ਜੇਕਰ ਤੁਸੀਂ ਚੰਗੇ ਹੋ ਤਾਂ ਯਕੀਨਨ ਤੁਹਾਡੇ ਦੋਸਤ ਵੀ ਚੰਗੇ ਹੀ ਹੋਣਗੇ।

ਕੋਈ ਹੋਰ ਵਿਅਕਤੀ ਤੁਹਾਡੇ ਲਈ ਉਹ ਨਹੀਂ ਕਰ ਸਕਦਾ ਜੋ ਤੁਸੀਂ ਖ਼ੁਦ ਆਪਣੇ ਲਈ ਕਰ ਸਕਦੇ ਹੋ। ਜੇਕਰ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਆਪਣੇ ਲਈ ਚੰਗਾ ਕਰ ਰਹੇ ਹੋ ਜਾਂ ਬੁਰਾ ਤਾਂ ਦੂਜੇ ਤੁਹਾਡੇ ਲਈ ਉਹੀ ਕੁਝ ਕਰਨਗੇ ਜੋ ਉਨ੍ਹਾਂ ਨੂੰ ਚੰਗਾ ਲਗਦਾ ਹੈ। ਜਾਣ-ਪਛਾਣ ਨੂੰ ਜਾਣ-ਪਛਾਣ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਜਾਣ-ਪਛਾਣ ਅਤੇ ਦੋਸਤੀ ਦੇ ਅੰਤਰ ਨੂੰ ਸਮਝੋ। ਹਰ ਗੱਲ 'ਤੇ ਨਿਰਣਾ ਕਰਨਾ ਜਾਂ ਨਿਰਣਾ ਲੈਣਾ ਠੀਕ ਨਹੀਂ ਕਿਉਂਕਿ ਕੁਝ ਗੱਲਾਂ ਸਿਰਫ਼ ਕਰਨ ਲਈ ਹੀ ਹੁੰਦੀਆਂ ਹਨ ਅਤੇ ਇਸ ਤੋਂ ਇਲਾਵਾ ਉਨ੍ਹਾਂ ਦਾ ਹੋਰ ਕੋਈ ਮਤਲਬ ਜਾਂ ਮਹੱਤਵ ਨਹੀਂ ਹੁੰਦਾ।



# CLASSIFIEDS & MATRIMONIALS



## GROOM WANTED

Jat Sikh Groom wanted for beautiful, 31 year old 5ft 3" girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5006

.............................................

ਗ੍ਰੇਟਰ ਵੈਨਕੂਵਰ ਵਿੱਚ ਰਹਿ ਰਹੀ ਕੈਨੇਡੀਅਨ ਜੰਮਪਲ ਜੱਟ ਸਿੱਖ ਲੜਕੀ, ਉਮਰ 31 ਸਾਲ, ਲੜਕੀ ਨੇ 2 ਯੂਨੀਵਰਸਿਟੀ ਦੀਆਂ ਡਿਗਰੀਆਂ ਕੀਤੀਆਂ ਹੋਈਆਂ ਹਨ, ਲਈ ਚੰਗੇ ਪੜ੍ਹੇ ਲਿਖੇ, ਮਿਹਨਤੀ ਕੈਨੇਡੀਅਨ ਜੰਮਪਲ ਜਾਂ ਕੈਨੇਡਾ ਵਿੱਚ ਵੱਡੇ ਹੋਏ ਲੜਕੇ ਦੀ ਲੋੜ ਹੈ। ਪਰਿਵਾਰ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ : 604-657-6533

.............................................

Family Oriented Canadian Born Jatt Sikh Girl, living in Greater Vancouver, age 31 years, height 5 feet 2 inches, holding 2 university degrees, looking for a hard working, educated, Canadian Born or raised in Canada boy. Contact : 604-657-6533

## BRIDE WANTED

ਇੰਗਲੈਂਡ ਵਿੱਚ ਜੰਮਿਆ ਅਤੇ ਵੱਡਾ ਹੋਇਆ ਲੜਕਾ ਜੋ ਹੁਣ ਕੈਨੇਡਾ, ਬੀ.ਸੀ. ਵਿੱਚ ਰਹਿ ਰਿਹਾ ਪੀ.ਆਰ. ਲੜਕਾ, ਉਮਰ 28 ਸਾਲਾ, ਕੱਦ 6 ਫੁੱਟ, ਆਪਣਾ ਪਰਿਵਾਰਕ ਬਿਜ਼ਨਸ, ਮਾਸਟਰ ਇਨ ਫਾਰਮੇਸੀ ਦੀ ਡਿਗਰੀ, ਨਸ਼ਿਆਂ ਤੋਂ ਰਹਿਤ ਲੜਕੇ (Short Time Divorce) ਲਈ ਕੈਨੇਡਾ ਵਿੱਚ ਯੋਗ ਲੜਕੀ ਦੀ ਭਾਲ ਹੈ। ਲੜਕੇ ਦਾ ਵੱਡਾ ਭਰਾ ਬ੍ਰਿਟੇਨ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ : +1 (236) 332-6769 AP 12-03

.............................................

ਅਮਰੀਕਾ ਸਿਟੀਜਨ ਅੰਮ੍ਰਿਤਧਾਰੀ ਸਿੱਖ, ਕੰਬੋਜ ਲੜਕਾ ਉਮਰ 39 ਸਾਲ, ਕੱਦ 5 ਫੁੱਟ 11 ਇੰਚ, ਐਸੋਸੀਏਟ ਅਕਾਊਂਟਿੰਗ, ਬੁੱਕਕੀਪਰ ਦਾ ਕੰਮ ਕਰਦੇ ਮਿਹਨਤੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। ਲੜਕੇ ਦੇ ਮਾਤਾ-ਪਿਤਾ ਮੈਨੇਜਰ ਅਤੇ ਦੋ ਭੈਣਾਂ ਚੰਗੀ ਨੌਕਰੀ ਕਰ ਰਹੀਆਂ ਹਨ। ਇੱਕ ਭੈਣ ਵਿਆਹੀ ਹੋਈ ਹੈ। ਸੰਪਰਕ ਕਰੋ : 604-720-5687 AP 29-12

.............................................

ਇੰਡੀਆ ਰਹਿੰਦੇ ਜੱਟ ਸਿੱਖ ਇਕਲੌਤਾ ਲੜਕਾ ਉਮਰ 27 ਸਾਲ ਕੱਦ 6 ਫੁੱਟ 2 ਇੰਚ ਲਈ ਕੈਨੇਡੀਅਨ ਇੰਮੀਗਰਾਂਟ/ਸਿਟੀਜਨ ਲੜਕੀ ਦੀ ਲੋੜ ਹੈ। ਪੜ੍ਹਾਈ ਤੌਰ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ।ਲੜਕਾ ITI ਡੀਜਲ ਕੋਰਸ ਹੋਲਡਰ ਹੈ। ਹੋਰ ਵਧੇਰੇ ਜਾਣਕਾਰੀ ਲਈ +1-604-938-4400 ਫੋਨ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ। BH 01-03


# CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310



# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANARY

ਤੁਹਾਡੀ ਸਹੂਲਤ ਲਈ ਸਰੀ 'ਚ ਨਵਾਂ ਦਫ਼ਤਰ ਖੋਲ੍ਹ ਦਿੱਤਾ ਹੈ।

ਫੋਨ : 604-594-0616, ਫੈਕਸ : 604 594 0611

ਫੋਰਕ ਲਿਫਟਰ ਅਤੇ ਕਲਾਸ 4 ਡਰਾਈਵਰਾਂ ਦੀ ਤੁਰੰਤ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ।

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ

ਲੜਕੇ ਅਤੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ। ਕੰਮ ਲਗਾਤਾਰ ਦੋ ਸ਼ਿਫ਼ਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ। ਯੋਗ ਸਟੂਡੈਂਟ ਵੀ ਸੰਪਰਕ ਸਕਦੇ ਹਨ।

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।



ਸੰਪਰਕ ਕਰੋ : 604-594-0616

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਵੋਟਿੰਗ ਮਸ਼ੀਨ, ਅਦਾਲਤ ਅਤੇ ਚੋਣ ਪ੍ਰਣਾਲੀ ਦੀ ਭਰੋਸੇਯੋਗਤਾ

ਵਲੋਂ : ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਰਾਹੀਂ ਪਈਆਂ ਵੋਟਾਂ ਦੀ 'ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟ੍ਰੇਲ' (ਵੀ.ਵੀ.ਪੀ.ਏ.ਟੀ. ਜਾਂ ਵੀ.ਵੀ.ਪੈਟ) ਨਾਲ 100 ਫੀਸਦ ਤਸਦੀਕ ਕਰਾਉਣ ਦੀ ਮੰਗ ਕਰਨ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕਰਨ ਬਾਅਦ ਭਾਰਤ ਵਿਚ ਈ.ਵੀ.ਐਮ. ਦਾ ਮਾਮਲਾ ਮੁੜ ਚਰਚਾ ਵਿਚ ਆ ਗਿਆ ਹੈ। ਦਰਅਸਲ, ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵੱਲੋਂ ਚੋਣ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣ ਦੇ ਮੰਤਵ ਨਾਲ ਸਰਬ ਉਚ ਅਦਾਲਤ ਵਿਚ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਅਦਾਲਤ ਨੇ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਨੂੰ ਮੁੜ ਅਪਣਾਉਣ ਦੀ ਅਪੀਲ ਕਰਨ ਵਾਲੀ ਪਟੀਸ਼ਨ ਸਮੇਤ ਸਾਰੀਆਂ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਹੈ; ਹਾਲਾਂਕਿ ਅਦਾਲਤੀ ਫੈਸਲੇ ਰਾਹੀਂ ਦੂਜੇ ਜਾਂ ਤੀਜੇ ਨੰਬਰ ਉਪਰ ਆਉਣ ਵਾਲੇ ਉਮੀਦਵਾਰ ਨੂੰ ਕੁਝ ਹੱਦ ਤੱਕ ਜਾਂਚ ਕਰਵਾਉਣ ਦਾ ਰਾਹ ਵੀ ਖੁੱਲ੍ਹ ਗਿਆ ਹੈ। ਸੁਪਰੀਮ ਕੋਰਟ ਵੱਲੋਂ ਪਿਛਲੇ ਮਹੀਨਿਆਂ ਦੌਰਾਨ ਦੋ ਅਹਿਮ ਮਾਮਲਿਆਂ ਉਪਰ ਲਏ ਸਟੈਂਡ ਦੀ ਲੋਕਾਂ ਨੇ ਸਰਾਹਨਾ ਕੀਤੀ ਸੀ ਕਿਉਂਕਿ ਚੋਣ ਬਾਂਡਾਂ ਅਤੇ ਚੰਡੀਗੜ੍ਹ ਮੇਅਰ ਚੋਣ ਮਾਮਲੇ ਵਿਚ ਹੋਈ ਨੰਗੀ-ਚਿੱਟੀ ਧਾਂਦਲੀ ਜਿਹੇ ਮੁੱਦੇ ਉਪਤੇ ਸੁਪਰੀਮ ਕੋਰਟ ਨੇ ਸੱਤਾਧਾਰੀ ਧਿਰ ਨੂੰ ਬੇਪਰਦ ਕਰ ਦਿੱਤਾ ਸੀ। ਪਿਛਲੇ ਸਮੇਂ ਦੌਰਾਨ ਜ਼ਿਆਦਾਤਰ ਮਾਮਲਿਆਂ ਵਿਚ ਉਚ ਅਦਾਲਤਾਂ ਸਰਕਾਰਾਂ ਵਿਰੁੱਧ ਕੇਸਾਂ 'ਚ ਆਮ ਤੌਰ ਉਪਤੇ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਂਦੀਆਂ ਰਹੀਆਂ ਹਨ ਪਰ ਇਹਨਾਂ ਦੋਵਾਂ ਮਾਮਲਿਆਂ ਵਿਚ ਸੁਪਰੀਮ ਕੋਰਟ ਦੇ ਫੈਸਲੇ ਲੋਕਾਂ ਨੂੰ ਮਿਸਾਲੀ ਲੱਗੇ। ਭਾਵੇਂ ਚੋਣ ਬਾਂਡਾਂ ਸਬੰਧੀ ਫੈਸਲਾ ਜਦ ਤੱਕ ਆਇਆ ਤਦ ਤੱਕ ਭਾਜਪਾ 6500 ਕਰੋੜ ਰੁਪਏ ਦੇ ਕਰੀਬ ਇਕੱਠੇ ਕਰ ਚੁੱਕੀ ਸੀ, ਫਿਰ ਵੀ ਇਸ ਫੈਸਲੇ ਨੇ ਭਾਜਪਾ ਨੂੰ ਬੇਪਰਦ ਕੀਤਾ। ਦੂਜਾ ਮਾਮਲਾ ਚੰਡੀਗੜ੍ਹ ਦੀ ਮੇਅਰ ਚੋਣ ਵਿਚ ਜਿਸ ਤਰ੍ਹਾਂ ਭਾਜਪਾ ਵੱਲੋਂ ਆਪਣੇ ਮੈਂਬਰ ਨੂੰ ਪ੍ਰੀਜ਼ਾਈਡਿੰਗ ਅਫਸਰ ਬਣਾ ਕੇ ਧਾਂਦਲੀ ਕੀਤੀ ਗਈ; ਉਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੇ ਭਾਜਪਾ ਦੇ ਨੈਤਿਕ ਚਰਿੱਤਰ ਉਪਰ ਸਵਾਲ ਖੜ੍ਹਾ ਕਰ ਦਿੱਤਾ। ਹੁਣ ਤਾਜ਼ਾ ਫੈਸਲੇ ਵਿਚ ਸੁਪਰੀਮ ਕੋਰਟ ਨੇ ਸਾਰੀਆਂ ਪਟੀਸ਼ਨਾਂ ਖਾਰਜ ਕਰਦਿਆਂ ਪੇਪਰ ਬੈਲੇਟ ਵੋਟਿੰਗ ਪ੍ਰਣਾਲੀ ਵੱਲ ਪਰਤਣ ਦੀ ਮੰਗ ਵੀ ਖਾਰਜ ਕਰ ਦਿੱਤੀ ਹੈ। ਅਦਾਲਤ ਦਾ ਕਹਿਣਾ ਹੈ ਕਿ ਢਾਂਚੇ ਦੇ ਕਿਸੇ ਪੱਖ ਤੇ ਭਰੋਸਾ ਨਾ ਕਰਨ ਨਾਲ ਬੇਲੋੜੇ ਸ਼ੰਕੇ ਖੜ੍ਹੇ ਹੋਣਗੇ। ਵੈਸੇ ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦ ਅਦਾਲਤ ਨੇ 'ਸਿਸਟਮ' ਵਿਚ ਦਖਲ ਦੇਣ ਤੋਂ ਇਨਕਾਰ ਕੀਤਾ ਹੈ, ਇਸ ਨੇ ਪਹਿਲਾਂ ਇੱਕ ਕੇਸ ਵਿਚ ਪੇਪਰ ਟ੍ਰੇਲ ਦੀ 50% ਤਸਦੀਕ ਸਬੰਧੀ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਹਾਲਾਂਕਿ 2013 ਦੇ ਇੱਕ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਪੇਪਰ ਟਰੇਲ ਆਜ਼ਾਦ ਅਤੇ ਨਿਰਪੱਖ ਚੋਣਾਂ ਲਈ ਲਾਜ਼ਮੀ ਲੋੜ ਹੈ' ਪਰ ਹੁਣ ਤਾਜ਼ਾ ਫੈਸਲਾ ਹੋਰ ਤਰ੍ਹਾਂ ਹੈ। ਮਾਮਲੇ ਦੀ ਤ੍ਰਾਸਦੀ ਦੇਖਣ ਵਾਲੀ ਹੈ ਕਿ ਪੇਪਰ ਆਡਿਟ ਟ੍ਰੇਲ (ਵੀ.ਵੀ.ਪੈਟ) ਦੀ ਸ਼ੁਰੂਆਤ ਈ.ਵੀ.ਐਮ. ਪ੍ਰਤੀ ਪ੍ਰਗਟਾਏ ਜਾ ਰਹੇ ਖਦਸ਼ਿਆਂ ਦੇ ਜਵਾਬ ਵਜੋਂ ਹੋਈ ਸੀ, ਹੁਣ ਹਕੀਕਤ ਇਹ ਹੈ ਕਿ ਅੱਜ ਵੀ.ਵੀ.ਪੈਟ ਹੀ ਵਿਵਾਦਾਂ ਵਿਚ ਘਿਰ ਗਈ ਹੈ। ਸੁਪਰੀਮ ਕੋਰਟ ਵੱਲੋਂ ਭਾਵੇਂ ਵੀ.ਵੀ.ਪੈਟ ਨਾਲ 100 ਫੀਸਦ ਤਸਦੀਕ ਨੂੰ ਨਕਾਰ ਦਿੱਤਾ ਗਿਆ ਹੈ ਲੇਕਿਨ ਸਿਆਸੀ ਪਾਰਟੀਆਂ ਤੇ ਦੂਜੇ ਅਤੇ ਤੀਜੇ ਨੰਬਰ ਉਪਰ ਰਹਿਣ ਵਾਲੇ ਉਮੀਦਵਾਰਾਂ ਲਈ ਮੌਕਾ ਦੇ ਦਿੱਤਾ ਗਿਆ ਹੈ ਕਿ ਉਹ 5 ਫੀਸਦ ਈ.ਵੀ.ਐਮ. ਦੀ ਜਾਂਚ ਕਰਵਾ ਸਕਣਗੇ। ਅਦਾਲਤ ਨੇ ਕਿਹਾ ਹੈ ਕਿ ਦੂਜੇ ਜਾਂ ਤੀਜੇ ਨੰਬਰ 'ਤੇ ਆਉਣ ਵਾਲੇ ਉਮੀਦਵਾਰ ਨੂੰ ਸ਼ੱਕ ਹੈ ਤਾਂ ਉਹ ਨਤੀਜੇ ਦੇ ਐਲਾਨ ਦੇ ਬਾਅਦ 7 ਦਿਨਾਂ ਦੇ ਅੰਦਰ ਸ਼ਿਕਾਇਤ ਕਰ ਸਕਦਾ ਹੈ। ਦੂਜੇ ਜਾਂ ਤੀਜੇ ਨੰਬਰ ਦੇ ਉਮੀਦਵਾਰ ਦੀ ਸ਼ਿਕਾਇਤ ਦੇ ਬਾਅਦ ਈ.ਵੀ.ਐਮ. ਮਸ਼ੀਨ ਬਣਾਉਣ ਵਾਲੀ ਕੰਪਨੀ ਦੇ ਇੰਜਨੀਅਰ ਸਬੰਧਤ ਲੋਕ ਸਭਾ ਹਲਕੇ ਦੀਆਂ ਕੁੱਲ ਮਸ਼ੀਨਾਂ ਵਿਚੋਂ 5 ਫੀਸਦੀ ਮਸ਼ੀਨਾਂ ਦੀ ਜਾਂਚ ਕਰਨਗੇ। ਜਾਂਚ ਕੀਤੀਆਂ ਜਾਣ ਵਾਲੀਆਂ ਮਸ਼ੀਨਾਂ ਨੂੰ ਸ਼ਿਕਾਇਤਕਰਤਾ ਉਮੀਦਵਾਰ ਜਾਂ ਉਸ ਦਾ ਨੁਮਾਇੰਦਾ ਚੁਣੇਗਾ। ਵੈਸੇ ਜਾਂਚ ਦਾ ਸਾਰਾ ਖਰਚਾ ਉਮੀਦਵਾਰ ਨੂੰ ਦੇਣਾ ਪਵੇਗਾ ਹਾਲਾਂਕਿ ਈ.ਵੀ.ਐਮ. ਨਾਲ ਛੇੜਛਾੜ ਦੀ ਗੱਲ ਸਾਬਤ ਹੋਣ 'ਤੇ ਉਮੀਦਵਾਰ ਨੂੰ ਖਰਚਾ ਵਾਪਸ ਕਰ ਦਿੱਤਾ ਜਾਵੇਗਾ। ਦੇਸ਼ ਵਿਚ ਦੋ ਗੇੜ ਦੀਆਂ ਨੇਪਰੇ ਚੜ੍ਹੀਆਂ ਚੋਣਾਂ ਦੌਰਾਨ ਹੋਈ ਘੱਟ ਵੋਟ ਫੀਸਦ ਹਾਕਮ ਜਮਾਤੀ ਪਾਰਟੀਆਂ ਲਈ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਬਿਹਾਰ ਸਮੇਤ ਕਈ ਸੂਬਿਆਂ ਦੇ ਕੁਝ ਜ਼ਿਲ੍ਹੇ ਅਜਿਹੇ ਹਨ ਜਿੱਥੇ 50 ਫੀਸਦ ਲੋਕ ਵੀ ਵੋਟ ਪਾਉਣ ਲਈ ਪੋਲਿੰਗ ਬੂਥ ਤੱਕ ਨਹੀਂ ਪਹੁੰਚੇ ਹਨ। ਜੇਕਰ ਸਰਕਾਰ, ਚੋਣ ਕਮਿਸ਼ਨ ਸਮੇਤ ਅਨੇਕ ਐਨ.ਜੀ.ਓ. ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਤੀਜੇ ਹਿੱਸੇ ਤੋਂ ਵੱਧ ਲੋਕ ਵੋਟ ਪਾਉਣ ਨਹੀਂ ਆਉਂਦੇ ਤਾਂ ਇਹਦਾ ਮਤਲਬ ਸਾਫ ਹੈ ਕਿ ਉਹਨਾਂ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਇਹਨਾਂ ਚੋਣਾਂ ਰਾਹੀਂ ਉਹਨਾਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਹੋ ਸਕਦਾ ਹੈ। ਇਸੇ ਕਰ ਕੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵਰਗੀਆਂ ਸੰਸਥਾਵਾਂ ਤੇ ਕੁਝ ਸਮਾਜ ਸੁਧਾਰਕ ਜ਼ੋਰ ਦੇ ਰਹੇ ਹਨ ਕਿ ਇਸ ਚੋਣ ਪ੍ਰਕਿਰਿਆ 'ਚ ਲੋਕਾਂ ਦਾ ਭਰੋਸਾ ਵਧਾਉਣ ਲਈ ਵੀ.ਵੀ.ਪੈਟ ਦੀ ਵੱਧ ਤੋਂ ਵੱਧ ਵਰਤੋਂ ਹੋਣੀ ਚਾਹੀਦੀ ਹੈ। ਜਦ ਤੱਕ ਵੋਟਰ ਨੂੰ ਇਹ ਸਬੂਤ ਨਹੀਂ ਹੈ ਕਿ ਉਸ ਦਾ ਵੋਟ ਉਸ ਵੱਲੋਂ ਦੱਬੇ ਬਟਨ ਵਾਲੇ ਉਮੀਦਵਾਰ ਨੂੰ ਹੀ ਮਿਲਿਆ, ਤਦ ਤੱਕ ਉਹ ਸੰਤੁਸ਼ਟ ਕਿਵੇਂ ਹੋਵੇਗਾ। ਪਿਛਲੇ ਸਮਿਆਂ ਦੌਰਾਨ ਭਾਰਤ ਵਿਚ 'ਜਾਗੋ ਗ੍ਰਾਹਕ ਜਾਗੋ' ਜਿਹੇ ਨਾਅਰੇ ਸਰਕਾਰਾਂ ਨੇ ਦਿੱਤੇ। ਸਰਕਾਰਾਂ ਨੇ ਗ੍ਰਾਹਕਾਂ ਨੂੰ ਜਾਗਰੂਕ ਕਰਨ ਲਈ ਟੈਲੀਵਿਜ਼ਨਾਂ ਰਾਹੀਂ ਮਸ਼ਹੂਰੀਆਂ ਚਲਾਈਆਂ ਕਿ ਦੁਕਾਨ ਤੋਂ ਹਰ ਚੀਜ਼ ਮਿਣਤੋਲ ਕੇ ਲਓ ਪਰ ਹੁਣ ਜਦ ਉਹੀ ਲੋਕ ਚੀਜ਼ ਦੀ ਥਾਂ ਆਪਣੀ ਵੋਟ ਬਾਰੇ ਸਬੂਤ ਲੈਣਾ ਚਾਹੁੰਦੇ ਹਨ ਕਿ ਉਹਨਾਂ ਨੇ ਜੋ ਵੋਟ ਪਾਈ ਹੈ, ਉਸ ਦਾ ਸਬੂਤ ਦਿੱਤਾ ਜਾਵੇ ਕਿ ਉਹ ਵੋਟ ਉਸੇ ਉਮੀਦਵਾਰ ਦੇ ਖਾਤੇ ਪਈ ਹੈ ਜਿਸ ਨੂੰ ਉਹਨਾਂ ਵੋਟ ਪਾਈ ਹੈ ਤਾਂ ਸਰਕਾਰ ਤੇ ਅਦਾਲਤਾਂ ਮਾਮਲੇ ਨੂੰ ਪਾਰਦਰਸ਼ੀ ਸਿੱਧ ਕਰਨ ਦੀ ਬਜਾਇ ਚੁੱਪ ਕਰਵਾ ਰਹੀਆਂ ਹਨ। ਚੋਣ ਪ੍ਰਣਾਲੀ ਨਾਲ ਜੁੜੀ ਅਫਸਰਸ਼ਾਹੀ ਇਹ ਦਾਅਵਾ ਤਾਂ ਕਰਦੀ ਹੈ ਕਿ ਈ.ਵੀ.ਐਮ. 100 ਪ੍ਰਤੀਸ਼ਤ ਸੁਰੱਖਿਅਤ ਹਨ ਪਰ ਉਹ ਇਨ੍ਹਾਂ ਦੀ ਭਰੋਸੇਯੋਗਤਾ ਅਤੇ ਮਜ਼ਬੂਤੀ ਬਾਰੇ 100 ਫੀਸਦ ਕਹਿਣ ਤੋਂ ਗੁਰੇਜ਼ ਕਰਦੇ ਹਨ। ਅਸਲ ਵਿਚ ਵੋਟਿੰਗ ਮਸ਼ੀਨਾਂ ਰਾਹੀਂ ਵੋਟਾਂ ਪਾਉਣ ਦਾ ਸਿਲਸਿਲਾ ਜਦ ਤੋਂ ਸ਼ੁਰੂ ਹੋਇਆ ਹੈ ਤਦ ਤੋਂ ਹੀ ਇਨ੍ਹਾਂ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਸਾਹਮਣੇ ਆਉਂਦੇ ਰਹੇ ਹਨ। ਤਕਨੀਕੀ ਜਾਣਕਾਰੀ ਰੱਖਣ ਵਾਲੇ ਕੁਝ ਮਾਹਿਰਾਂ ਨੇ ਤਾਂ ਇਨ੍ਹਾਂ ਦੇ ਹੈਕ ਹੋਣ ਤੱਕ ਦੇ ਦਾਅਵੇ ਕੀਤੇ ਹਨ। ਮੁੱਖ ਧਾਰਾ ਸਿਆਸਤ ਨਾਲ ਸਬੰਧਤ ਕਈ ਸਿਆਸੀ ਪਾਰਟੀਆਂ ਮਸ਼ੀਨਾਂ ਦੀ ਥਾਂ ਮੁੜ ਬੈਲਟ ਪੱਤਰਾਂ ਰਾਹੀਂ ਵੋਟ ਪਵਾਉਣ ਦੀ ਮੰਗ ਕਰ ਚੁੱਕੀਆਂ ਹਨ। ਈ.ਵੀ.ਐਮ. ਵਿਚ ਤਕਨੀਕੀ ਖ਼ਰਾਬੀ ਕਾਰਨ ਮਹਾਰਾਸ਼ਟਰ ਦੇ ਮਰਾਠਵਾੜਾ ਅਤੇ ਵਿਦਰਭ ਜ਼ਿਲ੍ਹਿਆਂ ਵਿਚ ਚੋਣ ਪ੍ਰਕਿਰਿਆ ਪ੍ਰਭਾਵਿਤ ਹੋਈ। ਇਸ ਤਰ੍ਹਾਂ ਦੀਆਂ ਖ਼ਰਾਬੀਆਂ ਭਾਵੇਂ ਬਹੁਤ ਘੱਟ ਮਿਲੀਆਂ ਹਨ ਪਰ ਇਹ ਮਸ਼ੀਨਾਂ ਦੀ ਕਾਰਜ ਪ੍ਰਣਾਲੀ ਬਾਰੇ ਸ਼ੱਕ ਖੜ੍ਹੇ ਕਰਦੀਆਂ ਹਨ। ਜੇਕਰ ਕਿਸੇ ਨੂੰ ਇਹ ਲੱਗਦਾ ਹੈ ਕਿ 100 ਫੀਸਦ ਵੀ.ਵੀ.ਪੈਟ ਨਾਲ ਖਰਚਾ ਵਧ ਜਾਵੇਗਾ ਤਾਂ ਇਹ ਦਲੀਲ ਠੀਕ ਨਹੀਂ ਹੈ ਕਿਉਂਕਿ ਖਰਚਾ ਘਟਾਉਣ ਦੇ ਹੋਰ ਬਹੁਤ ਸਾਰੇ ਤਰੀਕੇ ਹਨ। ਅੱਜ ਕੱਲ੍ਹ ਦੇ ਰੁਝਾਨ ਅਨੁਸਾਰ ਵਿਧਾਇਕ ਜਾਂ ਕੈਬਨਿਟ ਮੰਤਰੀ ਲੋਕ ਸਭਾ ਚੋਣ ਲੜਦਾ ਹੈ ਜਾਂ ਫਿਰ ਸੰਸਦ ਮੈਂਬਰ ਜਾਂ ਕੇਂਦਰੀ ਮੰਤਰੀ ਐਮ.ਐਲ.ਏ. ਦੀ ਚੋਣ ਲੜਦਾ ਹੈ ਤਾਂ ਉਸ ਦੇ ਜਿੱਤਣ ਦੀ ਸੂਰਤ ਵਿਚ ਕੀ ਚੋਣ ਦਾ ਮੁੜ ਖਰਚਾ ਖੜ੍ਹ ਨਹੀਂ ਹੁੰਦਾ? ਇਸੇ ਤਰ੍ਹਾਂ ਇੱਕ ਤੋਂ ਵੱਧ ਸੀਟਾਂ ਜਿੱਤਣ ਉਪਰੰਤ ਮੁੜ ਚੋਣ ਦਾ ਖਰਚਾ ਖੜ੍ਹਾ ਨਹੀਂ ਹੁੰਦਾ? ਸੋ, ਮਸਲਾ ਖਰਚੇ ਦਾ ਨਹੀਂ ਹੈ ਬਲਕਿ ਪਾਰਦਰਸ਼ਤਾ ਅਤੇ ਵੋਟਰਾਂ ਦੀ ਭਰੋਸੇਯੋਗਤਾ ਦਾ ਹੈ। ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਭਾਰਤ ਦੀ ਚੋਣ ਪ੍ਰਣਾਲੀ ਤਾਂ ਪਹਿਲਾਂ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਆਮ ਲੋਕਾਂ ਵਿਚ ਦਹਾਕਿਆਂ ਤੋਂ ਇਹ ਧਾਰਨਾ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਸਿਰਫ 'ਤਕੜੇ' ਜਾਂ 'ਬਾਹੂਬਲੀ' ਲੋਕ ਹੀ ਜਿੱਤ ਸਕਦੇ ਹਨ। ਹੁਣ ਲੋਕਾਂ ਵਿਚ ਇਹ ਧਾਰਨਾ ਪ੍ਰਪੱਕ ਹੋ ਰਹੀ ਹੈ ਕਿ ਈ.ਵੀ.ਐਮ. ਨੇ ਇਸ ਚੋਣ ਪ੍ਰਣਾਲੀ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਦੀ ਥਾਂ ਲੋਕ ਮਨਾਂ ਵਿਚ ਹੋਰ ਵੱਧ ਸਵਾਲ ਖੜ੍ਹੇ ਕੀਤੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਈ.ਵੀ.ਐਮ. ਜਾਂ ਵੀ.ਵੀ.ਪੈਟ ਉਪਰ ਚਰਚਾ ਤੋਂ ਵੀ ਵੱਡਾ ਤੇ ਗੰਭੀਰ ਸਵਾਲ ਇਹ ਖੜ੍ਹਾ ਹੈ ਕਿ ਕੀ ਮੌਜੂਦਾ ਚੋਣ ਪ੍ਰਣਾਲੀ ਰਾਹੀਂ ਕੋਈ ਲੋਕ ਪੱਖੀ ਸਰਕਾਰ ਚੁਣੀ ਜਾ ਸਕਦੀ ਹੈ ਜਾਂ ਨਹੀਂ? ਬੇਸ਼ੱਕ ਇਸ ਚੋਣ ਪ੍ਰਣਾਲੀ ਰਾਹੀਂ ਕੋਈ ਲੋਕ ਪੱਖੀ ਸਰਕਾਰ ਦਾ ਗਠਨ ਸੰਭਵ ਨਹੀਂ ਜਾਪਦਾ ਹੈ, ਫਿਰ ਵੀ ਵੋਟਰਾਂ ਦੀ ਤਸੱਲੀ ਅਤੇ ਭਰੋਸੇਯੋਗਤਾ ਲਈ ਇਸ ਚੋਣ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਖਾਤਰ ਵੀ.ਵੀ.ਪੈਟ ਬਹੁਤ ਜ਼ਰੂਰੀ ਹੈ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
**PINE LIGHTING**
www.pinelighing.ca

**Christine Dear**
christine@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
**PINE LIGHTING**
www.pinelighing.ca

**Michelle McGuigan**
plmicelle@shaw.ca
P: 604-591-8895 | F: 604-591-8114
6898 King George Blvd.
Surrey, B.C. V3W-4Z9
**PINE LIGHTING**
www.pinelighing.ca

**Rachel Buchan**
plrwalters@shaw.ca
P: 604-591-8895 | F: 604-591-8114
6898 King George Blvd.
Surrey, B.C. V3W-4Z9
**PINE LIGHTING**
www.pinelighing.ca

**Erin McNab**
erin@pinelighing.ca
P: 604-591-8895 | F: 604-591-8114
6898 King George Blvd.
Surrey, B.C. V3W-4Z9
**PINE LIGHTING**
www.pinelighing.ca

## 604-591-8895

## 6898 King George Blvd, Surrey

# ਸਿਹਤ ਸੰਸਾਰ

## ਨਸ਼ਿਆਂ ਦੀਆਂ ਸੋਚਾਂ ਤੋਂ ਛੁਟਕਾਰਾ ਕਿਵੇਂ ਹੋਵੇ?

ਲੇਖਕ : ਡਾ. ਜਗਦੀਪ ਪਾਲ ਸਿੰਘ ਭਾਟੀਆ
ਸੰਪਰਕ : 98140-70700



ਬਹੁਤ ਸਾਰੇ ਮਰੀਜ਼ ਏਧਰੋਂ-ਉਧਰੋਂ ਨਸ਼ਿਆਂ ਦਾ ਇਲਾਜ ਕਰਵਾਉਣ ਤੋਂ ਬਾਅਦ ਅਕਸਰ ਆ ਕੇ ਮੈਨੂੰ ਕਹਿੰਦੇ ਹਨ, ਡਾਕਟਰ ਸਾਹਿਬ ਇਲਾਜ ਤੋਂ ਬਾਅਦ ਵੀ ਸਾਡੇ ਦਿਮਾਗ਼ ਵਿਚੋਂ ਨਸ਼ਿਆਂ ਦੀਆਂ ਸੋਚਾਂ ਖਤਮ ਨਹੀਂ ਹੋਈਆਂ। ਅਸੀ ਇਨ੍ਹਾਂ ਸੋਚਾਂ 'ਤੇ ਬਥੇਰਾ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸਾਡਾ ਵੱਸ ਨਹੀਂ ਚੱਲਿਆ। ਫਿਰ ਇਹ ਸੋਚ ਆਈ ਕਿ ਇਕ ਵਾਰ ਨਸ਼ਾ ਲੈ ਲਈਏ ਫਿਰ ਕਦੇ ਨਹੀਂ ਲਵਾਂਗੇ ਨਸ਼ਾ ਲੈ ਲਿਆ ਤੇ ਫਿਰ ਰੋਜ਼ ਲੈਣਾ ਸ਼ੁਰੂ ਕਰ ਦਿੱਤਾ। ਜਦ ਅਸੀਂ ਸੋਚਾਂ ਬਾਰੇ ਦੱਸਦੇ ਹੋਏ ਮਰੀਜ਼ਾਂ ਨੂੰ ਪੁੱਛਦੇ ਹਾਂ ਕੀ ਉਨ੍ਹਾਂ ਨੂੰ ਇਹੋ ਜਿਹੀਆਂ ਸੋਚਾਂ ਆਉਂਦੀਆਂ ਹਨ ਤਾਂ ਉਹ ਕਹਿਣਗੇ ਬਿਲਕੁਲ ਇਹੋ ਜਿਹੀਆਂ ਸੋਚਾਂ ਹੀ ਆਉਂਦੀਆਂ ਹਨ। ਅਸੀਂ ਇਸ ਸਮੇਂ ਮਰੀਜ਼ਾਂ ਤੇ ਉਨ੍ਹਾਂ ਦੇ ਘਰਦਿਆਂ ਦੇ ਚਿਹਰੇ 'ਤੇ ਅਜੀਬ ਕਿਸਮ ਦੀ ਖੁਸ਼ੀ ਦੇਖਦੇ ਹਾਂ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਅਸਲ ਵਿਚ ਹੁਣ ਡਾਕਟਰ ਨੂੰ ਸਾਡੀ ਬਿਮਾਰੀ ਦੀ ਸਮਝ ਆਈ ਹੈ ਹੁਣ ਅਸੀਂ ਠੀਕ ਹੋ ਜਾਣਾ ਹੈ। ਇਹ ਲੇਖ ਪੜ੍ਹ ਰਹੇ ਮਰੀਜ਼ਾਂ/ਘਰ ਵਾਲਿਆਂ ਨੂੰ ਮੈਂ ਇਹ ਸੋਚਾਂ ਬਾਰੇ ਦੱਸ ਰਿਹਾ ਹਾਂ:

**ਇਹ ਸੋਚਾਂ ਇਹੋ ਜਿਹੀਆਂ ਹੁੰਦੀਆਂ ਹਨ:**

1. ਸਵੇਰੇ ਉਠਦਿਆਂ ਹੀ ਸੋਚ ਤੰਗ ਕਰਦੀ ਹੈ ਕਿ ਅੱਜ ਨਸ਼ੇ ਤੋਂ ਬਗੈਰ ਦਿਨ ਕਿਵੇਂ ਲੰਘੇਗਾ।
2. ਨਸ਼ੇ ਤੋਂ ਬਗੈਰ ਕਮਜ਼ੋਰੀ ਚਿੜਚੜਾਪਣ ਤੇ ਗੁੱਸਾ ਆਉਂਦਾ ਹੈ। ਨੀਂਦ ਨਹੀਂ ਆਉਂਦੀ, ਭੁੱਖ ਨਹੀਂ ਲਗਦੀ ਉਦਾਸੀ, ਬੇਚੈਨੀ, ਕਾਹਲਾਪਣ ਘਬਰਾਹਟ ਤੇ ਸਰੀਰਕ ਦਰਦ ਤੰਗ ਕਰਦਾ ਹੈ।
3. ਮੇਰੀ ਸਰੀਰਕ ਤੇ ਮਾਨਸਿਕ ਹਾਲਤ ਪਹਿਲਾਂ ਨਾਲੋਂ ਵੀ ਖ਼ਰਾਬ ਹੋ ਗਈ ਹੈ। ਜਦੋਂ ਨਸ਼ਾ ਲੈਂਦਾ ਸਾਂ ਉਦੋਂ ਠੀਕ ਸਾਂ।
4. ਮੈਨੂੰ ਡਰ ਹੈ ਕਿ ਨਸ਼ੇ ਤੋਂ ਬਗੈਰ ਮੇਰੀ ਸਿਹਤ ਕਿਤੇ ਜ਼ਿਆਦਾ ਖ਼ਰਾਬ ਨਾ ਹੋ ਜਾਵੇ।
5. ਮੈਨੂੰ ਜ਼ਿੰਦਗੀ ਜਿਊਣ ਦੀ ਆਸ ਨਹੀਂ ਰਹੀ ਜ਼ਿੰਦਗੀ ਨੂੰ ਖ਼ਤਮ ਕਰਨਾ ਹੀ ਚੰਗਾ ਹੈ।
6. ਨਸ਼ਿਆਂ ਤੋਂ ਬਗ਼ੈਰ ਮੇਰੇ ਵਿਚ ਮੁਸ਼ਕਿਲ ਦਾ ਮੁਕਾਬਲਾ ਕਰਨ ਦਾ ਹੌਸਲਾ/ਤਾਕਤ ਨਹੀਂ ਰਹੀ।
7. ਮੈਂ ਆਪਣੇ ਸਮਾਜਿਕ ਦਾਇਰੇ ਵਿਚ ਖੁੱਲ੍ਹ ਕੇ ਵਿਚਰ ਨਹੀਂ ਸਕਦਾ ਨਾ ਹੀ ਦਲੇਰੀ ਨਾਲ ਕੋਈ ਫ਼ੈਸਲਾ ਲੈ ਸਕਦਾ ਹਾਂ।
8. ਫੋਨ 'ਤੇ ਪੁਰਾਣੇ ਦੋਸਤਾਂ ਨਾਲ ਗੱਲ ਕਰਨ ਦੀ ਸੋਚ ਤੰਗ ਕਰਦੀ ਹੈ।
9. ਮੇਰੇ ਦੋਸਤ ਜ਼ਿੰਦਗੀ ਦਾ ਅਨੰਦ ਲੈ ਰਹੇ ਹਨ ਤੇ ਮੈਂ ਅਨੰਦ ਨਹੀਂ ਲੈ ਰਿਹਾ।
10. ਨਸ਼ਾ ਲੈਣ ਵਾਲੀਆਂ ਪੁਰਾਣੀਆਂ ਥਾਵਾਂ ਦੇਖ ਕੇ ਨਸ਼ਾ ਲੈਣ ਦੀ ਸੋਚ ਤੰਗ ਕਰਦੀ ਹੈ।

ਇਹ ਸੋਚਾਂ ਕਿਉਂ ਆਉਂਦੀਆਂ ਹਨ? ਨਸ਼ਾ ਲੈਣ ਵਾਲੇ ਦੇ ਦਿਮਾਗ਼ ਵਿਚ ਡੋਪਾਮੀਨ (ਤਰਲ ਪਦਾਰਥ) ਪੈਦਾ ਹੋਣ ਕਰਕੇ ਉਸ ਨੂੰ ਮਜ਼ਾ ਆਉਂਦਾ ਹੈ। ਇਹ ਮਜ਼ਾ ਉਸ ਦੇ ਦਿਮਾਗ਼ ਦੇ ਹਿਪੋਕੈਂਪਸ ਹਿੱਸੇ ਵਿਚ ਨਸ਼ੇ ਦੀ ਸੋਚ ਵਜੋਂ ਪੱਕੀ ਥਾਂ ਬਣਾ ਲੈਂਦਾ ਹੈ। ਉਹ ਜਿੰਨਾ ਜ਼ਿਆਦਾ ਨਸ਼ਾ ਲੈਂਦਾ ਹੈ ਓਨਾ ਜ਼ਿਆਦਾ ਡੋਪਾਮੀਨ ਪੈਦਾ ਹੁੰਦਾ ਹੈ ਉਸ ਨੂੰ ਓਨਾ ਜ਼ਿਆਦਾ ਮਜ਼ਾ ਆਉਂਦਾ ਤੇ ਉਸ ਦੇ ਹਿਪੋਕੈਂਪਸ ਹਿੱਸੇ (ਉਪਰਲੀ ਤਸਵੀਰ ਵਿਚ ਦਿਸ ਰਿਹਾ ਨੀਲੇ ਰੰਗ ਦਾ ਹਿੱਸਾ) ਵਿਚ ਨਸ਼ੇ ਦੀ ਓਨੀ ਪੱਕੀ ਸੋਚ ਬਣ ਜਾਂਦੀ ਹੈ। ਹੁਣ ਹਿਪੋਕੈਂਪਸ ਹਿੱਸੇ ਦੇ ਇਲਾਜ ਤੋਂ ਬਗ਼ੈਰ ਹੋਰਨਾਂ ਇਲਾਜਾਂ ਨਾਲ ਮਰੀਜ਼ ਦੇ ਦਿਮਾਗ਼ ਵਿਚੋਂ ਨਸ਼ਾ ਲੈਣ ਦੀਆਂ ਸੋਚਾਂ ਖ਼ਤਮ ਨਹੀਂ ਹੁੰਦੀਆਂ। ਨਸ਼ਿਆਂ ਦੀ ਬਿਮਾਰੀ ਦਾ ਸਾਇੰਟਿਫਿਕ ਇਲਾਜ: ਪਹਿਲਾਂ ਮਰੀਜ਼ ਦੇ ਸਰੀਰ ਤੇ ਦਿਮਾਗ਼ ਨੂੰ ਨਸ਼ਾ ਰਹਿਤ (ਡੀਟੌਕਸ) ਕਰ ਲਿਆ ਜਾਂਦਾ ਹੈ। ਬਾਅਦ ਵਿਚ ਦਿਮਾਗ਼ ਦੇ ਇਲਾਜ ਲਈ ਅਤੀ ਆਧੁਨਿਕ ਵਿਸ਼ੇਸ਼ ਦਵਾਈਆਂ ਤੇ ਅਤੀ ਆਧੁਨਿਕ ਵਿਸ਼ੇਸ਼ ਥੈਰੇਪੀਜ਼ ਰਾਹੀਂ ਮਰੀਜ਼ ਦੇ ਦਿਮਾਗ਼ ਦੇ ਹਿਪੋਕੈਂਪਸ ਹਿੱਸੇ (ਨਸ਼ੇ ਦੀ ਸੋਚ ਵਾਲਾ ਹਿੱਸਾ) ਦਾ ਤੇ ਦਿਮਾਗ਼ ਵਿਚ ਬਣੇ ਨਸ਼ਿਆਂ ਦੇ ਸੈੱਲਾਂ ਦਾ ਇਲਾਜ ਕੀਤਾ ਜਾਂਦਾ ਹੈ। ਜਦ ਦਿਮਾਗ਼ ਦਾ ਇਹ ਹਿੱਸਾ ਠੀਕ ਹੋ ਜਾਂਦਾ ਹੈ ਸੈੱਲ ਖ਼ਤਮ ਹੋ ਜਾਂਦੇ ਹਨ ਤੇ ਫਿਰ ਮਰੀਜ਼ ਦੇ ਦਿਮਾਗ਼ ਵਿਚ ਨਾ ਤਾਂ ਨਸ਼ਿਆਂ ਦੀਆਂ ਸੋਚਾਂ ਆਉਂਦੀਆਂ ਹਨ ਤੇ ਨਾ ਹੀ ਉਹ ਨਸ਼ਾ ਲੈਂਦਾ ਹੈ। ਉਪਰੰਤ ਮਰੀਜ਼ ਨੂੰ ਨਸ਼ਾ ਛੁਡਾਊ ਵਿਸ਼ੇਸ਼ ਟੀਕਾ ਲਗਾ ਦਿੱਤਾ ਜਾਂਦਾ ਹੈ ਜਿਸ ਦੇ ਅਸਰ ਨਾਲ ਦਿਮਾਗ਼ ਦੇ ਇਸ ਹਿੱਸੇ ਦੀ ਕਾਰਗੁਜ਼ਾਰੀ ਠੀਕ ਰਹਿੰਦੀ ਹੈ।

---

## ਪੀਣ ਵਾਲੇ ਜ਼ਹਿਰੀਲੇ ਠੰਢੇ ਪਦਾਰਥਾਂ ਤੋਂ ਕਰੋ ਤੌਬਾ

ਲੇਖਕ : ਸਿਧਾਰਥ ਸ਼ੰਕਰ

ਕਈ ਬਹੁ-ਕੌਮੀ ਕੰਪਨੀਆਂ ਕਈ ਨਾਵਾਂ ਦੇ ਠੰਢੇ ਪਦਾਰਥ (ਕੋਲਡ ਡਰਿੰਕਸ) ਵੇਚਦੀਆਂ ਹਨ ਅਤੇ ਕਰੋੜਾਂ ਰੁਪਏ ਲਾਭ ਦੇ ਰੂਪ ਨਾਲ ਹਰ ਸਾਲ ਭਾਰਤ 'ਚ ਕਮਾ ਰਹੀਆਂ ਹਨ। ਇਨ੍ਹਾਂ ਕੋਲਡ ਡਰਿੰਕਸ 'ਚ ਕੀ-ਕੀ ਮਿਲਾਇਆ ਜਾਂਦਾ ਹੈ, ਇਸ ਦੀ ਕੋਈ ਜਾਣਕਾਰੀ ਨਹੀਂ ਦਿੰਦੀਆਂ। ਇਹ ਕੰਪਨੀਆਂ ਸਾਡੇ 'ਤੇ ਤਿੰਨ ਤਰ੍ਹਾਂ ਨਾਲ ਹਮਲਾ ਕਰਦੀਆਂ ਹਨ।

**ਸਰੀਰ 'ਤੇ** : ਕੋਲਡ ਡਰਿੰਕਸ 'ਚ ਫਾਸਫੋਰਿਕ ਐਸਿਡ (ਤੇਜ਼ਾਬ) ਨਾਮੀ ਜ਼ਹਿਰੀਲਾ ਪਦਾਰਥ ਹੈ, ਜੋ ਮਨੁੱਖੀ ਸਰੀਰ ਦੇ ਸਭ ਤੋਂ ਸਖ਼ਤ ਅੰਗ ਜਿਵੇਂ ਦੰਦਾਂ ਨੂੰ ਵੀ ਗਾਲ ਦਿੰਦਾ ਹੈ।

ਇੱਕ ਖੋਜ ਸੰਸਥਾ ਵਲੋਂ ਜਾਂਚ ਕਰਨ 'ਤੇ ਕੋਲਡ ਡਰਿੰਕਸ 'ਚ ਕਾਰਬੋਨਿਕ ਐਸਿਡ, ਐਰਿਥਾਰਬਿਕ ਐਸਿਡ ਅਤੇ ਬੇਂਜੋਇਕ ਐਸਿਡ ਨਾਮੀ ਤੇਜ਼ਾਬ ਵੀ ਪਾਇਆ ਜਾਂਦਾ ਹੈ। ਇਸ ਕਾਰਨ ਪੇਟ 'ਚ ਜਲਣ, ਡਕਾਰ, ਦਿਮਾਗ 'ਚ ਸਨਸਨੀ, ਚਿੜਚਿੜਾਪਨ ਅਤੇ ਗੈਸ ਹੁੰਦੀ ਹੈ।

ਹਵਾ 'ਚ ਸ਼ੀਸ਼ੇ ਦੀ ਮਾਤਰਾ 0.2 ਪੀ.ਪੀ.ਐਮ. ਤੋਂ ਜ਼ਿਆਦਾ ਹੋਣ ਕਾਰਨ ਲੋਕਾਂ 'ਚ ਇਹ ਦਿਮਾਗ, ਗੁਰਦੇ, ਜਿਗਰ ਅਤੇ ਮਾਸਪੇਸ਼ੀਆਂ ਲਈ ਘਾਤਕ ਹੁੰਦਾ ਹੈ। ਕੋਲਡ ਡਰਿੰਕਸ 'ਚ 0.2 ਪੀ.ਪੀ.ਐਮ. ਸ਼ੀਸ਼ਾ ਪਾਇਆ ਗਿਆ ਹੈ।



ਕੋਲਡ ਡਰਿੰਕਸ 'ਚ ਕੈਫੀਨ ਪਾਇਆ ਜਾਂਦਾ ਹੈ, ਜੋ ਜ਼ਿਆਦਾ ਮਾਤਰਾ 'ਚ ਪੀਣ ਨਾਲ ਬੇਚੈਨੀ, ਉਨੀਂਦਰਾ ਅਤੇ ਸਿਰਦਰਦ ਪੈਦਾ ਕਰਦਾ ਹੈ।

ਖੋਜ ਕਰਨ 'ਤੇ ਕੋਲਡ ਡਰਿੰਕਸ 'ਚ ਕਈ ਹੋਰ ਜ਼ਹਿਰੀਲੇ ਪਦਾਰਥ ਵੀ ਪਾਏ ਗਏ, ਜਿਵੇਂ ਆਰਸੈਨਿਕ, ਕੈਡਮੀਅਮ, ਜ਼ਿੰਕ, ਸੋਡੀਅਮ, ਗਲੂਟਾਮੇਟ, ਪੋਟਾਸ਼ੀਅਮ, ਸੋਰਬੇਟ, ਮਿਥਾਈਲ, ਬੈਂਜੋਇਟ, ਸੋਡੀਅਮ ਬੈਂਜੋਇਟ, ਬ੍ਰੋਮੀਨੇਟਿਡ ਵੈਜੀਟੇਬਲ ਤੇਲ ਆਦਿ।

ਇਨ੍ਹਾਂ ਠੰਢੇ ਪੀਣ ਵਾਲੇ ਪਦਾਰਥਾਂ 'ਚ ਕਾਰਬਨ ਡਾਈਆਕਸਾਈਡ ਗੈਸ ਹੁੰਦੀ ਹੈ, ਜੋ ਮਿਹਦੇ ਅਤੇ ਆਂਤੜੀਆਂ 'ਚ ਅਲਸਰ ਪੈਦਾ ਕਰਦੀ ਹੈ।

ਕੋਲਡ ਡਰਿੰਕਸ ਬੱਚਿਆਂ ਦੀ ਸਿਹਤ ਲਈ ਗੰਭੀਰ ਖ਼ਤਰਾ ਹੈ। ਅਮਰੀਕਾ ਦੀ ਇਕ ਖੋਜ ਸੰਸਥਾ ਨੇ ਠੰਢੇ ਪਦਾਰਥਾਂ 'ਤੇ ਇਕ ਖੋਜ ਕੀਤੀ ਅਤੇ ਦੇਖਿਆ ਕਿ ਬੱਚੇ ਦੇ ਸਕੂਲਾਂ 'ਚ ਠੰਢੇ (ਕੋਲਡ ਡਰਿੰਕਸ) ਦੇ ਤੇਜ਼ ਪ੍ਰਚਾਰ ਕਾਰਨ ਬੱਚਿਆਂ ਦੇ ਖਾਣ-ਪੀਣ ਵਿਚ ਪੌਸ਼ਟਿਕ ਪਦਾਰਥਾਂ ਦੀ ਮਾਤਰਾ ਘਟਦੀ ਜਾ ਰਹੀ ਹੈ। ਵਿਗਿਆਨ ਕੇਂਦਰ ਨੇ ਸਕੂਲਾਂ 'ਚ ਠੰਢੇ ਪਦਾਰਥਾਂ ਦੀ ਵਿਕਰੀ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਠੰਢੇ ਪਦਾਰਥਾਂ ਨਾਲ ਬੁਢਾਪੇ 'ਚ ਹੱਡੀਆਂ ਟੁੱਟਣ, ਦਿਲ ਦੇ ਰੋਗ ਅਤੇ ਮਰਦਾਂ ਨੂੰ ਗੁਰਦੇ ਦੀ ਬਿਮਾਰੀ ਹੁੰਦੀ ਹੈ। ਮੈਕਸੀਕੋ ਦੇ ਡਾਕਟਰਾਂ ਅਤੇ ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਨਿਊਟ੍ਰੀਸ਼ਨ ਨੇ ਕੋਲਡ ਡਰਿੰਕਸ ਪਦਾਰਥਾਂ 'ਤੇ ਰੋਕ ਲਗਾਉਣ ਲਈ ਮੁਹਿੰਮ ਚਲਾ ਰੱਖੀ ਹੈ।

ਗੰਨੇ ਦਾ ਰਸ, ਨਿੰਬੂ ਦੀ ਸ਼ਿਕੰਜਵੀ, ਨਾਰੀਅਲ ਦਾ ਪਾਣੀ, ਦਹੀਂ ਦੀ ਲੱਸੀ, ਦੁੱਧ-ਬਾਦਾਮ ਦੀ ਠੰਢਾਈ, ਰੂਹ-ਆਫ਼ਜ਼ਾ ਦਾ ਸ਼ਰਬਤ, ਸੰਤਰੇ ਦਾ ਰਸ ਕਿੰਨੇ ਕਿਸਮ ਦੇ ਘਰੇਲੂ ਠੰਢੇ ਪਦਾਰਥ ਵੇਚਣ ਵਾਲੇ ਲੱਖਾਂ ਲੋਕਾਂ ਕੋਲ ਕੋਈ ਰੁਜ਼ਗਾਰ ਨਹੀਂ ਹੈ। ਜੇ ਖਾਣ-ਪੀਣ ਪ੍ਰਤੀ ਸੁਚੇਤ ਹੋਈਏ ਤਾਂ ਅਨੇਕਾਂ ਬੰਦਿਆਂ ਨੂੰ ਰੁਜ਼ਗਾਰ ਮਿਲ ਸਕਦਾ ਹੈ।

---

## ਫਲਾਂ ਅਤੇ ਸੁੱਕੇ ਮੇਵਿਆਂ ਨਾਲ ਰੋਗਾਂ ਦਾ ਇਲਾਜ

ਸਦਾ ਸਿਹਤਮੰਦ ਰਹਿਣ ਲਈ ਜ਼ਰੂਰੀ ਹੈ ਹਫ਼ਤੇ ਵਿਚ ਇਕ ਦਿਨ ਦਾ ਵਰਤ, ਸਵੇਰੇ ਇਕ ਘੰਟੇ ਦੀ ਸੈਰ ਅਤੇ ਮੌਸਮੀ ਫਲਾਂ ਦੀ ਵਰਤੋਂ। ਪੁੰਗਰੇ ਅਨਾਜ, ਰੇਸ਼ੇਦਾਰ ਦਾਲਾਂ-ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਦਸ ਮਿੰਟ ਦੀ ਕਸਰਤ ਵੀ ਜ਼ਰੂਰੀ ਹੈ। ਚਾਰ ਬਦਾਮ, ਚਾਰ ਮੁਨੱਕੇ, ਚਾਰ ਕਾਲੀਆਂ ਮਿਰਚਾਂ ਰਾਤ ਨੂੰ ਪਾਣੀ ਵਿਚ ਭਿਉਂ ਕੇ ਸਵੇਰੇ ਚਬਾ ਕੇ ਖਾਣ ਨਾਲ ਅਤੇ ਉੱਪਰੋਂ ਕੋਸਾ ਦੁੱਧ ਪੀਣ ਨਾਲ ਦਿਮਾਗ਼ ਤੇ ਨਜ਼ਰ ਨੂੰ ਬਹੁਤ ਫਾਇਦਾ ਪਹੁੰਚਦਾ ਹੈ। ਕਾਜੂ ਦਿਲ ਦੀ ਕਮਜ਼ੋਰੀ ਦੂਰ ਕਰਦਾ ਹੈ ਤੇ ਯਾਦ ਸ਼ਕਤੀ ਅਤੇ ਭੁੱਖ ਵਧਾਉਂਦਾ ਹੈ। ਇਸ ਵਿਚ ਪ੍ਰੋਟੀਨ 21 ਫ਼ੀਸਦੀ ਹੁੰਦਾ ਹੈ ਅਤੇ ਕਾਰਬੋਹਾਈਡ੍ਰੇਟ 22 ਫ਼ੀਸਦੀ। ਇਸ ਵਿਚ ਵਿਟਾਮਿਨ 'ਏ', 'ਬੀ ਕੰਪਲੈਕਸ' ਹੁੰਦਾ ਹੈ। ਬਦਾਮ ਪੌਸ਼ਟਿਕ ਮੇਵਾ ਹੈ। ਇਹ ਦਿਮਾਗ਼ੀ ਕਮਜ਼ੋਰੀ ਦੇ ਨਾਲ-ਨਾਲ ਤੋਤਲਾਪਨ ਵੀ ਦੂਰ ਕਰਦਾ ਹੈ। ਕਲੌਂਜੀ ਦਾਣਾ ਤਾਕਤਵਰ ਅਤੇ ਕਮਜ਼ੋਰੀ ਵਿਚ ਖਾਣ ਯੋਗ ਹੈ। ਅਖਰੋਟ ਦੇ ਨਾਲ ਮਨੁੱਕਾ ਮਿਲਾ ਕੇ ਖਾਣ ਨਾਲ ਸਰੀਰ ਵਿਚ ਸ਼ਕਤੀ ਵਧਦੀ ਹੈ।



ਅੰਜੀਰ ਬੀਜਾਂ ਵਾਲਾ ਮੇਵਾ ਹੈ। ਇਹ ਵਧੇਰੇ ਕਰਕੇ ਕਸ਼ਮੀਰ, ਪੰਜਾਬ ਅਤੇ ਦੱਖਣ ਭਾਰਤ ਵਿਚ ਜ਼ਿਆਦਾ ਪੈਦਾ ਹੁੰਦਾ ਹੈ। ਇਹ ਖ਼ੂਨ-ਸ਼ੂਗਰ ਅਤੇ ਬਲੱਡ ਪ੍ਰੈਸ਼ਰ ਘੱਟ ਕਰਦਾ ਹੈ ਅਤੇ ਕਬਜ਼ ਨੂੰ ਦੂਰ ਕਰਦਾ ਹੈ। ਇਹ ਪੱਥਰੀ ਗਾਲਣ ਵਾਲਾ ਹੁੰਦਾ ਹੈ। ਦੋ ਅੰਜੀਰ ਚਾਰ-ਚਾਰ ਟੁਕੜੇ ਕਰਕੇ ਸ਼ਾਮ ਨੂੰ ਪਾਣੀ ਵਿਚ ਪਾ ਦਿਓ ਅਤੇ ਸਵੇਰੇ ਇਨ੍ਹਾਂ ਟੁਕੜਿਆਂ ਨੂੰ ਪਾਣੀ ਤੋਂ ਕੱਢ ਕੇ ਖ਼ੂਬ ਚਬਾ-ਚਬਾ ਕੇ ਖਾਣਾ ਚਾਹੀਦਾ ਹੈ ਖਾਲੀ ਪੇਟ। ਇਸੇ ਤਰ੍ਹਾਂ ਸਵੇਰੇ ਵੀ ਦੋ ਅੰਜੀਰ ਪਾਣੀ ਵਿਚ ਭਿਉਂ ਕੇ ਸ਼ਾਮ ਨੂੰ ਖਾਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਦਸ-ਪੰਦਰਾਂ ਦਿਨਾਂ ਵਿਚ ਪੱਥਰੀ ਗਲ ਜਾਂਦੀ ਹੈ ਅਤੇ ਰੋਗੀ ਨੂੰ ਰਾਹਤ ਮਿਲਦੀ ਹੈ। ਕਬਜ਼ ਵਿਚ ਵੀ ਇਸ ਦੀ ਵਰਤੋਂ ਲਾਭਕਾਰੀ ਹੈ। ਅੰਜੀਰ ਵਿਚ ਖਣਿਜ, ਕੈਲਸ਼ੀਅਮ, ਫਾਸਫੋਰਸ, ਲੋਹ ਤੱਤ, ਏ.ਬੀ.ਸੀ. ਵਿਟਾਮਿਨ ਭਰਪੂਰ ਮਾਤਰਾ ਵਿਚ ਹੁੰਦੇ ਹਨ।

ਛੁਹਾਰਾ ਖਜੂਰ ਦਾ ਸੁੱਕਾ ਹੋਇਆ ਰੂਪ ਹੈ। ਇਹ ਖੰਘ, ਬੁਖਾਰ, ਅਤਿਸਾਰ, ਦਮਾ ਆਦਿ ਨਾਲ ਹੋਏ ਰੋਗਾਂ ਨੂੰ ਖ਼ਤਮ ਕਰਦਾ ਹੈ। ਇਸ ਵਿਚ 25 ਗ੍ਰਾਮ ਪ੍ਰੋਟੀਨ, 75 ਗ੍ਰਾਮ ਕਾਰਬੋਹਾਈਡ੍ਰੇਟ, 2 ਗ੍ਰਾਮ ਖਣਿਜ ਹੁੰਦੇ ਹਨ। ਰੋਜ਼ 2-4 ਛੁਹਾਰੇ ਖਾਣ ਨਾਲ ਸਰਦੀ-ਜ਼ੁਕਾਮ ਛੇਤੀ ਠੀਕ ਹੁੰਦਾ ਹੈ। ਕਮਜ਼ੋਰ ਤੇ ਪਤਲੇ ਬੱਚਿਆਂ ਨੂੰ 2-4 ਛੁਹਾਰੇ ਦੁੱਧ ਦੇ ਨਾਲ ਦੇਣ ਨਾਲ ਤੰਦਰੁਸਤੀ ਆਉਂਦੀ ਹੈ।

ਤਿਲਾਂ ਤੋਂ ਤੇਲ ਨਿਕਲਦਾ ਹੈ। ਤਿਲ ਚਮੜੀ ਲਈ ਲਾਭਕਾਰੀ ਹਨ। ਇਹ ਦੰਦਾਂ ਨੂੰ ਮਜ਼ਬੂਤ ਬਣਾਉਣ ਵਾਲੇ ਹੁੰਦੇ ਹਨ। ਜੋ ਬੱਚੇ ਬਿਸਤਰ ਗਿੱਲਾ ਕਰ ਦਿੰਦੇ ਹਨ, ਉਨ੍ਹਾਂ ਨੂੰ ਦੋ ਮਹੀਨੇ ਤੱਕ ਤਿਲ ਦੇ ਲੱਡੂ ਖਵਾਓ। ਦੋ ਚਮਚ ਤਿਲ ਮੱਖਣ ਵਿਚ ਪੀਹ ਕੇ ਵਰਤੋਂ ਕਰਨ ਨਾਲ ਬਵਾਸੀਰ ਅਤੇ ਕਬਜ਼ ਵਿਚ ਲਾਭ ਹੁੰਦਾ ਹੈ। ਕੇਸਰ ਕਸ਼ਮੀਰ ਵਿਚ ਜ਼ਿਆਦਾ ਪੈਦਾ ਹੁੰਦਾ ਹੈ। ਦੁੱਧ ਵਿਚ ਕੇਸਰ ਘੋਲ ਕੇ ਪੀਣ ਨਾਲ ਪਤਲਾਪਨ ਤੇ ਹਾਈਪਰਟੈਂਸ਼ਨ (ਬਲੱਡ ਪ੍ਰੈਸ਼ਰ) ਠੀਕ ਹੁੰਦਾ ਹੈ। ਕੇਸਰ ਨੂੰ ਦੁੱਧ ਵਿਚ ਘੋਲ ਕੇ ਪੀਣ ਨਾਲ ਸਰਦੀ-ਜ਼ੁਕਾਮ, ਖੰਘ ਵਿਚ ਅਰਾਮ ਮਿਲਦਾ ਹੈ। ਸਰਦੀਆਂ ਵਿਚ ਇਸ ਦੀ ਵਰਤੋਂ ਲਾਭਕਾਰੀ ਹੁੰਦੀ ਹੈ, ਕਿਉਂਕਿ ਇਸ ਦੀ ਤਸੀਰ ਗਰਮ ਹੁੰਦੀ ਹੈ।

ਗੂਲਰ ਮਹਾਰਾਸ਼ਟਰ ਵਿਚ ਬਹੁਤ ਜ਼ਿਆਦਾ ਪਾਇਆ ਜਾਂਦਾ ਹੈ। ਸ਼ੂਗਰ ਵਿਚ ਗੂਲਰ ਦੇ ਕੋਮਲ ਪੱਤਿਆਂ ਦਾ ਰਸ 20 ਮਿ.ਲੀ. ਸ਼ਹਿਦ ਵਿਚ ਮਿਲਾ ਕੇ 2-3 ਵਾਰ ਪੀਣ ਨਾਲ ਸ਼ੂਗਰ ਦੀ ਮਾਤਰਾ ਘੱਟ ਹੋ ਜਾਂਦੀ ਹੈ। ਸੇਬ ਕਸ਼ਮੀਰ ਤੇ ਹਿਮਾਚਲ ਵਿਚ ਪੈਦਾ ਹੁੰਦਾ ਹੈ। ਸੇਬ ਬਾਰੇ ਕਿਹਾ ਜਾਂਦਾ ਹੈ ਕਿ ਜੋ ਵਿਅਕਤੀ ਹਰ ਰੋਜ਼ ਇਕ ਸੇਬ ਖਾਂਦਾ ਹੈ, ਉਸ ਨੂੰ ਡਾਕਟਰ ਕੋਲ ਨਹੀਂ ਜਾਣਾ ਪੈਂਦਾ। ਵਿਟਾਮਿਨ 'ਏ, ਬੀ, ਸੀ' ਸਭ ਖਣਿਜ ਇਸ ਵਿਚ ਹੁੰਦੇ ਹਨ। ਜੋ ਇਕ ਸੇਬ, ਇਕ ਗਾਜਰ ਰੋਜ਼ ਖਾਣਗੇ, ਉਨ੍ਹਾਂ ਨੂੰ ਕੈਂਸਰ ਨਹੀਂ ਹੁੰਦਾ। ਸੌਣ ਤੋਂ ਪਹਿਲਾਂ ਸੇਬ ਦੇ ਟੁਕੜੇ ਖਾਣ ਨਾਲ ਦੰਦ ਖਰਾਬ ਨਹੀਂ ਹੁੰਦੇ।

ਆਂਵਲੇ ਨੂੰ 'ਅੰਮ੍ਰਿਤ ਫਲ' ਕਿਹਾ ਜਾਂਦਾ ਹੈ ਅਤੇ ਹਰ ਰੋਜ਼ ਆਂਵਲਾ ਖਾਣ ਨਾਲ ਸਰੀਰ ਚੁਸਤ ਤੇ ਫੁਰਤੀਲਾ ਰਹਿੰਦਾ ਹੈ, ਕਦੇ ਕੋਈ ਨੁਕਸ ਨਹੀਂ ਪੈਂਦਾ। 100 ਗ੍ਰਾਮ ਆਂਵਲੇ ਵਿਚ ਖਣਿਜ ਪਦਾਰਥ 1.7 ਫ਼ੀਸਦੀ, ਫਾਸਫੋਰਸ 0.75 ਫ਼ੀਸਦੀ, ਕੈਲਸ਼ੀਅਮ 0.1 ਫ਼ੀਸਦੀ ਅਤੇ 600 ਮਿ.ਲੀ. ਗ੍ਰਾਮ ਵਿਟਾਮਿਨ 'ਸੀ' ਹੁੰਦਾ ਹੈ। ਆਂਵਲਾ, ਬੁੱਧੀ ਤੇਜ਼ ਕਰਦਾ ਹੈ ਅਤੇ ਝੁਰੜੀਆਂ ਘੱਟ ਕਰਦਾ ਹੈ। ਇਸ ਨਾਲ ਪੇਟ ਦੀ ਗੈਸ ਘੱਟ ਹੁੰਦੀ ਹੈ। ਪਪੀਤੇ ਵਿਚ ਵਿਟਾਮਿਨ 'ਏ' ਭਰਪੂਰ ਮਾਤਰਾ ਵਿਚ ਹੁੰਦਾ ਹੈ। ਬੱਚਿਆਂ, ਵੱਡਿਆਂ, ਬਜ਼ੁਰਗਾਂ ਨੂੰ ਪਪੀਤਾ ਜ਼ਰੂਰ ਖਾਣਾ ਚਾਹੀਦਾ ਹੈ। ਇਹ ਹਾਜ਼ਮਾ ਮਜ਼ਬੂਤ ਕਰਨ ਵਾਲਾ ਹੈ ਅਤੇ ਭੋਜਨ ਤੋਂ ਬਾਅਦ ਖਾਣ ਨਾਲ ਭੋਜਨ ਹਜ਼ਮ ਹੋ ਜਾਂਦਾ ਹੈ। ਬੱਚਿਆਂ ਵਿਚ ਹਨੇਰੇ 'ਚ ਨਾ ਦਿਸਣ ਵਾਲਾ ਰੋਗ ਠੀਕ ਹੋ ਜਾਂਦਾ ਹੈ। ਅੰਬ ਫਲਾਂ ਦਾ ਰਾਜਾ ਹੈ। ਅੰਬ ਵਿਚ ਵਿਟਾਮਿਨ 'ਏ, ਬੀ, ਸੀ' ਸਭ ਮਿਲਦੇ ਹਨ। ਰੋਜ਼ ਅੰਬ ਖਾਣ ਨਾਲ ਵਜ਼ਨ ਵਧਦਾ ਹੈ। ਇਹ ਅੱਖਾਂ ਦੀ ਦੇਖਣ ਸ਼ਕਤੀ ਵਧਾਉਣ ਵਿਚ ਮਦਦਗਾਰ ਹੈ। ਅੰਬ ਸ਼ਕਤੀਵਰਧਕ, ਖ਼ੂਨ ਵਧਾਉਣ ਵਾਲਾ ਹੁੰਦਾ ਹੈ। ਇਸ ਦੇ ਛਿਲਕੇ ਦਾ ਚੂਰਨ ਦੋ-ਦੋ ਗ੍ਰਾਮ ਦਿਨ ਵਿਚ ਚਾਰ ਵਾਰ ਸ਼ਹਿਦ ਦੇ ਨਾਲ ਲੈਣ ਨਾਲ ਬਵਾਸੀਰ ਠੀਕ ਹੋ ਜਾਂਦੀ ਹੈ। ਅਮਰੂਦ ਵਿਚ ਵਿਟਾਮਿਨ 'ਸੀ' ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। ਅਮਰੂਦ ਖਾਣ ਨਾਲ ਹਾਜ਼ਮਾ ਠੀਕ ਹੁੰਦਾ ਹੈ। ਕਬਜ਼ ਦੂਰ ਹੁੰਦੀ ਹੈ, ਇਸ ਦੀ ਤਾਸੀਰ ਠੰਢੀ ਹੁੰਦੀ ਹੈ।

ਪਾਈਨਐਪਲ ਭਾਵ ਅਨਾਨਾਸ ਖੱਟਾ-ਮਿੱਠਾ ਹੁੰਦਾ ਹੈ। ਬਦਹਜ਼ਮੀ ਵਿਚ ਇਸ ਦੇ ਟੁਕੜੇ ਖਾਣ ਨਾਲ ਲਾਭ ਹੁੰਦਾ ਹੈ। ਪੇਟ ਲਈ ਪਾਈਨਐਪਲ ਬਹੁਤ ਗੁਣਕਾਰੀ ਹੁੰਦਾ ਹੈ। ਇਸ ਨੂੰ ਖਾਣ ਨਾਲ ਅੰਤੜੀਆਂ ਦੀ ਬਿਮਾਰੀ ਦੂਰ ਹੁੰਦੀ ਹੈ। ਕੇਲਾ ਸਭ ਤੋਂ ਸਸਤਾ ਅਤੇ ਹਰ ਸਮੇਂ ਮਿਲਣ ਵਾਲਾ ਫਲ ਹੈ। ਇਸ ਵਿਚ ਕਾਰਬੋਹਾਈਡ੍ਰੇਟ ਭਰਪੂਰ ਮਾਤਰਾ ਵਿਚ ਹੁੰਦਾ ਹੈ, ਸ਼ਕਤੀਵਰਧਕ ਹੈ। ਕੇਲਾ ਕੱਦ ਵਧਾਉਣ ਵਿਚ ਸਹਾਇਕ ਹੈ। ਇਸ ਲਈ ਉਨ੍ਹਾਂ ਬੱਚਿਆਂ ਨੂੰ ਜ਼ਰੂਰ ਖਵਾਉਣਾ ਚਾਹੀਦਾ ਹੈ, ਜਿਨ੍ਹਾਂ ਦਾ ਕੱਦ ਮਧਰਾ ਹੁੰਦਾ ਹੈ। ਇਸ ਦੀ ਤਾਸੀਰ ਠੰਢੀ ਹੁੰਦੀ ਹੈ, ਠੰਢੀ ਤਾਸੀਰ ਵਾਲੇ ਲੋਕਾਂ ਨੂੰ ਇਹ ਘੱਟ ਖਾਣਾ ਚਾਹੀਦਾ ਹੈ।




# ਮਗਰਮੱਛ ਦੇ ਹੰਝੂ ਕੀ ਹਨ?

ਬੱਚਿਆਂ ਲਈ ਰੌਚਕ ਜਾਣਕਾਰੀ

ਲੇਖਕ : ਪ੍ਰਿੰ.ਹਰੀ ਕ੍ਰਿਸ਼ਨ ਮਾਇਰ,
ਮੋਬਾ. 9780667686

'ਮਗਰਮੱਛ ਦੀ ਤਰ੍ਹਾਂ ਹੰਝੂ ਵਹਾਉਣਾ' ਕਹਾਵਤ ਤਾਂ ਤੁਸੀਂ ਜ਼ਰੂਰ ਸੁਣੀ ਹੋਵੇਗੀ।ਇਸ ਕਹਾਵਤ ਦੀ ਵਰਤੋਂ,ਉਦੋਂ ਕੀਤੀ ਜਾਂਦੀ ਹੈ, ਜਦੋਂ ਕੋਈ ਵਿਅਕਤੀ ਅਸਲ ਹਮਦਰਦੀ ਦੇਣ ਦੀ ਥਾਂ ਦਿਖਾਵੇ ਦੀ ਹਮਦਰਦੀ ਜਤਾ ਰਿਹਾ ਹੋਵੇ। ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਮਗਰਮੱਛ ਅਜੇਹਾ ਸਮੁੰਦਰੀ ਜੀਵ ਹੈ,ਜਿਸ ਦੀਆਂ ਹੰਝੂ ਵਹਾਉਣ ਵਾਲੀਆਂ ਗ੍ਰੰਥੀਆਂ(Tears glands) ਹੀ ਨਹੀਂ ਹੁੰਦੀਆਂ । ਫਿਰ ਇਹ ਅੱਖਾਂ ਵਿੱਚੋਂ ਨਿਕਲਣ ਵਾਲਾ ਪਾਣੀ, ਹੰਝੂ ਨਹੀਂ ਹੁੰਦਾ ਤਾਂ ਫਿਰ ਕੀ ਹੁੰਦਾ ਹੈ?



### ਆਓ ਇਸ ਤੱਥ ਨੂੰ ਸਮਝਣ ਦਾ ਯਤਨ ਕਰੀਏ।

ਇਹ ਤਾਂ ਤੁਹਾਨੂੰ ਪਤਾ ਹੀ ਹੋਵੇਗਾ ਕਿ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਹੈ। ਇਹ ਪਾਣੀ ਸਾਡੇ ਪੀਣ ਦੇ ਯੋਗ ਵੀ ਨਹੀਂ ਹੁੰਦਾ। ਸਮੁੰਦਰ ਦੇ ਇਕ ਲੀਟਰ ਪਾਣੀ ਵਿੱਚ ਤਕਰੀਬਨ 35 ਗ੍ਰਾਮ ਲੂਣੇ ਪਦਾਰਥ ਘੁਲੇ ਹੁੰਦੇ ਹਨ। ਐਨੇ ਲੂਣ ਵਾਲਾ ਪਾਣੀ ਸਾਡੇ ਸਰੀਰ ਲਈ ਨੁਕਸਾਨ ਦੇਹ ਸਾਬਤ ਹੁੰਦਾ ਹੈ।ਇਕ ਇਨਸਾਨ ਦਿਨ ਵਿੱਚ ਘੱਟੋ ਘੱਟ, ਤਿੰਨ ਲੀਟਰ ਪਾਣੀ ਤਾਂ ਜ਼ਰੂਰ ਪੀਂਦਾ ਹੋਵੇਗਾ।ਜਿਹੜਾ ਪਾਣੀ ਅਸੀਂ ਪੀਂਦੇ ਹਾਂ, ਉਸ ਦਾ ਅੱਧਾ ਭਾਗ ਤਾਂ ਮੂਤਰ ਰਾਂਹੀ ਬਾਹਰ ਨਿਕਲ ਜਾਂਦਾ ਹੈ। ਮੂਤਰ ਵਿੱਚ ਵਾਧੂ ਖ਼ਤਰਨਾਕ ਲੂਣ, ਸੋਡੀਅਮ ਬਗੈਰਾ ਸਰੀਰ ਤੋਂ ਬਾਹਰ ਨਿਕਲ ਜਾਂਦੇ ਹਨ। ਸਮੁੰਦਰੀ ਪਾਣੀ ਪੀਣ ਨਾਲ ਹਰ ਰੋਜ਼ 100 ਗ੍ਰਾਮ ਤੱਕ ਲੂਣ ਸਰੀਰ ਵਿੱਚ ਪਹੁੰਚ ਜਾਂਦਾ ਹੈ। ਇਹ ਲੂਣ ਖੂਨ ਵਿੱਚ ਮਿਲ ਕੇ ਭਾਰੀ ਤਬਾਹੀ ਮਚਾਉਂਦਾ ਹੈ। ਸਮੁੰਦਰ ਵਿੱਚ ਰਹਿਣ ਵਾਲੇ ਜੀਵ ਜੰਤੂਆਂ ਨੂੰ ਇਹੀ ਮੁਸ਼ਕਲ ਪੇਸ਼ ਆਉਂਦੀ ਹੈ। ਸਮੁੰਦਰੀ ਚਿੜੀਆਂ ਅਤੇ ਰੀਂਗਣ ਵਾਲੇ ਸੱਪਾਂ ਦੇ ਸਰੀਰ ਵਿੱਚ ਗੁਰਦਿਆਂ ਦੀ ਥਾਂ, ਲੂਣ ਨੂੰ ਬਾਹਰ ਕੱਢਣ ਵਾਲੀ ਇਕ ਗ੍ਰੰਥੀ ਮੌਜੂਦ ਹੁੰਦੀ ਹੈ। ਇਸ ਗ੍ਰੰਥੀ ਨੂੰ ਲੂਣ ਗ੍ਰੰਥੀ ( salt gland) ਕਿਹਾ ਜਾਂਦਾ ਹੈ। ਸਮੁੰਦਰੀ ਜੀਵਾਂ ਜਿਵੇਂ ਮਗਰਮੱਛ, ਕੱਛੂਕੁੰਮੇ ,ਸੱਪ ਅਤੇ ਛਿਪਕਲੀਆਂ ਅੰਦਰ ਇਸ ਗ੍ਰੰਥੀ ਦਾ ਬਾਹਰਲਾ ਹਿੱਸਾ, ਅੱਖ ਦੇ ਇਕ ਕੋਨੇ ਵਿੱਚ ਖੁੱਲ੍ਹਦਾ ਹੈ।ਇਸ ਤਰ੍ਹਾਂ ਇਸ ਗ੍ਰੰਥੀ ਦੀ ਮਦਦ ਨਾਲ ਇਹ ਜੀਵ ਆਪਣੇ ਸਰੀਰ ਵਿਚਲਾ ਵਾਧੂ ਪਾਣੀ, ਭੋਜਨ ਦੇ ਨਾਲ ਪਹੁੰਚੇ ਫਾਲਤੂ ਤਰਲ ਅਤੇ ਲੂਣ ਨੂੰ ਬਾਹਰ ਕੱਢਦੇ ਹਨ। ਇਹੀ ਪਾਣੀ ਮਗਰਮੱਛ ਦੇ ਹੰਝੂ ਅਖਵਾਉਂਦਾ ਹੈ। ਅੱਖ ਦੇ ਕੋਨੇ ਵਿੱਚੋਂ ਨਿਕਲਣ ਕਰਕੇ ਇਸ ਪਾਣੀ ਨੂੰ ਹੰਝੂ ਸਮਝ ਲਿਆ ਜਾਂਦਾ ਹੈ । ਇਸ ਪਾਣੀ ਨੂੰ ਅਸੀਂ ਹੰਝੂ ਨਹੀਂ ਕਹਿ ਸਕਦੇ।

# ਹੈਰਾਨ ਕਰਨ ਵਾਲੇ ਕੁੱਝ ਵਿਗਿਆਨਕ ਤੱਥ

### ਔਰਤਾਂ ਜੈਨਿਟਿਕਲੀ ਮਰਦਾਂ ਨਾਲੋਂ ਕਾਫੀ ਭਿੰਨ ਹੁੰਦੀਆਂ ਹਨ ਜਿਵੇਂ ਕਿ



- ਇਹਨਾਂ ਦੇ ਸਰੀਰ ਚ ਦੁੱਖ ਸਹਿਣ ਵਾਲੇ ਰਿਸੈਪਟਰ ਮਰਦਾਂ ਨਾਲੋਂ ਤਕਰੀਬਨ ਦੁੱਗਣੇ ਹਨ ਪਰ ਉਹਨਾਂ ਚ ਦੁੱਖ/ਦਰਦ ਸਹਿਣ ਦੀ ਤਾਕਤ ਮਰਦਾਂ ਨਾਲੋਂ ਵੱਧ ਹੈ।
- ਇਹਨਾਂ ਦਾ ਦਿਲ ਮਰਦਾਂ ਨਾਲੋਂ ਵੱਧ/ਤੇਜੀ ਨਾਲ ਧੜਕਦਾ ਹੈ।
- ਫੈਟ ਹੌਲੀ ਬਰਨ ਕਰਦੀਆਂ ਹਨ 50 kcal per day.
- ਵੱਧ ਇਮੂਨਟੀ ਹੈ...ਤੇ ਸਕਿਨ 10 ਗੁਣਾ ਵੱਧ ਸੰਵੇਦਨਸ਼ੀਲ ਹੈ...ਵਾਲਾਂ ਦੀ ਮੋਟਾਈ ਦੋਗਕਣਾ ਘੱਟ ਹੈ...ਜੈਨਟਿਕਲੀ ਵੱਧ ਲਚਕੀਲਾਪਨ ਹੈ...ਜੀਭ/ਮੂੰਹ ਚ ਮਿੱਠਾ ਦੱਸਣ ਵਾਲੇ ਰਿਸੈਪਟਰ ਕਾਫੀ ਵੱਧ ਹਨ...
- ਖੁਸ਼ ਰਹਿਣ ਤੋਂ ਬਿਨਾਂ ਮੱਥੇ ਵੱਟ ਪਾਉਣ ਨਾਲ ਅਸੀਂ ਵੱਧ ਕੈਲੋਰੀ ਬਰਨ ਕਰਦੇ ਹਾਂ। (ਪਰ ਖੁਸ਼ ਰਹਿਣਾ ਨਾਂ ਛੱਡ ਦਿਉ)
- ਜਿਨ੍ਹਾਂ ਵੱਧ ਿਥ ਹੈ ਉਨ੍ਹਾਂ ਵੱਧ ਸੁਪਨੇ ਆਉਂਦੇ ਹਨ।
- ਕੱਚ,ਸਟੀਲ ਦੀ ਗੇਂਦ ਆਪਣੇ ਸਮਾਨ ਰੱਬੜ ਦੀ ਗੇਂਦ ਨਾਲੋਂ ਵੱਧ ਉੱਛਲਦੀ ਹੈ ਪਰ ਸਖਤ ਸਤਾਹ ਤੇ ਵਗੈਰ ਟੁੱਟੇ ।
- ਮਾਚਿਸ ਨਾਲੋਂ ਲਾਈਟਰ ਬਹੁਤ ਪਹਿਲਾਂ ਈਜਾਦ ਹੋ ਗਿਆ ਸੀ।
- Canned ਫ਼ੋਦ ਆਉਣ ਤੋਂ 48 ਸਾਲ ਪਿਛੋਂ Can opener ਬਣਿਆ ਸੀ।
- ਵੇਲ ਮੱਛੀ ਜੇਕਰ ਆਵਾਜ਼ ਦੇਣ,ਗਾਉਣ ਵੇਲੇ ਜੋ ਕਹਿਣਾ ਚਾਹੁੰਦੀ ਹੈ ਪਰ ਗਲਤ ਨੋਟ ਲਾ ਦੇਵੇ ਤੇ ਦੂਜੀਆਂ ਵੇਲਾਂ ਨੂੰ ਸਮਝ ਨਾਂ ਲਗੇ ਤਾਂ ਉਹ ਗੁੰਮ ਜਾਂਦੀ ਹੈ ਤੇ ਇਕੱਲੀ ਹੀ ਰਹਿ ਜਾਂਦੀ ਹੈ।
- ਪਾਣੀ ਧਰਤੀ ਤੇ ਗਰਮ ਕਰਨ ਤੇ ਸੈਂਕੜੇ ਬੁਲਬੁਲੇ ਬਣਾਉਂਦਾ ਹੈ ਪਰ ਜੇ ਸਪੇਸ ਚ ਗਰਮ ਕਰੀਏ ਤਾਂ ਇਕੋ ਵੱਡਾ ਬੁਲਬੁਲਾ ਬਣੇਗਾ due to lack of buoyancy and conveciton..
- ਟੈਟਨਸ ਲੋਹੇ ਦੀ ਜੰਗਾਲ ਤੋਂ ਨਹੀਂ ਹੁੰਦੀ ਬਲਕਿ ਬਾਹਰੀ ਵਾਤਾਵਰਨ ਗੰਦਗੀ ਤੋਂ ਹੁੰਦੀ ਹੈ
- ਸਕੂਲ ਬੱਸਾਂ ਦਾ ਰੰਗ ਪੀਲਾ ਇਸ ਲਈ ਹੁੰਦਾ ਹੈ ਕਿਉਂਕਿ ਇਹ ਰੰਗ ਦੂਜੇ ਰੰਗਾਂ ਨਾਲੋਂ 1.24 ਗੁਣਾ ਵੱਧ ਤੇਜੀ ਨਾਲ ਪਛਾਣਿਆ ਜਾਂਦਾ ਹੈ।
- ਸਾਊਦੀ ਅਰਬ ਇਕੋ ਅਜਿਹਾ ਵੱਡਾ ਦੇਸ ਹੈ ਜਿਥੇ ਪਾਣੀ ਦਾ ਕੋਈ ਦਰਿਆ ਨਹੀਂ।
- ਬਿਲਕੁਲ ਸੁੱਧ ਪਾਣੀ ਚੋਂ ਬਿਜਲੀ ਨਹੀਂ ਗੁਜਰਦੀ।
- ਬਹੁਤੇ ਹੀਰੇ ਘੱਟੋ ਘੱਟ ਤਿੰਨ ਅਰਬ ਸਾਲ ਪੁਰਾਣੇ ਹਨ।
- ਪਹਿਲਾ ਵਿਸਵ ਯੁੱਧ ਮਿਤੀ 11.11.1918 ਨੂੰ 11 ਵਜੇ ਖਤਮ ਹੋਇਆ ਸੀ।
- ਇਕ ਡਿਵਾਈਸ ਬਣੀ ਹੈ ਜੋ ਦਿਲ ਦਾ ਸਾਰਾ ਕੰਮ ਕਰਦੀ ਹੈ ਪਰ ਨਵਜ ਨਹੀਂ ਦੱਸ ਸਕਦੀ।
- ਅਸੀਂ ਸਾਰੇ ਜਨਮ ਵੇਲੇ ਦੋ ਹੀ ਡਰ ਲੈਕੇ ਜਨਮੇ ਹਾਂ ,,ਇਕ ਹੇਠਾਂ ਡਿੱਗਣਾ ਤੇ ਦੂਜੇ ਉੱਚੀ ਆਵਾਜ਼ ਤੋਂ। ਬਾਕੀ ਡਰ ਸਮਾਜ ਦੀ ਦੇਣ ਹਨ।
- ਦੋ ਅੱਖਾਂ ਚੋਂ ਹਰ ਅੱਖ ਚ 130 ਮਿਲੀਅਨ ਫੋਟੋਰਿਸੈਪਟਰ ਸੈਲ ਹਨ, ਹਰ ਸੈਲ ਚ 1 ਟਿਰੀਲੀਅਨ ਪਰਮਾਣੂ ਹਨ, ਜੋ ਗਲੈਕਸੀ ਚ ਤਾਰਿਆਂ,ਪਲੈਨਿਟਾਂ ਜਿੰਨੇ ਹਨ ਤੇ ਇਹ ਅਰਬਾਂ ਸਾਲ ਪਹਿਲਾਂ ਦੇ ਬਣੇ ਹੋਏ ਹਨ। Uinverse has ani nteresitng sense ofi rony,i n that you are uinverse expeirencei ni tself. All you arei n a thought,,
- ਹੰਝੂ ਜੋ ਉਦਾਸ ਹੋਣ ਤੇ ਬਣਦੇ ਹਨ ਇਹ ਇਕ ਕੁਦਰਤੀ ਦਰਦ ਨਿਵਾਰਕ Leuicne enkephalon ਹੁੰਦੇ ਹਨ ਤਾਂਹੀਉਂ ਸਾਇਦ ਅਸੀਂ ਰੋ ਕੇ ਹਲਕਾ ਮਹਿਸੂਸ ਕਰਦੇ ਹਾਂ।

## ਰਸਤਾ ਲੱਭੋ



## ਬਿੰਦੂ ਮਿਲਾਓ




## ਦਿਮਾਗੀ ਕਸਰਤ

ਕੀ ਤੁਸੀਂ ਇਸ ਪਜ਼ਲ ਗੇਮ 'ਚੋਂ ਹੇਠਾਂ ਦਿੱਤੇ ਗਏ ਸ਼ਬਦ ਲੱਭ ਸਕਦੇ ਹੋ?

| | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|
| W | H | M | Z | A | L | K | R | S | G | U | B | E | C | H | T | Q | I |
| F | T | U | L | Y | I | J | B | E | P | Q | N | O | P | A | S | D | X |
| S | J | N | I | B | O | R | H | L | V | M | C | S | U | T | L | E | K |
| P | E | D | W | G | X | E | K | J | O | A | Z | R | M | C | Q | F | B |
| R | C | Y | Q | U | S | A | V | N | T | S | I | E | K | H | R | O | L |
| O | L | A | M | B | F | D | T | E | U | P | S | W | G | X | T | J | E |
| U | N | P | H | Y | G | Z | R | L | K | D | H | O | V | C | E | N | R |
| T | B | E | J | D | W | P | Q | I | S | G | X | L | M | F | P | A | U |
| V | M | Z | C | A | I | K | D | H | B | N | U | F | S | E | B | R | T |
| D | K | Y | T | L | X | G | O | R | F | P | E | J | Q | B | W | O | A |
| E | P | G | L | E | B | S | U | A | M | O | C | H | I | C | K | S | N |
| B | N | A | R | F | Y | O | J | T | H | Z | M | T | D | L | I | P | G |
| G | R | K | E | N | R | T | S | N | A | I | L | Q | W | U | S | R | V |
| A | D | O | N | P | H | E | M | B | J | S | T | C | E | S | N | I | F |
| K | W | U | F | I | N | L | T | Q | E | R | M | E | A | Y | O | N | D |
| I | B | S | E | C | K | F | X | T | D | V | J | R | H | P | A | G | Z |
| N | E | D | R | A | G | M | W | K | U | L | G | S | O | R | C | L | E |
| H | Z | M | T | U | L | I | P | V | E | B | A | D | Y | W | F | X | J |

| | | | | |
|---|---|---|---|---|
| BIRDS | CALF | GARDEN | LAMB | SNAIL |
| BLOSSOM | CATERPILLAR | GRASS | NATURE | SPRING |
| BUGS | CHICKS | HATCH | NEST | SPROUT |
| BUNNY | FLOWERS | INSECTS | RABBIT | TULIP |
| BUTTERFLY | FROG | LADYBUG | ROBIN | WORM |



SABZI MANDI SUPERMARKET
Serving our Community since 2003
HAPPY MOTHER'S DAY
HOT PRICE
ROMA TOMATOES
ਰੋਮਾ ਟਮਾਟਰ
1.49 /lb
HOT PRICE
HADEN MANGOES
ਹੇਡਨ ਅੰਬ
Case
16.99 ea
HOT PRICE
#1 YELLOW ONIONS
#1 ਪੀਲੇ ਗੰਢੇ
50lb
18.99 ea
HOT PRICE
JUMBO CAULIFLOWER
ਗੋਭੀ
3.49 ea
PATANJALI SALT
ਪਤੰਜਲੀ ਲੂਣ
1kg
1.49 ea
UNBEATABLE DEAL
HEER MULTIGRAIN ATTA
ਹੀਰ ਮੱਲਟੀਗਰੇਨ ਆਟਾ
10lb
8.99 ea
FRESH CILANTRO
ਧਨੀਆਂ
Bunch
2 for 1.29
WAH BASMATI RICE
ਵਾਹ ਬਾਸਮਤੀ ਚਾਵਲ
8lb
7.99 ea
FRESH GINGER
ਅੱਦਰਕ
1.49 /lb
BROWN SUGAR
ਭੂਰੀ ਖੰਡ
8lb
7.99 ea
AASHIRVAAD ATTA
ਆਸ਼ੀਰਵਾਦ ਆਟਾ
20lb
19.99 ea
ROSHNI GUR
ਰੋਸ਼ਨੀ ਗੁੜ
1kg
3.99 ea
SHUDH MUSTARD OIL
ਸ਼ੁਧ ਸਰੋਂ ਦਾ ਤੇਲ
1L
6.99 ea
US #1 RAPINI
ਸਾਗ
Bunch
2.79 ea
HAPPY DAIRY PANEER
ਹੈਪੀ ਡੈਰੀ ਪਨੀਰ
300g
4.49 ea
VIJ'S PICKLES
ਵਿਜ਼ ਅਚਾਰ
330g, Asst.
1.49 ea
US #1 ALMONDS
ਬਦਾਮ
3.99 /lb
MERI CHAI TEA
ਮੇਰੀ ਚਾਹ
216's
5.99 ea
FRESH ZUCCHINI
ਤੋਰੀ
79¢ /lb
VERKA DESI GHEE
ਵੇਰਕਾ ਦੇਸੀ ਘਿਉ
3kg
41.99 ea
INDIAN ROOH AFZA
ਰੂਹ ਅਫ਼ਜ਼ਾ
750ml
3.99 ea
US #1 POTATOES
ਆਲੂ
10lb
3.99 ea
GREEN PEPPERS
ਹਰੀਆਂ ਸ਼ਿਮਲਾ ਮਿਰਚਾਂ
1.29 /lb
PINK LADY APPLES
ਪਿੰਕ ਲੇਡੀ ਸੇਬ
99¢ /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 10, 2024 - Wed. May 15, 2024
MasterCard VISA Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD STORE: 31831 S. Fraser Way, Abbotsford 604-864-9193
ABBOTSFORD STORE: 2777 Gladwin Road, Abbotsford 604-744-2077
BURNABY: 7565 6th Street, Burnaby 604-553-6603
PITT MEADOWS: 12169 Harris Rd, Pitt Meadows 604-459-8410
RICHMOND- 9371 NO 5 RD, RICHMOND 604-285-2400
NEWTON 64 AVE- 140- 6350 120 ST, SURREY 778-565-1266